Space for Advertisement

13ਵਾਂ ਸਾਲ
ਹਫਤਾਵਾਰੀ
# ਦੇਸ਼ ਦੁਆਬਾ
VOL -13 ISSUE - 24
September 18, 2024
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ   ਸੰਪਰਕ : 916-947-8920   ਫੈਕਸ : 916-238-1393   E-mail : deshdoaba@yahoo.com   ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

# ਨਿਊਯਾਰਕ ਵਿਚ ਸਟ੍ਰੀਟ ਦਾ ਨਾਮ ਸ੍ਰੀ ਗੁਰੂ ਰਵਿਦਾਸ ਮਾਰਗ ਰੱਖਿਆ ਗਿਆ




ਰਿਪੋਰਟ ਅਤੇ ਤਸਵੀਰਾਂ ਦੇਖੋ ਸਫ਼ਾ 5, 6, 7, 8 'ਤੇ)




## ਕੇਜਰੀਵਾਲ ਨੇ ਦਿੱਤਾ ਅਸਤੀਫਾ
# ਆਤਿਸ਼ੀ ਚੁੱਕੇਗੀ ਦਿੱਲੀ ਦੀ ਮੁੱਖ ਮੰਤਰੀ ਵਜੋਂ ਸਹੁੰ



**ਨਵੀਂ ਦਿੱਲੀ (ਬਿਊਰੋ)–** ਕਾਲਕਾਜੀ ਤੋਂ 'ਆਪ' ਵਿਧਾਇਕਾ ਆਤਿਸ਼ੀ (43) ਦਿੱਲੀ ਦੀ ਅਗਲੀ ਮੁੱਖ ਮੰਤਰੀ ਹੋਵੇਗੀ। ਕਾਂਗਰਸ ਦੀ ਸ਼ੀਲਾ ਦੀਕਸ਼ਿਤ ਤੇ ਭਾਜਪਾ ਦੀ ਸੁਸ਼ਮਾ ਸਵਰਾਜ ਮਗਰੋਂ 'ਆਪ' ਆਗੂ ਆਤਿਸ਼ੀ ਦਿੱਲੀ ਦੀ ਤੀਜੀ ਮਹਿਲਾ ਤੇ ਸਭ ਤੋਂ ਛੋਟੀ ਉਮਰ ਦੀ ਮੁੱਖ ਮੰਤਰੀ ਬਣ ਰਹੀ ਹੈ। 'ਆਪ' ਵਿਧਾਇਕ ਦਲ ਦੀ ਬੈਠਕ ਵਿਚ ਆਤਿਸ਼ੀ ਨੂੰ ਪਾਰਟੀ ਦਾ ਨਵਾਂ ਆਗੂ ਚੁਣੇ ਜਾਣ ਮਗਰੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬਾਅਦ ਦੁਪਹਿਰ ਉਪ ਰਾਜਪਾਲ ਵੀਕੇ ਸਕਸੈਨਾ ਨੂੰ ਅਸਤੀਫ਼ਾ ਸੌਂਪ ਦਿੱਤਾ। ਮਗਰੋਂ ਆਤਿਸ਼ੀ ਨੇ ਉਪ ਰਾਜਪਾਲ ਨਾਲ ਮੁਲਾਕਾਤ ਕਰਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਹੈ। ਤਿਹਾੜ ਜੇਲ੍ਹ 'ਚੋਂ ਜ਼ਮਾਨਤ 'ਤੇ ਰਿਹਾਅ ਹੋਏ ਕੇਜਰੀਵਾਲ ਨੇ ਐਤਵਾਰ ਨੂੰ ਦੋ ਦਿਨਾਂ 'ਚ ਮੁੱਖ ਮੰਤਰੀ ਦਾ ਅਹੁਦਾ ਛੱਡਣ ਦਾ ਐਲਾਨ ਕੀਤਾ ਸੀ। ਕੇਜਰੀਵਾਲ ਨੇ ਕਿਹਾ ਸੀ ਕਿ ਉਹ ਲੋਕਾਂ ਤੋਂ 'ਇਮਾਨਦਾਰੀ ਦਾ ਸਰਟੀਫਿਕੇਟ' ਲੈਣ ਤੋਂ ਬਾਅਦ ਹੀ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਣਗੇ। ਉਪ ਰਾਜਪਾਲ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਲਕਾਜੀ ਤੋਂ ਵਿਧਾਇਕ ਆਤਿਸ਼ੀ ਨੇ ਕਿਹਾ, 'ਅਸੀਂ ਨਵੀਂ ਸਰਕਾਰ ਬਣਾਉਣ ਲਈ ਦਾਅਵਾ ਪੇਸ਼ ਕੀਤਾ ਹੈ। ਮੈਂ ਦਿੱਲੀ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਾਂਗੀ।' ਦਿੱਲੀ ਸਰਕਾਰ 'ਚ ਮੰਤਰੀ ਗੋਪਾਲ ਰਾਏ ਨੇ ਕਿਹਾ, 'ਆਤਿਸ਼ੀ ਨੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਹੈ। ਅਸੀਂ ਐੱਲਜੀ ਨੂੰ ਅਪੀਲ ਕੀਤੀ ਹੈ ਕਿ ਉਹ ਹਲਫ਼ਦਾਰੀ ਸਮਾਗਮ ਬਾਰੇ ਫੈਸਲਾ ਕਰਨ ਤਾਂ ਕਿ ਦੋ ਕਰੋੜ ਲੋਕਾਂ ਦੇ ਕੰਮਾਂ ਨੂੰ ਜਾਰੀ ਰੱਖਿਆ ਜਾ ਸਕੇ।' ਮੁੱਖ ਮੰਤਰੀ ਮਨੋਨੀਤ ਆਤਿਸ਼ੀ ਨੇ ਦਾਅਵਾ ਕੀਤਾ ਕਿ ਕੇਜਰੀਵਾਲ ਖ਼ਿਲਾਫ਼ ਝੂਠੇ ਦੋਸ਼ ਲੱਗੇ ਹਨ ਤੇ ਕੇਂਦਰ ਸਰਕਾਰ ਦੀਆਂ ਜਾਂਚ ਏਜੰਸੀਆਂ ਵੱਲੋਂ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਆਤਿਸ਼ੀ ਨੇ ਕਿਹਾ, 'ਕੋਈ ਹੋਰ ਆਗੂ ਹੁੰਦਾ ਤਾਂ ਉਸ ਨੇ ਮੁੱਖ ਮੰਤਰੀ ਦੀ ਕੁਰਸੀ ਆਪਣੇ ਕੋਲ ਰੱਖੀ ਹੁੰਦੀ ਪਰ ਕੇਜਰੀਵਾਲ ਨੇ ਲੋਕਾਂ ਦੀ ਕਚਹਿਰੀ ਵਿਚ ਜਾਣ ਦਾ ਫੈਸਲਾ ਕੀਤਾ। ਉਨ੍ਹਾਂ ਅਸਤੀਫ਼ਾ ਦਿੱਤਾ। ਇਹ ਸਾਡੇ ਸਾਰਿਆਂ ਲਈ ਗ਼ਮਗੀਨ ਪਲ ਹਨ।' ਆਤਿਸ਼ੀ ਨੇ ਕਿਹਾ, ''ਸਾਡਾ ਇੱਕੋ ਇੱਕ ਉਦੇਸ਼ ਅਰਵਿੰਦ ਕੇਜਰੀਵਾਲ ਨੂੰ ਦੁਬਾਰਾ ਮੁੱਖ ਮੰਤਰੀ ਬਣਾਉਣਾ ਹੈ। ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਬੁੱਧਵਾਰ ਨੂੰ ਕਿਹਾ ਕਿ ਅਰਵਿੰਦ ਕੇਜਰੀਵਾਲ ਇਕ ਹਫ਼ਤੇ ਵਿਚ ਸਰਕਾਰੀ ਘਰ ਖਾਲੀ ਕਰ ਦੇਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਜੇ ਸਿੰਘ ਨੇ ਕਿਹਾ ਕਿ ਕੇਜਰੀਵਾਲ ਮੁੱਖ ਮੰਤਰੀ ਨੂੰ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਵੀ ਮੋੜਨਗੇ ਅਤੇ ਲੋਕਾਂ ਵਿਚ ਆਮ ਆਦਮੀ ਵਾਂਗ ਰਹਿਣਗੇ। 'ਆਪ' ਆਗੂ ਨੇ ਕਿਹਾ ਕਿ ਹਾਲੇ ਇਹ ਤੈਅ ਨਹੀਂ ਹੋਇਆ ਹੈ ਕਿ ਕੇਜਰੀਵਾਲ ਕਿੱਥੇ ਰਹਿਣਗੇ।

# 'ਇੱਕ ਦੇਸ਼, ਇੱਕ ਚੋਣ' ਦੇ ਮੁੱਦੇ ਨੂੰ ਸਰਕਾਰ ਨੇ ਅੱਗੇ ਵਧਾਇਆ



**ਨਵੀਂ ਦਿੱਲੀ (ਬਿਊਰੋ)–** ਭਾਰਤ ਵਿੱਚ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਇੱਕੋ ਸਮੇਂ ਕਰਵਾਉਣ ਦਾ ਵਿਚਾਰ ਹੁਣ ਆਸਾਨ ਹੋ ਗਿਆ ਹੈ। ਇੱਕ ਦੇਸ਼, ਇੱਕ ਚੋਣ ਦੇ ਪ੍ਰਸਤਾਵ ਨੂੰ ਅੱਜ ਮੋਦੀ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ। ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਅਗਵਾਈ ਵਾਲੀ ਕਮੇਟੀ ਦੀ ਰਿਪੋਰਟ ਤੋਂ ਬਾਅਦ ਕੈਬਨਿਟ ਵਿੱਚ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ ਹੈ। ਮੋਦੀ ਸਰਕਾਰ ਆਪਣੇ ਪਿਛਲੇ ਕਾਰਜਕਾਲ ਤੋਂ ਵਨ ਨੇਸ਼ਨ ਵਨ ਇਲੈਕਸ਼ਨ ਨੂੰ ਲੈ ਕੇ ਗੰਭੀਰ ਸੀ। ਪੀਐਮ ਮੋਦੀ ਨੇ ਚੋਣ ਜਨ ਸਭਾਵਾਂ 'ਚ ਵੀ ਤੇ ਕਈ ਮੌਕਿਆਂ 'ਤੇ ਵਨ ਨੇਸ਼ਨ ਵਨ ਇਲੈਕਸ਼ਨ ਦੀ ਗੱਲ ਕੀਤੀ ਸੀ । ਹਾਲ ਹੀ ਵਿੱਚ, ਐਨਡੀਏ ਸਰਕਾਰ ਦੇ 100 ਦਿਨ ਪੂਰੇ ਹੋਣ 'ਤੇ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਰਾਸ਼ਟਰ ਇੱਕ ਚੋਣ ਦੇ ਐਨਡੀਏ ਦੇ ਸੰਕਲਪ ਨੂੰ ਦੁਹਰਾਇਆ ਸੀ। ਹੁਣ ਇਸ ਪ੍ਰਸਤਾਵ 'ਤੇ ਬਿੱਲ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ ਪੇਸ਼ ਕੀਤਾ ਜਾਵੇਗਾ। 15 ਅਗਸਤ ਨੂੰ ਸੁਤੰਤਰਤਾ ਦਿਵਸ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲੇ ਤੋਂ ਦਿੱਤੇ ਆਪਣੇ ਭਾਸ਼ਣ 'ਚ ਵਨ ਨੇਸ਼ਨ-ਵਨ ਇਲੈਕਸ਼ਨ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਲਗਾਤਾਰ ਚੋਣਾਂ ਦੇਸ਼ ਦੀ ਤਰੱਕੀ ਵਿੱਚ ਰੁਕਾਵਟ ਬਣ ਰਹੀਆਂ ਹਨ। ਇਕ ਦੇਸ਼, ਇਕ ਚੋਣ ਲਈ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਵਿਚ ਬਣੀ ਕਮੇਟੀ ਨੇ ਇਸ ਸਾਲ 14 ਮਾਰਚ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਆਪਣੀ ਰਿਪੋਰਟ ਸੌਂਪੀ ਸੀ। ਵਨ ਨੇਸ਼ਨ ਵਨ ਇਲੈਕਸ਼ਨ ਦੀ ਇਹ ਰਿਪੋਰਟ 18 ਹਜ਼ਾਰ 626 ਪੰਨਿਆਂ ਦੀ ਹੈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D ™
www.majestichomes.us
ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823


ਊਚ ਨੀਚ ਦੀ ਗੱਲ ਨਾ ਛਿੜੇ ਕਿਧਰੇ , ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ |
ਹੱਕ ਹੋਵੇ ਇੱਕੋ ਜਿਹਾ ਸਾਰਿਆਂ ਦਾ, ਠਾਠਾਂ ਮਾਰਦਾ ਪ੍ਰੇਮ ਪਿਆਰ ਹੋਵੇ |
GHADAR PARTY COLLECTION
INDIA'S MARTYRS
BERKELEY LIBRARY UNIVERSITY OF CALIFORNIA
ਮੇਲਾ
.ਗਦਰੀ ਬਾਬਿਆਂ ਦਾ
5 ਅਕਤੂਬਰ 2024,
ਸ਼ਨੀਵਾਰ
01:00 ਵਜੇ ਤੋਂ ਸ਼ਾਮ 5 ਵਜੇ ਤੱਕ
MELA
GADARI BABBEYAN DA
05 OCTOBER, 2024,
SATURDAY
01:00 P.M. to 05:00 P.M.
Location: ANDEROS KARPEROS SCHOOL, 1666 CAMINO DE FLORES, YUBA CITY, CA, 95993
ਮੇਲਾ .ਗਦਰੀ ਬਾਬਿਆਂ ਦਾ
ਵਲੋਂ
The Gadar Heritage Foundation & Indian Educational And Culture Organization
ਦੀ .ਗਦਰ ਹੈਰੀਟੇਜ ਫਾਊਂਡੇਸ਼ਨ ਅਤੇ ਇੰਡੀਅਨ ਐਜੁਕੇਸ਼ਨਲ ਐਂਡ ਕਲਚਰਲ ਆਰਗੇਨਾਈਜ਼ੇਸ਼ਨ
.ਗਦਰ ਪਾਰਟੀ ਦੇ ਸ਼ਹੀਦਾਂ ਦੀਆਂ ਫੋਟੋਜ਼ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ
ਨਾਟਕ
ਧੰਨ ਲੇਖਾਰੀ ਨਾਨਕਾ
(DHAN LEKHARI NANKA)
ਸਾਹਿਤਕ ਅਤੇ ਇਨਕਲਾਬੀ ਕਿਤਾਬਾਂ ਦਾ ਬੁੱਕ ਸਟਾਲ ਵੀ ਹੋਵੇਗਾ
Guest of Honor
Prof. Manjit Singh
(Social Activist and Scholor)
Writer, Director, Actor
Dr. Sahib Singh
Stage Secretory
Asha Sharma
ਸਮੂਹ ਭਾਰਤੀ ਅਤੇ ਭਰਾਤਰੀ ਭਾਈਚਾਰੇ ਨੂੰ ਪਹੁੰਚਣ ਦਾ ਖੁੱਲਾ ਸੱਦਾ ਹੈ
All Are Invited To Attend The Program
Free Entry, Free Parking
ਗਿੱਧਾ, ਭੰਗੜਾ, ਗੀਤ, ਸੰਗੀਤ ਅਤੇ ਚਾਹ ਪਾਣੀ ਦਾ ਲੰਗਰ ਹੋਵੇਗਾ
ਹੋਰ ਜਾਣਕਾਰੀ ਲਈ ਤੁਸੀਂ ਥੱਲੇ ਦਿੱਤੇ ਨੰਬਰਾਂ 'ਤੇ ਗੱਲ ਕਰ ਸਕਦੇ ਹੋ
Makhan Basi (530) 415-1680, Tarlok Johal (209) 595-8767, Kulwant Singh (916) 584-2827
Amrik (925) 787-3890, Raghbir Sandhu (279) 977-2466, Baldev Raj (916) 330-8632

# ਡੈਮੋਕਰੈਟਿਕ ਉਮੀਦਵਾਰ ਹੈਰਿਸ ਪ੍ਰਮੁੱਖ ਰਾਜ ਪੈਨਸਿਲਵਾਨੀਆ ਤੇ ਦੋ ਅਹਿਮ ਕਾਊਂਟੀਆਂ ਵਿਚ ਟਰੰਪ ਨਾਲੋਂ ਅੱਗੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪ੍ਰਮੁੱਖ ਰਾਜ ਪੈਨਸਿਲਵਾਨੀਆ ਤੇ ਰਾਜ ਦੀਆਂ ਦੋ ਅਹਿਮ ਕਾਊਂਟੀਆਂ ਵਿਚ ਕੀਤੇ ਸਰਵੇ ਵਿੱਚ ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਰਿਪਬਲੀਕਨ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਲੋਂ ਅੱਗੇ ਹੈ ਹਾਲਾਂ ਕਿ ਇਹ ਫਰਕ ਜਿਆਦਾ ਨਹੀਂ ਹੈ। ਇਹ ਸਰਵੇ ਪਿਛਲੇ ਹਫਤੇ ਦੋਨਾਂ ਉਮੀਦਵਾਰਾਂ ਵਿਚਾਲੇ ਹੋਈ ਬਹਿਸ ਤੋਂ ਬਾਅਦ ਯੂ ਐਸ ਏ ਟੂਡੇਅ ਤੇ ਸੁਫੋਲਕ ਯੁਨੀਵਰਸਿਟੀ ਦੁਆਰਾ ਕੀਤਾ ਗਿਆ ਹੈ। ਪਿਛਲੇ ਹਫਤੇ ਬੁੱਧ-ਵਾਰ ਤੋਂ ਐਤਵਾਰ ਤੱਕ ਪੈਨਸਿਲਵਾਨੀਆ ਵਿਚ ਕੀਤੇ ਸਰਵੇ ਜਿਸ ਵਿਚ 500 ਸੰਭਾਵੀ ਵੋਟਰਾਂ ਨੂੰ ਸ਼ਾਮਿਲ ਕੀਤਾ ਗਿਆ, ਅਨੁਸਾਰ ਕਮਲਾ ਹੈਰਿਸ ਦਾ 49 % ਵੋਟਰਾਂ ਨੇ ਸਮਰਥਨ ਕੀਤਾ ਹੈ ਜਦ ਕਿ 46% ਵੋਟਰ ਡੋਨਾਲਡ ਟਰੰਪ ਦੇ ਹੱਕ ਵਿਚ ਹਨ। ਸਰਵੇ ਵਿਚ 4.4% ਤੱਕ ਗਲਤੀ ਦੀ ਸੰਭਾਵਨਾ ਰਖੀ ਗਈ ਹੈ। ਪੈਨਸਿਲਵਾਨੀਆ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਅਹਿਮ ਰਾਜ ਮੰਨਿਆ ਜਾ ਰਿਹਾ ਹੈ ਤੇ 270 ਇਲੈਕਟੋਰਲ ਵੋਟਾਂ ਲੈਣ ਲਈ ਪੈਨਸਿਲਵਾਨੀਆ ਦੇ 19 ਇਲੈਕਟੋਰਲ ਵੋਟਾਂ ਦੀ ਵੱਡੀ ਮਹੱਤਤਾ ਹੈ। ਬਦਲਾਅ ਲਿਆਉਣ ਵਾਲੇ ਚੋਟੀ ਦੇ 7 ਰਾਜਾਂ ਵਿਚ ਪੈਨਸਿਲਵਾਨੀਆ ਸਭ ਤੋਂ ਉਪਰ ਹੈ। ਸਰਵੇ ਵਿਚ ਸਪੱਸ਼ਟ ਹੋਇਆ ਹੈ ਕਿ 56% ਔਰਤਾਂ ਕਮਲਾ ਹੈਰਿਸ ਦੇ ਹੱਕ ਵਿਚ ਹਨ ਜਦ ਕਿ 39% ਟਰੰਪ ਨੂੰ ਪਸੰਦ ਕਰਦੀਆਂ ਹਨ।

ਬਿਲਕੁਲ ਇਸ ਦੇ ਉਲਟ 53% ਮਰਦ ਵੋਟਰ ਟਰੰਪ ਦੇ ਹੱਕ ਵਿਚ ਹਨ ਤੇ 41% ਹੈਰਿਸ ਨੂੰ ਪਸੰਦ ਕਰਦੇ ਹਨ। ਹੈਰਿਸ ਨੂੰ ਨਿੱਜੀ ਲੋਕਪ੍ਰਿਯਤਾ ਦਾ ਫਾਇਦਾ ਵੀ ਮਿਲ ਰਿਹਾ ਹੈ। ਪਿਛਲੇ ਹਫਤੇ 90 ਮਿੰਟ ਹੋਈ ਬਹਿਸ ਦੌਰਾਨ ਟਰੰਪ ਆਪਣਾ ਬਚਾਅ ਕਰਦੇ ਹੋਏ ਨਜਰ ਆਏ। ਬਹੁਤ ਸਾਰੇ ਰਿਪਬਲੀਕਨ ਆਗੂ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਬਹਿਸ ਵਿਚ ਉੱਪ ਰਾਸ਼ਟਰਪਤੀ ਨੇ ਸਾਬਕਾ ਰਾਸ਼ਟਰਪਤੀ ਨਾਲੋਂ ਬੇਹਤਰ ਕਾਰਗੁਜ਼ਾਰੀ ਵਿਖਾਈ ਹੈ। ਪਿਛਲੇ ਹਫਤੇ ਹੀ ਟਰੰਪ ਨੇ ਕਿਹਾ ਸੀ ਕਿ ਉਹ ਹੈਰਿਸ ਨਾਲ ਹੋਰ ਬਹਿਸ ਵਿਚ ਹਿੱਸਾ ਨਹੀਂ ਲੈਣਗੇ। ਇਥੇ ਜਿਕਰਯੋਗ ਹੈ ਕਿ 2020 ਦੀਆਂ ਚੋਣਾਂ ਵਿਚ ਬਾਈਡਨ ਨੇ ਪੈਨਸਿਲਵਾਨੀਆ 1.2% ਵੋਟਾਂ ਦੇ ਫਰਕ ਨਾਲ ਜਿੱਤਿਆ ਸੀ ਜਦ ਕਿ 2016 ਵਿਚ ਪੈਨਸਿਲਵਾਨੀਆ ਵਿੱਚ ਟਰੰਪ ਨੇ ਹਿਲੇਰੀ ਕਲਿੰਟਨ ਵਿਰੁੱਧ 1% ਤੋਂ ਘੱਟ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਸੀ। ਸਰਵੇ ਵਿਚ ਹੈਰਿਸ ਏਰੀ ਤੇ ਨਾਰਥੰਪਟਨ ਕਾਊਂਟੀਆਂ ਵਿਚ ਵੀ ਟਰੰਪ ਨਾਲੋਂ ਅੱਗੇ ਹੈ ਜੋ ਕਾਊਂਟੀਆਂ ਤੈਅ ਕਰਦੀਆਂ ਹਨ ਕਿ ਰਾਜ ਵਿਚ ਕੌਣ ਜਿੱਤ ਰਿਹਾ ਹੈ।



# ਸੈਕਰਾਮੈਂਟੋ 'ਚ ਪਹਿਲੀ ਵਾਰ ਕਰਵਾਏ ਗਏ ਵਾਲੀਬਾਲ ਟੂਰਨਾਮੈਂਟ 'ਚ ਚੜਦੀ ਕਲਾ ਟੀ ਐਮ ਸੀ ਜੇਤੂ ਰਿਹਾ

**ਸੈਕਰਾਮੈਂਟੋ, ਕੈਲੀਫੋਰ-ਨੀਆ (ਹੁਸਨ ਲੜੋਆ ਬੰਗਾ)–** ਲਾਇਨਜ ਸਪੋਰਟਸ ਕਲੱਬ ਸੈਕਰਾਮੈਂਟੋ ਵਲੋਂ ਕਰਵਾਏ ਗਏ ਪਹਿਲੇ ਵਾਲੀਬਾਲ ਟੂਰਨਾਮੈਂਟ ਵਿਚੱ ਸਿਰਕੱਢ ਟੀਮਾਂ ਨੇ ਸਮੂਲੀਅਤ ਕੀਤੀ, ਇਸ ਟੂਰਨਾਂਮੈਂਟ ਦਾ ਅਯੋਜਿਨ ਐਲਕ ਗਰੋਵ ਦੇ ਵੈਕਫੋਰਡ ਕਮਿਊਨਿਟੀ ਕੰਪਲੈਕਸ ਵਿੱਚ ਕੀਤਾ ਗਿਆ। ਇਸ ਦੌਰਾਨ ਚੜਦੀ ਕਲਾ, ਟੀ ਐਮ ਸੀ ਟੀਮ ਜੇਤੂ ਰਹੀ ਤੇ ਸੈਂਟਾ ਕਲੇਰਾ ਟੀਮ ਨੂੰ ਦੂਜੇ ਥਾਂ ਸਬਰ ਕਰਨਾ ਪਿਆ। ਪਹਿਲੇ ਥਾਂ ਰਹੀ ਚੜਦੀ ਕਲਾ, ਟੀ ਐਮ ਸੀ ਟੀਮ ਨੂੰ 25 ਸੌ ਡਾਲਰ ਨਗਦ ਇਨਾਮ ਤੇ ਵੱਡੀ ਟਰਾਫੀ ਨਾਲ ਸਨਮਾਨ ਕੀਤਾ ਗਿਆ ਤੇ ਦੂਜੇ ਥਾਂ ਆਈ ਟੀਮ ਨੂੰ 15 ਸੌ ਡਾਲਰ ਨਗਦ ਇਨਾਮ ਤੇ ਟਰਾਫੀ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਮੁਖ ਪ੍ਰਬੰਧਕਾਂ ਚ ਸੁੱਖੀ ਸੇਖੋਂ, ਸੈਮ ਦੁਸਾਂਝ, ਹਰਕੰਵਲ ਬਰਿਆੜ, ਇੰਦਰਜੀਤ ਖੰਗੂੜਾ, ਭੁਪਿੰਦਰ ਦੁਸਾਂਝ ਤੇ ਗੁਰਨੇਕ ਦੁਸਾਂਝ ਨੇ ਮੁਖ ਪਤਵੰਤਿਆਂ ਦਾ ਵੀ ਪਲੈਕਾਂ ਦੇ ਕੇ ਸਨਮਾਨ ਕੀਤਾ। ਇਸ ਮੌਕੇ ਚੜਦੀ ਕਲਾ ਟੀਮ ਦੇ ਬੈਸਟ ਸਮੈਸਰ ਰੰਮੀ ਨੂੰ ਤੇ ਬੈਸਟ ਲੈਫਟਰ ਬੌਬੀ ਨੂੰ ਚੁਣਿਆ ਗਿਆ। ਇਸ ਪਹਿਲੇ ਟੂਰਨਾਮੈਂਟ ਦੀ ਖਾਸੀਅਤ ਇਹ ਰਹੀ ਕਿ ਕਿਸੇ ਬਿਜਨਸਮੈਨ ਜਾਂ ਕਿਸੇ ਧਨਾਢ ਕੋਲੋਂ ਇਹ ਟੂਰਨਾਂਮੈਂਟ ਸਪੌਂਸਰ ਨਹੀਂ ਕਰਵਾਇਆ ਗਿਆ।






# ਪੈਨਸਿਲਵਾਨੀਆ ਵਿਚ ਚਾਕੂ ਤੇ ਕੁਹਾੜੀ ਨਾਲ ਪੁਲਿਸ 'ਤੇ ਹਮਲਾ ਕਰਨ ਦੀ ਕੋਸ਼ਿਸ਼, ਪੁਲਿਸ ਅਫਸਰ ਨੇ ਮਾਰੀ ਗੋਲੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੈਨਸਿਲਵਾਨੀਆ ਵਿਚ ਇਕ ਘਰ ਦੇ ਤੈਅਖਾਨੇ ਵਿਚ ਲੁਕੇ ਵਿਅਕਤੀ ਵੱਲੋਂ ਚਾਕੂ ਤੇ ਕੁਹਾੜੀ ਨਾਲ ਪੁਲਿਸ ਨੂੰ ਡਰਾਉਣ ਦੀ ਕੋਸ਼ਿਸ਼ ਦੌਰਾਨ ਇਕ ਪੁਲਿਸ ਅਫਸਰ ਵੱਲੋਂ ਚਲਾਈ ਗੋਲੀ ਨਾਲ ਉਸ ਵਿਅਕਤੀ ਦੀ ਮੌਤ ਹੋ ਜਾਣ ਦੀ ਖਬਰ ਹੈ। ਮੋਂਟਗੋਮਰੀ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਸਥਾਨਕ ਸਮੇ ਅਨੁਸਾਰ ਰਾਤ 8 ਵਜੇ ਬਾਅਦ ਈਸਟ ਗਰੀਨਵਿਲੇ ਪੁਲਿਸ ਨੂੰ ਇਕ ਲੜਕੇ ਵੱਲੋਂ ਆਪਣੇ ਉਪਰ ਹਮਲਾ ਹੋਣ ਦੀ ਸੂਚਨਾ ਦੇਣ 'ਤੇ ਪੁਲਿਸ ਜਦੋਂ ਮੌਕੇ 'ਤੇ ਪੁੱਜੀ ਤਾਂ ਇਕ 55 ਸਾਲਾ ਵਿਅਕਤੀ ਘਰ ਦੇ ਤੈਅਖਾਨੇ ਵਿਚ ਲੁਕਿਆ ਬੈਠਾ ਸੀ।

ਵਾਰ ਵਾਰ ਕਹਿਣ 'ਤੇ ਜਦੋਂ ਉਹ ਬਾਹਰ ਨਾ ਆਇਆ ਤਾਂ ਪੁਲਿਸ ਨੇ ਰਾਤ 11.30 ਵਜੇ ਤੈਅਖਾਨੇ ਦਾ ਦਰਵਾਜ਼ਾ ਤੋੜ ਦਿੱਤਾ ਤੇ ਵੇਖਿਆ ਕਿ ਉਸ ਵਿਅਕਤੀ ਦੇ ਹੱਥ ਵਿਚ ਇਕ ਚਾਕੂ ਤੇ ਕੁਹਾੜੀ ਹੈ।

ਉਸ ਨੇ ਪੁਲਿਸ ਅਫਸਰਾਂ ਨੂੰ ਡਰਾਇਆ ਤੇ ਹੱਥ ਵਿਚ ਫੜੇ ਹਥਿਆਰ ਹੇਠਾਂ ਸੁੱਟਣ ਤੋਂ ਨਾਂਹ ਕਰ ਦਿੱਤੀ। ਇਕ ਪੁਲਿਸ ਅਫਸਰ ਨੇ ਟੇਜ਼ਰ ਨਾਲ ਸ਼ੱਕੀ ਵਿਅਕਤੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਰਿਹਾ। ਉਪਰੰਤ ਇਕ ਪੁਲਿਸ ਅਫਸਰ ਨੇ ਉਸ ਉਪਰ ਗੋਲੀ ਚਲਾ ਦਿੱਤੀ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਮ੍ਰਿਤਕ ਤੇ ਉਸ ਉਪਰ ਗੋਲੀ ਚਲਾਉਣ ਵਾਲੇ ਪੁਲਿਸ ਅਫਸਰ ਦਾ ਨਾਂ ਜਨਤਿਕ ਨਹੀਂ ਕੀਤਾ ਹੈ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh





Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਡੋਨਾਲਡ ਟਰੰਪ ਦੀ ਜਾਨ ਲੈਣ ਦੀ ਅਸਫਲ ਕੋਸ਼ਿਸ਼, ਫਲੋਰਿਡਾ ਵਿਚਲੇ ਗੋਲਫ਼ ਮੈਦਾਨ ਨੇੜੇ ਚੱਲੀਆਂ ਗੋਲੀਆਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲੀਕਨ ਉ-ਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਾਮ ਬੀਚ ਫਲੋਰਿਡਾ ਵਿਚਲੇ ਗੋਲਫ਼ ਮੈਦਾਨ ਨੇੜੇ ਗੋਲੀਆਂ ਚੱਲਣ ਦੀ ਖਬਰ ਹੈ। ਟਰੰਪ ਦੇ ਚੋਣ ਮੁਹਿੰਮ ਪ੍ਰਬੰਧਕਾਂ ਤੇ ਯੂ ਐਸ ਸੀਕਰਟ ਸਰਵਿਸ ਨੇ ਇਹ ਜਾਣਕਾਰੀ ਦਿੱਤੀ ਹੈ। ਉਨਾਂ ਕਿਹਾ ਹੈ ਕਿ ਲੱਗਦਾ ਹੈ ਕਿ ਇਹ ਗੋਲੀਆਂ ਸਾਬਕਾ ਰਾਸ਼ਟਰਪਤੀ ਦੀ ਜਾਨ ਲੈਣ ਦੇ ਇਰਾਦੇ ਨਾਲ ਚਲਾਈਆਂ ਗਈਆਂ ਹਨ। ਪਿਛਲੇ 2 ਮਹੀਨਿਆਂ ਦੌਰਾਨ ਟਰੰਪ ਦੀ ਜਾਨ ਲੈਣ ਦੀ ਇਹ ਦੂਸਰੀ ਕੋਸ਼ਿਸ਼ ਹੈ।




ਐਫ ਬੀ ਆਈ ਅਨੁਸਾਰ ਸੀਕਰਟ ਸਰਵਿਸ ਅਫਸਰਾਂ ਨੇ ਗੋਲਫ਼ ਮੈਦਾਨ ਤੋਂ ਤਕਰੀਬਨ 400 ਗਜ ਦੂਰ ਇਕ ਸ਼ੱਕੀ ਵਿਅਕਤੀ ਵੇਖਿਆ ਜਿਸ ਉਪਰ ਉਨਾਂ ਗੋਲੀਆਂ ਚਲਾਈਆਂ। ਸ਼ੱਕੀ ਆਪਣੀ ਗੱਡੀ ਵਿਚ ਫਰਾਰ ਹੋ ਗਿਆ ਪਰੰਤੂ ਉਹ ਇਕ ਰਾਈਫਲ, ਇਕ ਗੋਪ੍ਰੋ ਕੈਮਰਾ ਤੇ ਕੁਝ ਹੋਰ ਸਮਾਨ ਘਟਨਾ ਸਥਾਨ 'ਤੇ ਹੀ ਛੱਡ ਗਿਆ। ਬਾਅਦ ਵਿਚ ਸ਼ੱਕੀ ਨੂੰ ਨਾਲ ਲੱਗਦੀ ਕਾਊਂਟੀ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ। ਐਫ ਬੀ ਆਈ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਇਹ ਘਟਨਾ ਟਰੰਪ ਦੇ ਇੰਟਰਨੈਸ਼ਨਲ ਗੋਲਫ ਕੋਰਸ ਵਿਖੇ ਦੁਪਹਿਰ ਬਾਅਦ 2 ਵਜੇ ਤੋਂ ਪਹਿਲਾਂ ਵਾਪਰੀ ਜਦੋਂ ਸਾਬਕਾ ਰਾਸ਼ਟਰਪਤੀ ਗੋਲਫ ਖੇਡ ਰਹੇ ਸਨ। ਪਾਮ ਬੀਚ ਕਾਊਂਟੀ ਸ਼ੈਰਿਫ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਕ ਚਸ਼ਮਦੀਦ ਗਵਾਹ ਨੇ ਇਕ ਵਿਅਕਤੀ ਨੂੰ ਗੋਲਫ ਮੈਦਾਨ ਦੀਆਂ ਝਾੜੀਆਂ ਵਿਚੋਂ ਨਿਕਲਦਿਆਂ ਵੇਖਿਆ ਜਿਸ ਤੋਂ ਸੰਦੇਹ ਪੈਦਾ ਹੋਇਆ। ਰਾਸ਼ਟਰਪਤੀ ਜੋ ਬਾਈਡਨ ਨੇ ਸਾਬਕਾ ਰਾਸ਼ਟਰਪਤੀ ਦੇ ਗੋਲਫ ਮੈਦਾਨ ਨੇੜੇ ਗੋਲੀਆਂ ਚੱਲਣ ਦੀ ਘਟਨਾ ਤੋਂ ਬਾਅਦ ਕਿਹਾ ਕਿ ਅਮਰੀਕਾ ਵਿਚ ਰਾਜਸੀ ਹਿੰਸਾ ਲਈ ਕੋਈ ਥਾਂ ਨਹੀਂ ਹੈ। ਬਾਈਡਨ ਨੇ ਇਕ ਲਿਖਤੀ ਬਿਆਨ ਵਿਚ ਕਿਹਾ ਕਿ ਉਸ ਨੂੰ ਉਸ ਦੀ ਟੀਮ ਨੇ ਜਾਣਕਾਰੀ ਦਿੱਤੀ ਹੈ ਕਿ ਸੰਘੀ ਲਾਅ




ਇਨਫੋਰਸਮੈਂਟ ਅਧਿਕਾਰੀ ਘਟਨਾ ਦੀ ਜਾਂਚ ਸਾਬਕਾ ਰਾਸ਼ਟਰਪਤੀ ਦੀ ਜਾਨ ਲੈਣ ਦੀ ਸੰਭਾਵੀ ਕੋਸ਼ਿਸ਼ ਦੇ ਨਜ਼ਰੀਏ ਤੋਂ ਕਰ ਰਹੇ ਹਨ। ਬਾਈਡਨ ਨੇ ਕਿਹਾ ਕਿ "ਮੈ ਰਾਹਤ ਮਹਿਸੂਸ ਕਰ ਰਿਹਾ ਹਾਂ ਕਿ ਸਾਬਕਾ ਰਾਸ਼ਟਰਪਤੀ ਸੁਰੱਖਿਅਤ ਹਨ। ਘਟਨਾ ਦੀ ਤੇਜੀ ਨਾਲ ਜਾਂਚ ਹੋ ਰਹੀ ਹੈ ਤੇ ਅਧਿਕਾਰੀ ਅਸਲ ਵਿਚ ਕੀ ਵਾਪਰਿਆਂ ਹੈ, ਸਬੰਧੀ ਹੋਰ ਵੇਰਵੇ ਇਕੱਠੇ ਕਰ ਰਹੇ ਹਨ।" ਇਸੇ ਦੌਰਾਨ ਫਲੋਰਿਡਾ ਦੇ ਗਵਰਨਰ ਰੋਨ ਡੀਸੈਂਟਿਸ ਨੇ ਕਿਹਾ ਹੈ ਕਿ ਇਸ ਘਟਨਾ ਦੀ ਰਾਜ ਆਪਣੀ ਪੱਧਰ 'ਤੇ ਜਾਂਚ ਕਰੇਗਾ ਜਿਸ ਘਟਨਾ ਨੂੰ ਅਧਿਕਾਰੀ ਸਾਬਕਾ ਰਾਸ਼ਟਰਪਤੀ ਟਰੰਪ ਦੀ ਜਾਨ ਲੈਣ ਦੀ ਸਪੱਸ਼ਟ ਕੋਸ਼ਿਸ਼ ਦਸ ਰਹੇ ਹਨ। ਗਵਰਨਰ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਹੈ ਕਿ ਲੋਕ ਸੱਚ ਜਾਣਨਾ ਚਹੁੰਦੇ ਹਨ ਕਿ ਇਕ ਵਿਅਕਤੀ ਕਿਸ ਤਰਾਂ ਸਾਬਕਾ ਰਾਸ਼ਟਰਪਤੀ ਤੇ ਮੌਜੂਦਾ ਉਮੀਦਵਾਰ ਦੇ ਨੇੜੇ 500 ਗਜ ਦੇ ਘੇਰੇ ਅੰਦਰ ਪੁੱਜਣ ਵਿਚ ਸਫਲ ਹੋਇਆ।

# ਅਮਰੀਕਾ ਵਿਚ ਇਸਰਾਈਲ ਪਖੀ ਰੈਲੀ ਦੌਰਾਨ ਚੱਲੀ ਗੋਲੀ, ਇਕ ਜ਼ਖਮੀ ਤੇ ਇਕ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮਾਸਾਚੂਸੈਟਸ ਰਾਜ ਵਿਚ ਨਿਊਟੋਨ ਵਿਖੇ ਇਕ ਇਸਰਾਈਲ ਪਖੀ ਰੈਲੀ ਦੌਰਾਨ ਗੋਲੀ ਚੱਲ ਜਾਣ ਦੀ ਖਬਰ ਹੈ ਜਿਸ ਵਿਚ ਇਕ ਵਿਅਕਤੀ ਜ਼ਖਮੀ ਹੋ ਗਿਆ ਹੈ। ਇਸ ਮਾਮਲੇ ਵਿਚ ਇਕ ਪ੍ਰਦਰਸ਼ਨਕਾਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਿਡਲਸੈਕਸ ਡਿਸਟ੍ਰਿਕਟ ਅਟਾਰਨੀ ਮਾਰੀਅਨ ਰੀਆਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਰੈਲੀ ਵਿਚ ਝਗੜਾ ਉਸ ਸਮੇ ਸ਼ੁਰੂ ਹੋਇਆ ਜਦੋਂ ਪ੍ਰਦਰਸ਼ਨਕਾਰੀਆਂ ਉਪਰ ਇਕ ਵਿਅਕਤੀ ਨੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਰੈਲੀ ਵਿਚ ਸ਼ਾਮਿਲ ਲੋਕਾਂ ਨੇ ਵੀ ਟਿੱਪਣੀਆਂ ਦਾ ਮੋੜਵਾਂ ਜਵਾਬ ਦਿੱਤਾ। ਉਸ ਵਿਅਕਤੀ ਨੇ ਸੜਕ ਪਾਰ ਕਰਕੇ ਰੈਲੀ ਵਿਚ ਸ਼ਾਮਿਲ ਇਕ ਪ੍ਰਦਰਸ਼ਨਕਾਰੀ 'ਤੇ ਹਮਲਾ ਕਰ ਦਿੱਤਾ। ਹੱਥੋਪਾਈ ਦੌਰਾਨ ਰੈਲੀ ਵਿਚ ਸ਼ਾਮਿਲ ਇਕ ਪ੍ਰਦਰਸ਼ਨਕਾਰੀ ਨੇ ਉਸ ਵਿਅਕਤੀ ਉਪਰ ਗੋਲੀ ਚਲਾ ਦਿੱਤੀ ਜਿਸ ਨਾਲ ਉਹ ਜ਼ਖਮੀ ਹੋ ਗਿਆ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਜ਼ਖਮੀ ਹੋਏ ਵਿਅਕਤੀ ਦੀ ਉਮਰ 31 ਸਾਲ ਹੈ



ਤੇ ਉਸ ਨੂੰ ਇਲਾਜ਼ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਸਥਿੱਰ ਹੈ। ਜਾਂਚਕਾਰਾਂ ਅਨੁਸਾਰ ਗੋਲੀ ਚਲਾਉਣ ਵਾਲੇ ਪ੍ਰਦਰਸ਼ਨਕਾਰੀ ਦੀ ਪਛਾਣ ਸਕਾਟ ਹੇਅਜ (41) ਵਜੋਂ ਹੋਈ ਹੈ ਜੋ ਫਰਾਮਿੰਘਮ ਦਾ ਰਹਿਣਾ ਵਾਲਾ ਹੈ। ਪ੍ਰਾਸੀਕਿਊਟਰ ਦੇ ਦਫਤਰ ਅਨੁਸਾਰ ਹੇਅਜ ਨੇ ਆਪਣੀ ਗੰਨ ਤੋਂ ਗੋਲੀ ਚਲਾਈ ਹੈ ਜਿਸ ਗੰਨ ਦਾ ਉਹ ਕਾਨੂੰਨੀ ਤੌਰ 'ਤੇ ਮਾਲਕ ਹੈ। ਹੇਅਜ ਨੂੰ ਗਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਖਤਰਨਾਕ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਉਸ ਦਾ ਗੰਨ ਲਾਇਸੰਸ ਵੀ ਮੁਲਤਵੀ ਕਰ ਦਿੱਤਾ ਗਿਆ ਹੈ। ਉਸ ਨੇ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੈ ਕਿ ਉਹ ਦੋਸ਼ੀ ਨਹੀਂ ਹੈ। ਨਿਊਟੋਨ ਪੁਲਿਸ ਮੁੱਖੀ ਜਾਰਜ ਮੈਕਮੇਨਸ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਉਹ ਘਟਨਾ ਸਬੰਧੀ ਵੀਡੀਓ ਜਾਂ ਹੋਰ ਜਾਣਕਾਰੀ ਦੇਣ ਤਾਂ ਜੋ ਜਾਂਚਕਾਰ ਗੋਲੀ ਚੱਲਣ ਦੇ ਅਸਲ ਕਾਰਨ ਦਾ ਪਤਾ ਲਾ ਸਕਣ। ਮੇਅਰ ਰੂਥਾਨੇ ਫੂਲਰ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਉਹ ਸ਼ਾਂਤੀ ਬਣਾਈ ਰਖਣ।




# ਨਿਊਯਾਰਕ ਵਿਚ ਸਟ੍ਰੀਟ ਦਾ ਨਾਮ ਸ੍ਰੀ ਗੁਰੂ ਰਵਿਦਾਸ ਮਾਰਗ ਰੱਖਿਆ ਗਿਆ















**ਨਿਊਯਾਰਕ (ਬਲਵਿੰਦਰ ਭੌਰਾ)–** ਨਿਊਯਾਰਕ ਸਿਟੀ ਦੇ ਕੌਂਸਲ ਮੈਂਬਰ ਸ਼ੇਖਰ ਕ੍ਰਿਸ਼ਨਨ ਨੇ ਜਾਣਕਾਰੀ ਦਿੱਤਾ ਹੈ ਕਿ ਨਿਊਯਾਰਕ ਵਿਚ ਇਕ ਸਟ੍ਰੀਟ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਾਰਗ ਰੱਖਿਆ ਗਿਆ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸਟ੍ਰੀਟ ਦਾ ਨਾਂ ਗੁਰੂਆਂ ਦੇ ਨਾਂ ’ਤੇ ਰੱਖਿਆ ਗਿਆ ਹੈ। ਉਹਨਾਂ ਭਾਈਚਾਰੇ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਕੋਈ ਵੀ ਤੁਹਾਡਾ ਕੰਮ ਹੈ, ਅਸੀਂ ਤੁਹਾਡੀ ਮਦਦ ਕਰਨ ਲਈ ਵਚਨਬੱਧ ਹਾਂ।

ਇਸ ਮੌਕੇ ਸਟੇਟ ਸੈਨੇਟਰ ਮਾਈਕਲ ਜਾਇਨਰਸ, ਸਟੇਟ ਅਸੈਂਬਲੀ ਮੈਂਬਰ ਸਟੀਵ ਰਾਗਾ, ਨਿਊਯਾਰਕ ਸਿਟੀ ਮੇਅਰ ਦੇ ਆਫਿਸ ਤੋਂ ਸੇਇੰਗ ਸੈਮ ਉਚੇਚੇ ਤੌਰ ’ਤੇ ਪਹੁੰਚੇ। ਭਾਰਤੀ ਦੂਤਘਰ ਨਿਊਯਾਰਕ ਤੋਂ ਪ੍ਰਗਿਆ ਸਿੰਘ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਨਾਲ ਹਾਜ਼ਰੀ ਲਗਵਾਈ ਅਤੇ ਉਹਨਾਂ ਕਿਹਾ ਕਿ ਪਾਸਪੋਰਟ ਸਬੰਧੀ ਕੋਈ ਵੀ ਮੁਸ਼ਕਿਲ ਹੋਵੇ ਤਾਂ ਉਹ ਹੱਲ ਕਰਨ ਲਈ ਵਚਨਬੱਧ ਹਨ।

ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਬੇਧੜਕ ਸੰਤ ਸ੍ਰੀ ਕ੍ਰਿਸ਼ਨ ਨਾਥ ਚਹੇੜੂ ਵਾਲੇ ਵੀ ਰਸਮ ਦਾ ਹਿੱਸਾ ਬਣੇ। ਇਸ ਮੌਕੇ ਸੰਤਾਂ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਮੇਰੇ ਲਈ ਬਹੁਤ ਹੀ ਅਹਿਮ ਦਿਨ ਹੈ ਜੋ ਅੱਜ ਇਸ ਇਤਿਹਾਸਕ ਸਟ੍ਰੀਟ ਦਾ ਨਾਂ ਗੁਰਾਂ ਦੇ ਨਾਲ ਰੱਖਣ ਮੌਕੇ ਮੈਨੂੰ ਇੱਥੇ ਸ਼ਾਮਲ ਹੋਣ ਦਾ ਮੌਕਾ ਮਿਲਿਆ।

ਇਸ ਮੌਕੇ ਗੁਰੂ ਘਰ ਦੇ ਮੌਜੂਦਾ ਪ੍ਰਧਾਨ ਸ੍ਰੀ ਜਸਵਿੰਦਰ ਸਿੰਘ ਮਹੇ ਨੇ ਆਏ ਸਿਟੀ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਹੋਰ ਵੀ ਕੌਮ ਨੂੰ ਚੜ੍ਹਦੀਕਲਾ ਵਾਲੇ ਕਾਰਜਾਂ ਲਈ ਉੱਦਮ ਕਰਦੇ ਰਹਾਂਗੇ। ਗੁਰੂ ਘਰ ਦੇ ਚੇਅਰਮੈਨ ਸ੍ਰੀ ਪਰਮਜੀਤ ਕਮਾਮ ਨੇ ਵੀ ਸਭਨਾਂ ਦਾ ਧੰਨਵਾਦ ਕੀਤਾ। ਬੇਗਮਪੁਰਾ ਕਲਚਰਲ ਸੁਸਾਇਟੀ ਆਫ਼ ਨਿਊਯਾਰਕ ਦੇ ਪ੍ਰਧਾਨ ਰਾਜ ਕੁਮਾਰ ਲੱਧੜ ਨੇ ਕਿਹਾ ਕਿ ਅਸੀਂ ਬੜੇ ਸਮੇਂ ਤੋਂ ਇਸ ਕਾਰਜ ਲਈ ਲੱਗੇ ਹੋਏ ਸੀ, ਅੱਜ ਕਾਮਯਾਬੀ ਹਾਸਲ ਕਰਕੇ ਸਾਨੂੰ ਖੁਸ਼ੀ ਹੋਈ ਹੈ। ਸੰਸਥਾ ਦੇ ਚੇਅਰਮੈਨ ਸ੍ਰੀ ਪਿੰਦਰਪਾਲ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਤੋਂ ਪਰਮਜੀਤ ਸੀਤਾ ਨੇ ਹਾਜ਼ਰੀ ਲਗਵਾਈ। ਸਮੁੱਚੇ ਪ੍ਰੋਗਰਾਮ ਦੀ ਸਟੇਜ ਦੀ ਕਾਰਵਾਈ ਗੁਰੂ ਘਰ ਦੇ ਜਨਰਲ ਸਕੱਤਰ ਬਲਵਿੰਦਰ ਭੌਰਾ ਨੇ ਨਿਭਾਈ।

ਸਈਟ ਨੂੰ ਮਨਜ਼ੂਰ ਕਰਵਾਉਣ ’ਚ ਇੰਜ: ਸੰਤੋਖ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਾਬਕਾ ਪ੍ਰਬੰਧਕਾਂ ਦੁਆਰਾ ਆਰੰਭ ਕੀਤੇ ਇਸ ਉਪਰਾਲੇ ਨੂੰ ਅੱਜ ਇਤਿਹਾਸਕ ਰੰਗ ਚੜ੍ਹਿਆ ਹੈ। ਇਸ ਮੌਕੇ ਪ੍ਰਸਿੱਧ ਗਾਇਕ ਲਖਵਿੰਦਰ ਲੱਕੀ ਨੇ ਆਪਣੇ ਧਾਰਮਿਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਾਬਕਾ ਜਨਰਲ ਸਕੱਤਰ ਸੂਬੇਦਾਰ ਖੁਸ਼ੀਆ ਸਿੰਘ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਇਹਨਾਂ ਤੋਂ ਇਲਾਵਾ ਗਿਆਨੀ ਉਂਕਾਰ ਸਿੰਘ ਨੇ ਵੀ ਇਸ ਮੌਕੇ ਸੰਗਤਾਂ ਨੂੰ ਵਧਾਈ ਦਿੱਤੀ। ਗੁਰੂ ਕੇ ਲੰਗਰ ਸਾਰਾ ਦਿਨ ਅਤੁੱਟ ਵਰਤਾਏ ਗਏ। ਪ੍ਰੋਗਰਾਮ ਦੋ ਪੜਾਵਾਂ ਵਿਚ ਸੰਪੂਰਨ ਹੋਇਆ। ਗੁਰੂ ਘਰ ਦੇ ਸਕੱਤਰ ਬਲਵਿੰਦਰ ਭੌਰਾ ਨੇ ਜਿੱਥੇ ਸਮੂਹ ਸੰਗਤ ਦਾ ਧੰਨਵਾਦ ਕੀਤਾ, ਉਥੇ ਵਿਸ਼ੇਸ਼ ਤੌਰ ਤੇ ਕਵਰੇਜ਼ ਕਰਨ ਆਈ ਸਮੁੱਚੇ ਮੀਡੀਆ ਟੀਮ ਦਾ ਵੀ ਧੰਨਵਾਦ ਕੀਤਾ। ਕੁੱਲ ਮਿਲਾ ਕੇ ਇਹ ਇਕ ਇਤਿਹਾਸਕ ਦਿਨ ਹੋ ਨਿੱਬੜਿਆ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਦੇਸ਼ ਦੁਆਬਾ

## ਸ੍ਰੀ ਗੁਰੂ ਰਵਿਦਾਸ ਮਾਰਗ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ, ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ (ਨਿਊਯਾਰਕ) ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਨਿਊਯਾਰਕ 'ਚ ਸਿਟੀ ਆਫ ਨਿਊਯਾਰਕ ਵੱਲੋਂ 61 ਸਟ੍ਰੀਟ ਦਾ ਨਾਂ ਬਦਲ ਕੇ ਸ੍ਰੀ ਗੁਰੂ ਰਵਿਦਾਸ ਮਾਰਗ ਰੱਖਿਆ ਜਾਣਾ ਇਕ ਬਹੁਤ ਹੀ ਮਾਣ ਵਾਲਾ ਅਤੇ ਇਤਿਹਾਸਕ ਕਾਰਜ ਹੈ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਇਸ ਸ਼ੁਭ ਕਾਰਜ ਲਈ ਦਿਲੀ ਹਾਰਦਿਕ ਵਧਾਈ ਦਿੰਦਾ ਹੈ।

ਅਦਾਰਾ 'ਦੇਸ਼ ਦੁਆਬਾ' ਸ੍ਰੀਮਾਨ ਭੀਮ ਰਾਜ ਗਰਗ ਜੀ ਦਾ ਬਹੁਤ ਧੰਨਵਾਦੀ ਹੈ, ਜਿਹਨਾਂ ਮੌਕੇ ਤੇ ਜਾ ਕੇ ਰਿਪੋਰਟ ਤਿਆਰ ਕੀਤੀ।

**– ਪ੍ਰੇਮ ਕੁਮਾਰ ਚੁੰਬਰ**

# ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ (ਅਮਰੀਕਾ) ਨੇ ਸਿਰਜਿਆ ਇੱਕ ਹੋਰ ਇਤਿਹਾਸ "ਸ੍ਰੀ ਗੁਰੂ ਰਵਿਦਾਸ ਮਾਰਗ" ਨਾਂ ਰੱਖਣ ਤੇ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਨੂੰ ਵਧਾਈ



ਭੀਮ ਰਾਜ ਗਰਗ
91 + 98765-45157

ਜਦ ਮੈਨੂੰ ਸਤਿਕਾਰਯੋਗ ਸ੍ਰੀ ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਨੇ ਬ੍ਰੌਡਵੇਵੁੱਡਸਾਈਡ, ਨਿਊਯਾਰਕ ਵਿੱਚ 61ਵੀਂ ਸੜਕ ਦਾ ਨਾਂਅ ਬਦਲ ਕੇ "ਸ੍ਰੀ ਗੁਰੂ ਰਵਿਦਾਸ ਮਾਰਗ" ਰੱਖਣ ਦੇ ਵਿਸ਼ੇਸ਼ ਅਤੇ ਇਤਿਹਾਸਕ ਸਮਾਗਮ ਵਿੱਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ, ਤਾਂ ਮੇਰੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਿਹਾ, ਕਿਉਂਕਿ ਮੈ ਬੜੇ ਚਿਰਾਂ ਤੋਂ ਨਿਊਯਾਰਕ ਦੇ ਸ੍ਰੀ ਗੁਰੂ ਰਵਿਦਾਸ ਮੰਦਿਰ ਦੇ ਦਰਸ਼ਨ ਕਰਨ ਦੀ ਇੱਛਾ ਰੱਖਦਾ ਸੀ, ਜਿਹੜੀ ਕਿ ਅੱਜ ਪੂਰੀ ਹੋਣ ਵਾਲੀ ਸੀ। 15 ਸਤੰਬਰ,2024 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਅਤੇ ਨਿਊਯਾਰਕ ਦੀ ਬੇਗਮਪੁਰਾ ਕਲਚਰਲ ਸੋਸਾਇਟੀ ਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਉਚੇਰੀਆਂ ਸਿੱਖਿਆਵਾਂ ਨੂੰ ਸਦੀਵੀ ਰੱਖਣ ਲਈ ਸੜਕ ਦਾ ਨਾਂਅ ਬਦਲਣ ਦੇ ਮੌਕੇ ਉੱਤੇ ਇਕ ਵਿਸ਼ਾਲ ਸਭਾ ਦਾ ਆਯੋਜਨ ਕੀਤਾ। ਮੈਂ ਸਮਾਗਮ ਦੇ ਸਮੇਂ ਤੋਂ ਬਹੁਤ ਪਹਿਲਾਂ ਹੀ ਪਹੁੰਚ ਗਿਆ ਸੀ ਅਤੇ ਗੁਰੂਘਰ ਵਿਚ ਗੁਰਬਾਣੀ ਦਾ ਆਨੰਦ ਮਾਣਿਆ।

ਪਿਛਲੇ ਸਾਲ ਸਫਲਤਾਪੂਰਵਕ ਬ੍ਰੌਡਵੇ ਮੁੱਖ ਸੜਕ ਦਾ ਨਾਂਅ ਡਾ. ਬੀ. ਆਰ. ਅੰਬੇਦਕਰ ਵੇਅ ਰੱਖਣ ਤੋਂ ਬਾਅਦ, ਨਿਊਯਾਰਕ ਦੀ ਸ੍ਰੀ ਗੁਰੂ ਰਵਿਦਾਸ ਸਭਾ ਨੇ ਆਪਣੇ ਸਮਾਜ ਦੀਆਂ ਦੋ ਹੋਰ ਜਥੇਬੰਦੀਆਂ ਬੇਗਮਪੁਰਾ ਕਲਚਰਲ ਸੋਸਾਇਟੀ ਅਤੇ ਸ੍ਰੀ ਗੁਰੂ ਦਾਸ ਵੈਲਫੇਅਰ ਸੋਸਾਇਟੀ ਨਾਲ ਮਿਲਕੇ 15 ਸਤੰਬਰ, 2024 ਨੂੰ ਡਾ. ਬੀ. ਆਰ. ਅੰਬੇਡਕਰ ਮਾਰਗ ਦੇ ਨਾਲ ਲੱਗਦੀ ਸੜਕ ਦਾ ਨਾਂਅ "ਸ੍ਰੀ ਗੁਰੂ ਰਵਿਦਾਸ ਮਾਰਗ" ਰੱਖ ਕੇ ਇੱਕ ਹੋਰ ਇਤਿਹਾਸਕ ਮੀਲ ਪੱਥਰ ਕਾਇਮ ਕੀਤਾ। ਮੰਚ ਦੀ ਸ਼ੋਭਾ ਵਧਾਉਣ ਵਾਲੇ ਪਤਵੰਤੇ ਸੱਜਣਾ ਵਿਚ ਸੰਤ ਕ੍ਰਿਸ਼ਨਨਾਥ ਮਹਾਰਾਜ ਚਹੇੜੂਵਾਲੇ,





ਸ੍ਰੀਮਤੀ ਪ੍ਰਗਿਆ ਸਿੰਘ, ਕੌਂਸਲੇਟ (ਵੀਜ਼ਾ), ਕੌਂਸਲੇਟ ਜਨਰਲ ਆਫ ਇੰਡੀਆ ਨਿਊਯਾਰਕ; ਜੂਲੀ ਵੌਨ, ਜ਼ਿਲ੍ਹਾ 26 ਸਿਟੀ ਕੌਂਸਲ ਮੈਂਬਰ; ਸ਼ੇਖਰ ਕ੍ਰਿਸ਼ਨਨ, ਸਿਟੀ ਕੌਂਸਲ ਮੈਂਬਰ; ਮਾਈਕਲ ਗਿਆਨਾਰਿਸ, ਸਟੇਟ ਸੈਨੇਟਰ; ਸਟੀਵਨ ਰਾਗਾ, ਸਟੇਟ ਅਸੈਂਬਲੀ ਮੈਂਬਰ; ਨਿਊਯਾਰਕ ਮੇਅਰ ਦੇ ਦਫ਼ਤਰ ਤੋਂ ਸ੍ਰੀਮਤੀ ਸੇਇੰਗ ਸੈਮ, ਸ੍ਰੀ ਗੁਰੂ ਦਾਸ ਵੈਲਫੇਅਰ ਸੋਸਾਇਟੀ ਅਤੇ ਹੋਰ ਸੰਸਥਾਵਾਂ ਦੇ ਪ੍ਰਤੀਨਿਧ ਸ. ਜਸਵਿੰਦਰ ਸਿੰਘ (ਪ੍ਰਧਾਨ), ਸ਼. ਪ੍ਰਮਜੀਤ ਲਾਲ (ਚੇਅਰਮੈਨ), ਸ. ਸੰਤੋਖ ਸਿੰਘ (ਸਕੱਤਰ) ਅਤੇ ਸ. ਰਾਜ ਕੁਮਾਰ, ਪ੍ਰਧਾਨ ਬੇਗਮਪੁਰਾ ਕਲਚਰਲ ਸੁਸਾਇਟੀ ਸ਼ੁਮਾਰ ਸਨ।

ਗੁਰੂ ਘਰ ਦੇ ਜਨਰਲ ਸਕੱਤਰ ਸ੍ਰੀ ਬਲਵਿੰਦਰ ਭੌਰਾ ਨੇ ਪਤਵੰਤਿਆਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਇਸ ਟੀਚੇ ਦੀ ਪ੍ਰਾਪਤੀ ਲਈ ਸਮੁੱਚੀ ਸੰਗਤ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੜਕ ਦਾ ਨਾਂਅ ਬਦਲਣ ਦਾ ਕੰਮ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ, ਬੇਗਮਪੁਰਾ ਕਲਚਰਲ ਸੋਸਾਇਟੀ ਆਫ ਨਿਊਯਾਰਕ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਆਫ ਨਿਊਯਾਰਕ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੀਤਾ ਗਿਆ ਹੈ। ਸ. ਸੰਤੋਖ ਸਿੰਘ ਨੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਅਣਥੱਕ ਯਤਨ ਕੀਤੇ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਸਮੂਹ ਸੰਗਤਾਂ ਯਾਦ ਰੱਖਣਗੀਆਂ। ਸ੍ਰੀ ਭੌਰਾ ਨੇ ਹਾਜ਼ਰੀਨ ਨੂੰ ਦੱਸਿਆ ਕਿ ਇਸ ਇਤਿਹਾਸਿਕ ਪਲ ਨੂੰ ਪੂਰੀ ਦੁਨੀਆ ਵਿੱਚ ਸਿੱਧਾ ਪ੍ਰਸਾਰਿਤ ਕੀਤਾ ਜਾ ਰਿਹਾ ਹੈ।

ਸ਼ੇਖਰ ਕ੍ਰਿਸ਼ਨਨ, ਸਿਟੀ ਕੌਂਸਲ ਮੈਂਬਰ, ਨੇ ਇਸ ਪ੍ਰਾਪਤੀ ਲਈ ਸੰਪੰਨ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ, ਜੋ ਸਾਡੇ ਭਾਈਚਾਰਕ ਸੱਭਿਆਚਾਰ ਦੇ ਅਜੂਬਿਆਂ ਨੂੰ ਅਮਰੀਕਾ ਵਿੱਚ ਲੈ ਕੇ ਆਏ, ਕਿਉਂਕਿ ਇਹ ਵਿਸ਼ਵਾਸ ਕਰਨਾ ਔਖਾ ਹੈ ਕਿ ਚਾਰ ਦਹਾਕਿਆਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵਾਸਤੇ ਨਿਊਯਾਰਕ ਸ਼ਹਿਰ ਵਿੱਚ ਕੋਈ ਗੁਰੂਘਰ ਨਹੀਂ ਸੀ। 1987 ਵਿੱਚ, ਸ੍ਰੀ ਗੁਰੂ ਰਵਿਦਾਸ ਜੀ ਦਾ ਵਿਸ਼ਾਲ ਮੰਦਿਰ, ਬ੍ਰੌਡਵੇ ਦੇ ਮੁੱਖ ਚੌਰਾਹੇ 'ਤੇ ਬਣਾਇਆ ਗਿਆ ਸੀ, ਜੋ ਦੂਰੋਂ ਦਿਖਾਈ ਦੇਣ ਵਾਲੀਆਂ ਚਮਕਦਾਰ ਰੌਸ਼ਨੀਆਂ ਦੁਆਰਾ ਪ੍ਰਕਾਸ਼ਮਾਨ ਹੁੰਦਾ ਸੀ। ਉਨ੍ਹਾਂ ਕਿਹਾ ਕਿ ਇਸ ਸੜਕ ਦਾ ਨਾਂਅ ਬਦਲਣ ਦੇ ਨਾਲ, ਅਸੀਂ ਆਪਣੇ ਆਪ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ "ਸਾਰੇ ਮਨੁੱਖਾਂ ਵਿੱਚ ਇੱਕ ਅੰਦਰੂਨੀ ਬ੍ਰਹਮਤਾ ਹੈ, ਕਿ ਸਾਰੇ ਮਨੁੱਖੀ ਜੀਵਨ ਦਾ ਇੱਕ ਸਰਵ ਵਿਆਪਕ ਮਾਣ ਹੈ" ਨੂੰ ਸਮਰਪਿਤ ਕਰਦੇ ਹਾਂ।

ਪ੍ਰਗਿਆ ਸਿੰਘ (ਕਾਉਂਸਲ, ਵੀਜ਼ਾ), ਨਿਊਯਾਰਕ ਸਥਿਤ ਭਾਰਤੀ ਅੰਬੈਸੀ ਦੀ ਸੀਨੀਅਰ ਅਧਿਕਾਰੀ ਨੇ ਇਸ ਇਤਿਹਾਸਕ ਪ੍ਰਾਪਤੀ ਲਈ ਭਾਈਚਾਰੇ ਨੂੰ ਵਧਾਈ ਦਿੱਤੀ। ਉਸ ਨੂੰ ਇਹ ਵੇਖ ਕੇ ਖੁਸ਼ੀ ਹੋਈ ਕਿ ਸਾਰੇ ਭਾਰਤੀ ਭਾਈਚਾਰੇ ਆਪਣੇ ਤਿਉਹਾਰਾਂ ਨੂੰ ਜੋਸ਼ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ। ਭਾਰਤੀ ਡਾਇਸਪੋਰਾ ਨੇ ਪਿਛਲੇ ਸਾਲ $1.22 ਬਿਲੀਅਨ ਦੀ ਵਿਦੇਸ਼ੀ ਮੁਦਰਾ ਭਾਰਤ ਭੇਜਣ ਦਾ ਰਿਕਾਰਡ ਕਾਇਮ ਕੀਤਾ ਹੈ ਅਤੇ ਅਮਰੀਕਾ ਵਿੱਚ ਭਾਰਤੀ ਆਬਾਦੀ ਸਿਰਫ 1.25% ਹੈ ਅਤੇ ਉਨ੍ਹਾਂ ਨੇ ਅਮਰੀਕੀ ਸਰਕਾਰ ਨੂੰ 6% ਇਨਕਮ ਟੈਕਸ ਦਾ ਯੋਗਦਾਨ ਪਾਇਆ ਹੈ। ਭਾਰਤੀ ਦੂਤਾਵਾਸ ਹਮੇਸ਼ਾ ਤੁਹਾਡੇ ਨਾਲ ਖੜਾ ਹੈ ਅਤੇ ਅਸੀਂ ਐਮਰਜੈਂਸੀ ਮਾਮਲਿਆਂ ਵਿੱਚ 365 ਦਿਨਾਂ ਦੀ ਵੀਜ਼ਾ ਸੇਵਾਵਾਂ ਪੇਸ਼ ਕੀਤੀਆਂ ਹਨ। ਉਸਨੇ ਇਹ ਕਹਿ ਕੇ ਭਾਰਤੀਆਂ ਦੀ ਤਾਰੀਫ ਕੀਤੀ ਕਿ ਤੁਸੀਂ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਲਿਆ ਸਕਦੇ ਹੋ ਪਰ ਭਾਰਤ ਨੂੰ ਕਦੇ ਵੀ ਉਨ੍ਹਾਂ ਦੇ ਦਿਲਾਂ ਵਿੱਚੋਂ ਨਹੀਂ ਮਿਟਾ ਸਕਦੇ।

ਸ੍ਰੀ ਸਟੀਵਨ ਰਾਗਾ, ਸਟੇਟ ਅਸੈਂਬਲੀ ਮੈਂਬਰ, ਨੇ ਕਿਹਾ ਕਿ ਇਹ ਨਾ ਸਿਰਫ਼ ਸ੍ਰੀ ਗੁਰੂ ਰਵਿਦਾਸ ਭਾਈਚਾਰੇ ਲਈ, ਸਗੋਂ ਕਵੀਂਸ ਬੁਲੇਵਾਰਡ ਦੀ ਸਮੁੱਚੀ ਆਬਾਦੀ ਲਈ ਵੀ ਇੱਕ ਮਹਾਨ ਦਿਨ ਹੈ।

ਨਿਊਯਾਰਕ ਦੇ ਮੇਅਰ ਦੇ ਦਫਤਰ ਦੀ ਪ੍ਰਤੀਨਿਧੀ, ਮੈਡਮ ਸੇਇੰਗ ਸੈਮ, ਦੀਆਂ ਜੜ੍ਹਾਂ ਭਾਰਤ ਵਿੱਚ ਹਨ, ਉੱਤਰਾਖੰਡ ਵਿੱਚ ਜਨਮੀ, ਹਿਮਾਚਲ ਪ੍ਰਦੇਸ਼ ਵਿੱਚ ਸਕੂਲੀ ਸਿੱਖਿਆ ਅਤੇ ਗੁਜਰਾਤ ਤੋਂ ਕਾਲਜ ਦੀ ਸਿੱਖਿਆ ਪ੍ਰਾਪਤ ਕੀਤੀ, ਪੰਜਾਬ ਬਾਰੇ ਜਾਣਕਾਰੀ ਰੱਖਣ ਵਾਲੀ ਖਾਸ ਕਰਕੇ ਦੁਆਬੇ ਬਾਰੇ ਵਿਸ਼ੇਸ਼ ਜਿਕਰ ਕੀਤਾ। ਉਸਦੇ ਪਿਤਾ ਇੱਕ ਫੌਜੀ ਅਫਸਰ ਸਨ। ਉਸਨੇ ਦੱਸਿਆ ਕਿ ਉਸਨੂੰ ਜਾਤੀ ਭੇਦਭਾਵ ਦਾ ਪਹਿਲਾ ਅਨੁਭਵ ਉਦੋਂ ਹੋਇਆ ਸੀ, ਜਦੋਂ ਉਹ ਆਪਣੀ ਪਹਿਲੀ ਜਮਾਤ ਵਿੱਚ ਸੀ। ਉਹ ਇਹ ਜਾਣ ਕੇ ਦੁਖੀ ਹੋਈ ਕਿ ਡਾ. ਬੀ. ਆਰ. ਅੰਬੇਦਕਰ ਜਮਾਤ ਦੇ ਬਾਹਰ ਖੜੇ ਹੋ ਕੇ ਪੜ੍ਹਦੇ ਸਨ।

ਉਹ ਭਾਈਚਾਰੇ ਦੇ ਬਹੁਤ ਨੇੜੇ ਹੈ ਅਤੇ ਅਕਸਰ ਗੁਰਦੁਆਰਾ ਸਾਹਿਬ ਆਉਂਦੀ ਰਹਿੰਦੀ ਹੈ ਅਤੇ ਕਮਿਊਨਿਟੀ ਰਸੋਈ ਤੋਂ ਭੋਜਨ ਦਾ ਆਨੰਦ ਲੈਣਾ ਪਸੰਦ ਕਰਦੀ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਸ. ਸੰਤੋਖ ਸਿੰਘ ਦੁਆਰਾ ਇਸ ਪ੍ਰੋਜੈਕਟ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਦੇ ਮੁੱਖ ਮਹਿਮਾਨ ਮਾਣਯੋਗ ਸੰਤ ਸ੍ਰੀ ਕ੍ਰਿਸ਼ਨ ਨਾਥ ਚਹੇੜੂਵਾਲੇ ਜੀ ਸਨ, ਜਿਨ੍ਹਾਂ ਨੇ ਬ੍ਰਾਡਵੇ, ਕੁਈਨਜ਼ ਵਿੱਚ 61ਵੀਂ ਸਟਰੀਟ ਦਾ ਨਾਂਅ 'ਸ੍ਰੀ ਗੁਰੂ ਰਵਿਦਾਸ ਮਾਰਗ' ਰੱਖਣ ਸੰਬੰਧੀ ਮਹਾਨ ਸਮਾਗਮ ਦਾ ਹਿੱਸਾ ਬਣ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਆਪਣੀ ਕਮਿਊਨਟੀ ਦੀ ਏਕਤਾ ਦੀ ਤਾਕ਼ਤ ਨੂੰ ਬਣਾਏ ਰੱਖਣ ਤੇ ਜ਼ੋਰ ਦਿੱਤਾ ਤਾਂ ਜੋ ਆਉਣ ਵਾਲੇ ਸਮੇਂ ਵਿਚ ਹੋਰ ਵੱਡੀਆਂ ਪ੍ਰਾਪਤੀਆਂ ਸਾਡੀਆਂ ਹੋ ਸਕਣ।

ਸਟ੍ਰੀਟ ਨੇਮ-ਪਲੇਟ ਦੀ ਘੁੰਡਚੁਕਾਈ ਦੀ ਰਸਮ ਸੰਤ ਸ੍ਰੀ ਕ੍ਰਿਸ਼ਨ ਨਾਥ ਚਹੇੜੂਵਾਲੇ ਦੀ ਹਾਜ਼ਰੀ ਵਿੱਚ ਪਤਵੰਤਿਆਂ ਵੱਲੋਂ ਪੂਰੀ ਕੀਤੀ ਗਈ। ਵੱਡੀ ਗਿਣਤੀ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪੈਰੋਕਾਰ ਇਸ ਸਮਾਗਮ ਦੇ ਗਵਾਹ ਬਣੇ। ਇਸ ਮੌਕੇ 'ਜੈ ਗੁਰੂਦੇਵ, ਧੰਨ ਗੁਰੂਦੇਵ' ਅਤੇ 'ਜੋ ਬੋਲੇ ਸੋ ਨਿਰਭੈ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ' ਦੇ ਨਾਅਰੇ ਨਾਲ ਆਸਮਾਂ ਗੂੰਜ ਉਠਿਆ।

61ਵੀਂ ਸੜਕ ਬਰੋੜਵੇ ਦਾ ਨਾਂ "ਸ੍ਰੀ ਗੁਰੂ ਰਵਿਦਾਸ ਮਾਰਗ" ਬਦਲਣ ਤੋਂ ਬਾਅਦ, ਸਮਾਗਮ ਸੰਪੰਨ ਹੋਇਆ ਤਾਂ ਸਮੁੱਚੀ ਸੰਗਤ ਗੁਰਬਾਣੀ ਸਰਵਣ ਕਰਨ ਲਈ ਗੁਰਦੁਆਰਾ ਸਾਹਿਬ ਦੇ ਅੰਦਰ ਪੁੱਜੀ।

ਗੁਰੂ ਘਰ ਪ੍ਰਬੰਧਕ ਕਮੇਟੀ ਵੱਲੋਂ ਸੰਤ ਕ੍ਰਿਸ਼ਨ ਨਾਥ ਮਹਾਰਾਜ ਨੂੰ ਸਿਰੋਪਾ ਭੇਟ ਕੀਤੇ ਗਏ। ਸੰਤ ਕ੍ਰਿਸ਼ਨ ਨਾਥ ਜੀ ਨੇ ਉਡੀਕ ਰਹੇ ਦਰਸ਼ਕਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਨੇ ਆਪਣਾ ਉਪਦੇਸ਼ ਵੀ ਦਿੱਤਾ। ਇਹ ਸਾਡੇ ਸਮਾਜ ਦੇ ਲੋਕਾਂ ਵਾਸਤੇ ਭਾਗੀ ਭਰਿਆ ਦਿਨ ਸੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਇਸ ਸ਼ਾਨਦਾਰ ਪ੍ਰਾਪਤੀ ਲਈ ਸਨਮਾਨਿਤ ਮਹਿਸੂਸ ਕਰਨਗੀਆਂ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# “ਸ਼੍ਰੀ ਗੁਰੂ ਰਵਿਦਾਸ ਮਾਰਗ” ਨਾਂ ਰੱਖਣ ਤੇ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਨੂੰ ਵਧਾਈ


































'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com

# "ਸ਼੍ਰੀ ਗੁਰੂ ਰਵਿਦਾਸ ਮਾਰਗ" ਨਾਂ ਰੱਖਣ ਤੇ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਨੂੰ ਵਧਾਈ














ਬੀਤੀ 13 ਸਤੰਬਰ ਨੂੰ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲਿਆਂ ਦਾ ਕਨੇਡੀ ਏਅਰਪੋਰਟ ਤੇ ਗੁਰੂ ਘਰ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਦੇ ਪ੍ਰਬੰਧਕ, ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਦੇ ਮੈਂਬਰ, ਗੁਰੂ ਘਰ ਦੇ ਸਾਬਕਾ ਪ੍ਰਬੰਧਕ ਅਤੇ ਸੰਤਾਂ ਦੇ ਅਨਿਨ ਸੇਵਕ ਤੇ ਭਾਈਚਾਰੇ ਦੇ ਮੋਹਤਵਰ ਮੈਂਬਰ ਸੰਤਾਂ ਦਾ ਸਵਾਗਤ ਕਰਦੇ ਹੋਏ।












'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com



# ਬੀ. ਸੀ. ਦੀ ਸਿੱਖਿਆ ਮੰਤਰੀ ਰਚਨਾ ਸਿੰਘ ਵੱਲੋਂ ਵੱਖ–ਵੱਖ ਸਖਸ਼ੀਅਤਾਂ ਦਾ ਸਨਮਾਨ

## ਸਨਮਾਨ ਪ੍ਰਾਪਤ ਕਰਨ ਵਾਲਿਆਂ 'ਚ ਕਮਲਜੀਤ ਸਿੰਘ ਥਿੰਦ, ਗਿਆਨ ਸਿੰਘ ਸੰਧੂ, ਡਾ. ਨਿਆਜ਼ੀ ਅਤੇ ਅਰਵਿੰਦਰ ਬੱਬਰ ਸ਼ਾਮਿਲ





**ਵੈਨਕੂਵਰ, (ਮਲਕੀਤ ਸਿੰਘ)–** ਵੱਖ-ਵੱਖ ਖੇਤਰਾਂ 'ਚ ਫਖਰਯੋਗ ਭੂਮਿਕਾਵਾਂ ਨਿਭਾਉਣ ਵਾਲੀਆਂ ਕੁਝ ਮਾਣਮੱਤੀਆਂ ਸਖਸ਼ੀਅਤਾਂ ਦੇ ਸਨਮਾਨ ਸਮਾਰੋਹ ਸਬੰਧੀ ਆਯੋਜਿਤ ਇਕ ਸੰਖੇਪ ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਸੂਬੇ ਦੀ ਸਿੱਖਿਆ ਮੰਤਰੀ ਰਚਨਾ ਸਿੰਘ ਵੱਲੋਂ ਉਨਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਪ੍ਰਸੰਸਾ ਪੱਤਰ ਦੇ ਕੇ ਭੇਂਟ ਕੀਤੇ ਗਏ।

ਸਨਮਾਨ ਪ੍ਰਾਪਤ ਕਰਨ ਵਾਲਿਆਂ 'ਚ ਜਲਿਆਂ ਵਾਲਾ ਬਾਗ ਦੇ ਇਤਿਹਾਸ ਨੂੰ ਕੈਨੇਡਾ ਦੀ ਧਰਤੀ 'ਤੇ ਜਿਉਂਦਾ ਰੱਖਣ ਲਈ ਆਪਣੇ ਪੱਧਰ 'ਤੇ ਜਦੋਂ-ਜਹਿਦ ਕਰਨ ਵਾਲੇ ਉਘੇ ਪੱਤਰਕਾਰ ਅਤੇ ਸਾਹਿਤਕਾਰ ਕਮਲਜੀਤ ਸਿੰਘ ਥਿੰਦ, ਗਿਆਨ ਸਿੰਘ ਸੰਧੂ, ਡਾ: ਨਾਜੀਆ ਨਿਆਜ਼ੀ ਅਤੇ ਅਰਵਿੰਦਰ ਬੱਬਰ ਆਦਿ ਦੇ ਨਾਮ ਜ਼ਿਕਰਯੋਗ ਹਨ।

## ਰਾਜੇਸ਼ ਧੀਮਾਨ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** 2014 ਬੈਚ ਦੇ ਆਈ। ਏ। ਐਸ ਅਫ਼ਸਰ ਰਾਜੇਸ਼ ਧੀਮਾਨ ਨੇ ਅੱਜ ਸ਼ਹੀਦ ਭਗਤ ਸਿੰਘ ਨਗਰ ਵਿਖੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਇਲਾਵਾ ਉਹ ਡਾਇਰੈਕਟਰ ਖੇਡਾਂ ਅਤੇ ਯੁਵਕ ਸੇਵਾਵਾਂ ਵਜੋਂ ਵੀ ਬਿਹਤਰੀਨ ਸੇਵਾਵਾਂ ਨਿਭਾਅ ਚੁੱਕੇ ਹਨ ਅਤੇ ਵੱਖ-ਵੱਖ ਸਿਵਲ ਪ੍ਰਸ਼ਾਸਨਿਕ ਅਹੁਦਿਆਂ 'ਤੇ ਸ਼ਾਨਦਾਰ ਕੰਮ ਦਾ ਤਜ਼ਰਬਾ ਰੱਖਦੇ ਹਨ।

ਅਹੁਦਾ ਸੰਭਾਲਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ ਉਹ ਬਹੁਤ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਪਵਿੱਤਰ ਧਰਤੀ 'ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨਾਲ ਜੁੜੇ ਇਸ ਜ਼ਿਲ੍ਹੇ ਵਿਚ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨਾ, ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ, ਸਰਕਾਰੀ ਸਕੀਮਾਂ ਦਾ ਲਾਭ ਉਨ੍ਹਾਂ ਤੱਕ ਪਹੁੰਚਾਉਣਾ ਅਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਕੇ ਜ਼ਿਲ੍ਹੇ ਨੂੰ ਹਰੇਕ ਖੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣਾ ਉਨਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ ਪੱਖੀ ਸਕੀਮਾਂ ਨੂੰ ਘਰ-ਘਰ ਪਹੁੰਚਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਜਿਲਾ ਵਾਸੀਆਂ ਦੀ ਸੇਵਾ ਵਿਚ 24 ਘੰਟੇ ਹਾਜ਼ਰ ਰਹਿਣਗੇ।

ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ 'ਤੇ ਜ਼ਿਲ੍ਹਾ ਪੁਲਿਸ ਦੀ ਟੁਕੜੀ ਵੱਲੋਂ ਉਨਾਂ ਨੂੰ ਸ਼ਾਨਦਾਰ 'ਗਾਰਡ ਆਫ਼ ਆਨਰ' ਦਿੱਤਾ ਗਿਆ। ਅਹੁਦਾ ਛੱਡ ਕੇ ਜਾ ਰਹੇ ਨਵਜੋਤ ਪਾਲ ਸਿੰਘ ਰੰਧਾਵਾ ਨੇ ਇਸ ਮੌਕੇ ਉਨਾਂ ਨੂੰ ਵਧਾਈ ਦਿੰਦਿਆਂ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ।

ਇਸ ਮੌਕੇ ਉਨਾਂ ਦਾ ਸਵਾਗਤ ਕਰਨ ਵਾਲਿਆਂ ਵਿਚ ਐਸ. ਡੀ. ਐਮ. ਨਵਾਂਸ਼ਹਿਰ ਡਾ। ਅਕਸ਼ਿਤਾ ਗੁਪਤਾ, ਐਸ. ਡੀ. ਐਮ. ਬੰਗਾ ਵਿਕਰਮਜੀਤ ਸਿੰਘ ਪਾਂਥੇ, ਐਸ. ਡੀ. ਐਮ. ਬਲਾਚੌਰ ਰਵਿੰਦਰ ਬਾਂਸਲ ਤੋਂ ਇਲਾਵਾ ਅਧਿਕਾਰੀ ਤੇ ਕਰਮਚਾਰੀ ਸ਼ਾਮਿਲ ਸਨ।

## ਸਟੇਟ ਅਵਾਰਡੀ ਭਾਈ ਮਸੀਤੀ ਐਂਟੀ ਕੁਰੱਪਸ਼ਨ ਫਾਉਂਡੇਸ਼ਨ ਆਫ ਵਰਲਡ ਦੇ ਸੀਨੀਅਰ ਵਾਈਜ ਪ੍ਰਧਾਨ ਨਿਯੁਕਤ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਹੁਸ਼ਿਆਰਪੁਰ ਵਿਖੇ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ਼ ਵਰਲਡ ਦੇ ਨੈਸ਼ਨਲ ਚੀਫ਼ ਡਾਇਰੈਕਟਰ ਸ਼੍ਰੀ ਸੁਨੀਲ ਕੁਮਾਰ ਜੀ ਦੀ ਯੋਗ ਅਗਵਾਈ ਹੇਠ ਇੱਕ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਸਮਾਜ ਸੇਵਾ ਦੇ ਖੇਤਰ ਵਿੱਚ ਇੱਕ ਅਲੱਗ ਪਹਿਚਾਣ ਬਣਾ ਚੁੱਕੇ ਸਟੇਟ ਅਵਾਰਡੀ ਭਾਈ ਵਰਿੰਦਰ ਸਿੰਘ ਮਸੀਤੀ ਨੂੰ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ਼ ਵਰਲਡ ਦਾ ਅਥਾਰਿਟੀ ਲੈਟਰ ਦੇ ਕੇ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ਼ ਵਰਲਡ ਦੀ ਟੀਮ ਵਿੱਚ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਦਾ ਆਹੁਦਾ ਦੇ ਕੇ ਟੀਮ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ਼ ਵਰਲਡ ਦੇ ਨੈਸ਼ਨਲ ਚੀਫ਼ ਡਾਇਰੈਕਟਰ ਸ਼੍ਰੀ ਸੁਨੀਲ ਕੁਮਾਰ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨੇਤਰਦਾਨ ਐਸੋਸੀਏਸ਼ਨ ਦੇ ਆਈ ਡੋਨਰ ਇੰਚਾਰਜ ਭਾਈ ਵਰਿੰਦਰ ਸਿੰਘ ਮਸੀਤੀ ਲੰਮੇ ਸਮੇਂ ਤੋਂ ਸਮਾਜ ਸੇਵਾ ਨੂੰ ਸਮਰਪਿਤ ਹਨ ਤੇ ਲੋਕਾਂ ਦੀ ਜ਼ਿੰਦਗੀ ਨੂੰ ਰੌਸ਼ਨ ਕਰਨ ਲਈ ਪਿਛਲੇ ਲੰਬੇ ਸਮੇਂ ਤੋਂ ਸਾਈਕਲ ਤੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਖੂਨਦਾਨ ਨੇਤਰਦਾਨ ਤੇ ਅੰਗ ਦਾਨ ਕਰਨ ਲਈ ਪ੍ਰੇਰਿਤ ਕਰ ਰਹੇ ਹਨ। ਇਸ ਮੌਕੇ ਭਾਈ ਵਰਿੰਦਰ ਸਿੰਘ ਮਸੀਤੀ ਨੇ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ਼ ਵਰਲਡ ਦੁਆਰਾ ਉਹਨਾਂ ਨੂੰ ਇਹ ਮਾਣ ਦੇਣ ਲਈ (ਸੀਨੀਅਰ ਵਾਈਸ ਪ੍ਰੈਜ਼ੀਡੈਂਟ ਦਾ ਆਹੁਦਾ) ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ਼ ਵਰਲਡ ਦੇ ਨੈਸ਼ਨਲ ਚੀਫ਼ ਡਾਇਰੈਕਟਰ ਸ਼੍ਰੀ ਸੁਨੀਲ ਕੁਮਾਰ, ਬੀਰ ਸਿੰਘ ਮਾਹਲਾ ਸਟੇਟ ਡਾਇਰੈਕਟਰ, ਰਤਨ ਲਾਲ ਸੋਨੀ ਸਟੇਟ ਚੇਅਰਮੈਨ, ਡਾਕਟਰ ਕੇਵਲ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99


Call: 650-642-0697

3525 Highway 99, West Corning, CA 96021

Across the Street from TA Truck Stop

# ਸ੍ਰੀ ਲਾਲ ਚੰਦ ਕਟਾਰੂਚੱਕ ਨੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ 134 ਲਾਭਪਾਤਰੀਆਂ ਨੂੰ ਦਿੱਤੀ ਪਹਿਲੀ ਕਿਸਮ ਦੇ ਆਫਰ ਲੈਟਰ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਅੱਜ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਪਿੰਡ ਜਸਵਾਲੀ ਵਿਖੇ ਸਥਿਤ ਰੈਸਟ ਹਾਊਸ ਵਿਖੇ ਵਿਸ਼ੇਸ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਇਸ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ ਪਠਾਨਕੋਟ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਖੁਸਬੀਰ ਕਾਟਲ, ਪਰਵੀਨ ਕੁਮਾਰ ਬਲਾਕ ਪ੍ਰਧਾਨ, ਰਾਜੇਸ ਕੁਮਾਰ ਬਲਾਕ ਪ੍ਰਧਾਨ, ਲਵਲੀ ਬਲਾਕ ਪ੍ਰਧਾਨ, ਹਰਪ੍ਰੀਤ ਸਿੰਘ ਬਲਾਕ ਵਿਕਾਸ ਪੰਚਾਇਤ ਅਧਿਕਾਰੀ ਬਮਿਆਲ, ਅਜੈ ਮਹਾਜਨ ਬਲਾਕ ਵਿਕਾਸ ਪੰਚਾਇਤ ਅਧਿਕਾਰੀ ਘਰੋਟਾ, ਦਿਲਬਾਗ ਸਿੰਘ ਬਲਾਕ ਵਿਕਾਸ ਪੰਚਾਇਤ ਅਧਿਕਾਰੀ ਨਰੋਟ ਜੈਮਲ ਸਿੰਘ, ਮੀਨਾਕਸੀ ਸਰਮਾ ਜਿਲ੍ਹਾ ਕੋਆਰਡੀਨੇਟਰ ਪ੍ਰਧਾਨ ਮੰਤਰੀ ਅਵਾਸ ਯੋਜਨਾ ਗ੍ਰਾਮੀਣ ਅਤੇ ਹੋਰ ਅਧਿਕਾਰੀਆਂ ਤੋਂ ਇਲਾਵਾ ਪਾਰਟੀ ਕਾਰਜ ਕਰਤਾ ਹਾਜਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ



ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸੀ ਦੀ ਗੱਲ ਹੈ ਕਿ ਜਿਲ੍ਹਾ ਪਠਾਨਕੋਟ ਦੇ 134 ਪਰਿਵਾਰਾਂ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਪਹਿਲੀ ਕਿਸਮ ਦੇ ਤੋਰ ਤੇ ਪ੍ਰਤੀ ਲਾਭਪਾਤਰੀ 30 ਹਜਾਰ ਰੁਪਏ ਦੀ ਪਹਿਲੀ ਕਿਸਮ ਜਾਰੀ ਕੀਤੀ ਗਈ ਹੈ। ਇਸ ਦੇ ਨਾਲ ਲਾਭਪਾਤਰੀ ਵੱਲੋਂ ਮਕਾਨ ਬਣਾਉਂਣ ਲਈ ਪਹਿਲਾ ਨੀਂਹ ਦਾ ਨਿਰਮਾਣ, ਇੱਟਾਂ ਨਾਲ ਉਸਾਰੀ ਦਾ ਕੰਮ ਕੀਤਾ ਜਾਵੇਗਾ, ਇਸ ਤੋਂ ਇਲਾਵਾ ਦੂਸਰੀ ਕਿਸਤ 72 ਹਜਾਰ ਰੁਪਏ ਲੈਂਟਰ ਪਾਉਂਣ ਲਈ ਅਤੇ ਫਿਰ ਤੀਸਰੀ ਕਿਸਮ 18 ਹਜਾਰ ਰੁਪਏ ਮਕਾਨ ਦੀ ਤਿਆਰੀ ਦੇ ਲਈ ਦਿੱਤਾ ਜਾਵੇਗਾ। ਇਸ ਤਰ੍ਹਾਂ ਹਰੇਕ ਲਾਭਪਾਤਰੀ ਨੂੰ ਇੱਕ ਲੱਖ ਵੀਹ ਹਜਾਰ ਰੁਪਏ ਮਕਾਨ ਦੀ ਉਸਾਰੀ ਲਈ ਦਿੱਤੇ ਜਾਣਗੇ। ਇਸ ਤੋਂ ਇਲਾਵਾ ਪ੍ਰਤੀ ਲਾਭਪਾਤਰੀ ਘਰ ਦੇ ਨਿਰਮਾਣ ਲਈ ਨਰੇਗਾ ਅਧੀਨ 27 ਹਜਾਰ ਰੁਪਏ ਦੀ ਗ੍ਰਾਂਟ ਵੀ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਅੱਜ ਵੀ ਦੇਖਣ ਵਿੱਚ ਆਉਂਦਾ ਹੈ ਕਿ ਕੂਝ ਲੋਕ ਸਿਆਸੀ ਕਾਰਨਾ ਕਰਕੇ ਲਾਭਪਾਤਰੀਆਂ ਦਾ ਡਾਟਾ ਆਨਲਾਈਨ ਨਹੀਂ ਕਰਦੇ ਅਤੇ ਲੋਕ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਨਹੀਂ ਲੈ ਪਾਉਂਦੇ । ਉਨ੍ਹਾਂ ਕਿਹਾ ਕਿ ਅੱਜ ਇਹ ਫੈਂਸਲਾ ਲਿਆ ਗਿਆ ਹੈ ਕਿ ਆਉਂਣ ਵਾਲੇ ਦਿਨ੍ਹਾਂ ਵਿੱਚ ਜੋ ਲਾਭਪਾਤਰੀ ਆਨ ਲਾਈਨ ਹੋਣ ਤੋਂ ਰਹਿ ਗਏ ਹਨ ਉਨ੍ਹਾਂ ਨੂੰ ਬਿਨ੍ਹਾਂ ਕਿਸੇ ਭੇਦਭਾਵ ਦੇ, ਬਿਨ੍ਹਾਂ ਕਿਸੇ ਗੁੱਟਬੰਦੀ ਦੇ ਆਨ ਲਾਈਨ ਕੀਤਾ ਜਾਵੇਗਾ ਤਾਂ ਜੋ ਉਹ ਵੀ ਸਰਕਾਰ ਵੱਲੋਂ ਚਲਾਈ ਜਾ ਰਹੀ ਯੋਜਨਾ ਦਾ ਲਾਭ ਲੈ ਸਕਣ।

## ਕੰਨਿਆਂ ਦੀ ਲੋੜ

ਰਾਮਗੜ੍ਹੀਆ ਲੜਕਾ, ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਣਕਾਰੀ ਲਈ +1-510-200-1772 'ਤੇ ਫੋਨ ਕਰੋ।

# ਸੋਹੀ ਬ੍ਰਦਰਜ਼ ਨੇ ਕੈਲਗਿਰੀ ਕਨੇਡਾ 'ਚ ਰੱਖੀ ਮੰਗਲ ਹਠੂਰ ਦੀ ਸ਼ਾਨਦਾਰ ਮਹਿਫ਼ਲ



**ਵੈਨਕੂਵਰ (ਕੁਲਦੀਪ ਚੁੰਬਰ)–** ਕਨੇਡਾ ਕੈਲਗਿਰੀ ਵਿੱਚ ਸੋਹੀ ਬ੍ਰਦਰਜ਼ ਵਲੋਂ ਰੱਖੀ ਗਈ ਪ੍ਰਸਿੱਧ ਗੀਤਕਾਰ ਸ਼ਾਇਰ ਤੇ ਨਾਵਲਕਾਰ ਮੰਗਲ ਹਠੂਰ ਦੀ ਮਹਿਫ਼ਲ ਬਹੁਤ ਸ਼ਾਨਦਾਰ ਰਹੀ। ਸ਼ਾਇਰੋ ਸ਼ਾਇਰੀ ਦੀ ਰਾਤ ਦੇਰ ਤੱਕ ਚੱਲੀ ਮਹਿਫ਼ਲ ਵਿੱਚ "ਟਿਕਾਣਾ ਕੋਈ ਨਾ"ਕਿਤਾਬ ਵੀ ਰੂਬਰੂ ਕੀਤੀ ਗਈ ਅਤੇ ਵੱਖ ਬੁਲਾਰਿਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਕੈਲਗਿਰੀ ਵਾਸੀਆਂ ਵਲੋਂ ਹਰ ਵਾਰ ਦੀ ਤਰ੍ਹਾਂ ਰੱਜਵਾਂ ਪਿਆਰ ਇਸ ਮਾਣਮੱਤੀ ਕਲਮ ਨੂੰ ਮਿਲਿਆ। ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿੱਚ ਬਾਈ ਰਾਮਪਾਲ ਸੋਹੀ, ਵੀਰਪਾਲ ਸੋਹੀ, ਰਿਸ਼ੀ ਨਾਹਰ (ਰੈਡ ਐੱਫ ਐੱਮ ), ਪਰਮਵੀਰ ਬਾਠ (ਪ੍ਰਾਇਮ ਏਸ਼ੀਆ) ਅਮਨਜੋਤ ਸਿੰਘ ਪੰਨੂ, ਗੁਰਪਰੀਤ ਸੰਧਾ, ਅਮਨਪਰੀਤ ਗਿੱਲ, ਗੁਰਤੇਜ ਬੱਧਨੀ, ਸੁਖਬੀਰ ਸੰਧੂ, ਰਘਵੀਰ ਢੁੱਡੀਕੇ ਅਤੇ ਕੈਲਗਿਰੀ ਦੀਆਂ ਬਹੁਤ ਸਾਰੀਆਂ ਨਾਮਵਰ ਹਸਤੀਆਂ ਨੇ ਹਿੱਸਾ ਲਿਆ। ਅੰਤ ਵਿੱਚ ਪ੍ਰਸਿੱਧ ਗੀਤਕਾਰ ਮੰਗਲ ਹਠੂਰ ਵਲੋਂ ਰਾਮਪਾਲ ਸੋਹੀ , ਵੀਰਪਾਲ ਸੋਹੀ ਅਤੇ ਪ੍ਰੋਗਰਾਮ ਵਿੱਚ ਆਏ ਸਾਰੇ ਸੱਜਣਾਂ ਦਾ ਐਨਾ ਮਾਣ ਸਤਿਕਾਰ ਦੇਣ ਲਈ ਬਹੁਤ ਬਹੁਤ ਧੰਨਵਾਦ ਕੀਤਾ ਗਿਆ।





## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਕਾਮਰੇਡ ਸੀਤਾ ਰਾਮ ਯੈਚੁਰੀ ਦੀ ਯਾਦ 'ਚ ਸਰੀ 'ਚ ਸੋਕ ਸਭਾ ਦਾ ਆਯੋਜਨ



**ਵੈਨਕੂਵਰ, (ਮਲਕੀਤ ਸਿੰਘ)**—ਪਿਛਲੇ ਦਿਨੀਂ ਸਦੀਵੀਂ ਵਿਛੋੜਾ ਦੇ ਗਏ ਮਰਹੂਮ ਕਾਮਰੇਡ ਆਗੂ ਸੀਤਾ ਰਾਮ ਯੈਚੁਰੀ ਦੀ ਯਾਦ 'ਚ 'ਇੰਡੀਅਨ ਵਰਕਜ਼ ਐਸੋਸੀਏਸ਼ਨ ਆਫ ਕੈਨੇਡਾ' ਦੇ ਸਹਿਯੋਗ ਨਾਲ ਸਰੀ ਸਥਿਤ ਫਲੀਟਵੁੱਡ ਲਾਇਬ੍ਰੇਰੀ 'ਚ ਇਕ ਸੋਕ ਸਭਾ ਦਾ ਆਯੋਜਨ ਕੀਤਾ ਗਿਆ। ਜਿਸ 'ਚ ਉਘੇ ਬੁੱਧੀਜੀਵੀਆਂ, ਭਰਾਤਰੀ ਜਥੇਬੰਦੀਆਂ ਦੇ ਅਹੁੱਦੇਦਾਰਾਂ ਸਮੇਤ ਹੋਰਨਾਂ ਪ੍ਰਮੁੱਖ ਸਖਸ਼ੀਅਤਾਂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕਰਕੇ ਸ੍ਰੀ ਯੈਚੁਰੀ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਤਸਵੀਰ ਅੱਗੇ ਫੁੱਲ ਅਰਪਿਤ ਕੀਤੇ।

ਸੋਕ ਸਭਾ ਦੇ ਸ਼ੁਰੂਆਤੀ ਦੌਰ 'ਚ 'ਇੰਡੀਅਨ ਵਰਕਰਜ਼ ਐਸੋਸੀਏਸ਼ਨ' ਦੇ ਪ੍ਰਧਾਨ ਸੁਰਿੰਦਰ ਢੇਸੀ ਨੇ ਸ੍ਰੀ ਯੈਚੁਰੀ ਦੇ ਮਹਾਨ ਜੀਵਨ 'ਤੇ ਸੰਖੇਪਿਕ ਝਾਤ ਪਾਉਂਦਿਆਂ ਦੱਸਿਆ ਕਿ 1974 'ਚ ਜੇ. ਐਨ. ਯੂ. ਦੇ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੰਭਾਲਣ ਉਪਰੰਤ 1975 'ਚ ਤੱਤਕਾਲੀ ਕੇਂਦਰ ਸਰਕਾਰ ਵੱਲੋਂ ਲਗਾਈ ਗਈ ਐਮਰਜੈਂਸੀ ਦੇ ਵਿਰੋਧ 'ਚ ਉਨ੍ਹਾਂ 500 ਵਿਦਿਆਰਥੀਆਂ ਦੇ ਇਕ ਡੈਲੀਗੇਟ ਸਮੇਤ ਤੱਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਨਿਵਾਸ 'ਤੇ ਪਹੁੰਚ ਕੇ ਅਸਤੀਫੇ ਦੀ ਮੰਗ



ਕੀਤੀ ਅਤੇ ਇੰਦਰਾ ਗਾਂਧੀ ਵੱਲੋਂ ਉਨ੍ਹਾਂ ਦੇ ਰੋਹ ਕਾਰਨ ਮਜ਼ਬੂਰਨ ਪ੍ਰਧਾਨ ਮੰਤਰੀ ਦੇ ਅਹੁੱਦੇ ਤੋਂ ਅਸਤੀਫਾ ਵੀ ਦੇਣਾ ਪਿਆ ਸੀ।ਜਿਸ ਮਗਰੋਂ ਉਨ੍ਹਾਂ ਨੂੰ 8 ਮਹੀਨੇ ਜੇਲ ਵੀ ਕੱਟਣੀ ਪਈ। ਇਸ ਮੌਕੇ 'ਤੇ 'ਇੰਡੀਅਨ ਵਰਕਰਜ਼ ਐਸੋ:' ਦੇ ਮੀਡੀਆ ਕੋਆਰਡੀਨੇਟਰ ਸੁਰਿੰਦਰ ਸੰਘਾ ਵੱਲੋਂ ਵੀ ਸ੍ਰੀ ਯੈਚੁਰੀ ਨਾਲ ਉਨ੍ਹਾਂ ਦੀ ਸੰਸਥਾ ਦੇ ਲੰਬੇਰੇ ਰਿਸਤੇ ਦਾ ਵੀ ਜ਼ਿਕਰ ਕੀਤਾ ਗਿਆ। ਹੋਰਨਾਂ ਬੁਲਾਰਿਆਂ ਤੋਂ ਇਲਾਵਾ ਇਸ ਮੌਕੇ 'ਤੇ ਪੁੱਜੇ ਕਾਮਰੇਡ ਪ੍ਰਸ਼ਾਦ, ਕਾਮਰੇਡ ਮਾਨ, ਕਾਮਰੇਡ ਜੈਨੂਅਲ ਹੁਕਮਨ, ਕਾਮਰੇਡ ਬਹਾਦਰ ਸਿੰਘ ਮੱਲ੍ਹੀ, ਕਾਮਰੇਡ ਨਾਜ਼ਰ ਰਿਜਵੀ, ਅਮਰਜੀਤ ਬਰਾੜ, ਪ੍ਰੋ: ਬਾਵਾ ਸਿੰਘ, ਕ੍ਰਿਪਾਲ ਸਿੰਘ ਜੌਹਲ, ਕਾਮਰੇਡ ਮੁਸਤਫਾ, ਐਮ. ਐਲ. ਏ. ਜਿੰਨੀ ਸ਼ੇਮਜ, ਡਾ. ਸਾਧੂ ਸਿੰਘ, ਡਾ. ਗੁਰਨਾਮ ਸਿੰਘ ਸੰਘੇੜਾ, ਕਾਮਰੇਡ ਕੈਂਬਲ ਕੈਰੀਓ ਅਤੇ ਉਘੇ ਬੁੱਧੀਜੀਵੀ ਭੁਪਿੰਦਰ ਮੱਲ੍ਹੀ ਆਦਿ ਵੱਲੋਂ ਵੀ ਆਪੋ-ਆਪਣੀ ਤਕਰੀਰ 'ਚ ਸ੍ਰੀ ਯੈਚੂਰੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਹਰਿੰਦਰਜੀਤ ਸਿੰਘ ਸੰਧੂ ਵੱਲੋਂ ਬਾਖੂਬੀ ਨਿਭਾਈ ਗਈ।

HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com


# ਅਮਰੀਕਾ ਜਾਣ ਦੀ ਕੋਸ਼ਿਸ਼ ਦੌਰਾਨ ਫੜੇ ਗਏ 130 ਭਾਰਤੀਆਂ ਨੂੰ ਪਨਾਮਾ ਨੇ ਭੇਜਿਆ ਵਾਪਿਸ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਇਕ ਮਹੱਤਵ ਪੂਰਨ ਘਟਨਾਕ੍ਰਮ ਵਜੋਂ ਜੋਖਮ ਭਰੇ ਖਤਰਨਾਮ ਡੇਰੀਨ ਜੰਗਲ ਵਿਚ ਦੀ ਅਮਰੀਕਾ ਜਾਣ ਦੀ ਕੋਸ਼ਿਸ਼ ਦੌਰਾਨ ਕੇਂਦਰੀ ਅਮਰੀਕਾ ਦੇ ਦੇਸ਼ ਪਨਾਮਾ ਵਿਚ ਗੈਰ ਕਾਨੂੰਨੀ ਤਰੀਕੇ ਨਾਲ ਦਾਖਲ ਹੋਏ 130 ਪ੍ਰਵਾਸੀ ਭਾਰਤੀਆਂ ਨੂੰ ਵਾਪਿਸ ਭਾਰਤ ਭੇਜ ਦੇਣ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤੀਆਂ ਨੂੰ ਵਾਪਿਸ ਭੇਜੇ ਜਾਣ ਦੀ ਕਾਰਵਾਈ ਪਨਾਮਾ ਤੇ ਅਮਰੀਕਾ ਵਿਚਾਲੇ ਇਸ ਸਾਲ ਜੁਲਾਈ ਵਿਚ ਹੋਏ ਸਮਝੌਤੇ ਤਹਿਤ ਕੀਤੀ ਹੈ ਜਿਸ ਸਮਝੌਤੇ ਦਾ ਉਦੇਸ਼ ਗੈਰ ਕਾਨੂੰਨੀ ਪ੍ਰਵਾਸ ਨੂੰ ਰੋਕਣਾ ਹੈ। ਪਨਾਮਾ ਦੇ ਇਮੀਗ੍ਰੇਸ਼ਨ ਡਾਇਰੈਕਟਰ ਰੋਜਰ ਮੋਜੀਕਾ ਨੇ ਭਾਰਤੀਆਂ ਨੂੰ ਵਾਪਿਸ ਭੇਜੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਭਾਰਤੀ ਨਾਗਰਿਕਾਂ ਨੂੰ ਚਾਰਟਡ ਜਹਾਜ਼ ਰਾਹੀਂ ਵਾਪਿਸ ਦਿੱਲੀ ਭੇਜ ਦਿੱਤਾ ਗਿਆ ਹੈ।

ਉਨਾਂ ਕਿਹਾ ਕਿ ਇਹ ਵਾਪਿਸੀ 'ਅਨਿਯਮਤ ਪ੍ਰਵਾਸ' ਕਾਰਨ ਹੋਈ ਹੈ। ਕੇਂਦਰੀ ਅਮਰੀਕਾ ਲਈ ਅਮਰੀਕੀ ਸੁਰੱਖਿਆ ਅਧਿਕਾਰੀ ਮਾਰਲਨ ਪਿਨੀਰੋ ਨੇ ਪਨਾਮਾ ਵੱਲੋਂ ਕੀਤੀ ਕਾਰਵਾਈ ਲਈ ਧੰਨਵਾਦ ਕਰਦਿਆਂ ਕਿਹਾ ਹੈ ਕਿ ਅਨਿਯਮਤ ਪ੍ਰਵਾਸ ਨੂੰ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ। ਇਥੇ ਜਿਕਰਯੋਗ ਹੈ ਕਿ ਡੇਰੀਨ ਰਸਤਾ ਕੋਲੰਬੀਆ ਤੇ ਪਨਾਮਾ ਵਿਚਾਲੇ ਇਕ ਬਹੁਤ ਹੀ ਖਤਰਨਾਕ ਜੰਗਲ ਵਿਚ ਦੀ ਜਾਂਦਾ ਹੈ ਜਿਸ ਰਸਤੇ ਲੋਕ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਇਨਾਂ ਲੋਕਾਂ ਵਿਚ ਭਾਰਤੀਆਂ ਦੀ ਗਿਣਤੀ ਸਭ ਤੋਂ ਵਧ ਹੁੰਦੀ ਹੈ।

# ਜੈਕਸਨ ਐਟਲਾਂਟਾ ਹਵਾਈ ਅੱਡੇ 'ਤੇ ਦੋ ਜਹਾਜ਼ ਆਪਸ ਵਿਚ ਖਹਿ ਗਏ, ਜਾਨੀ ਨੁਕਸਾਨ ਤੋਂ ਬਚਾਅ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਜੈਕਸਨ ਐਟਲਾਂਟਾ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਡੈਲਟਾ ਏਅਰ ਲਾਈਨਜ਼ ਦੇ ਦੋ ਜਹਾਜ਼ ਆਪਸ ਵਿਚ ਖਹਿ ਗਏ। ਇਸ ਹਾਦਸੇ ਵਿਚ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਏਅਰ ਲਾਈਨਜ਼ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਘਟਨਾ ਸਥਾਨਕ ਸਮੇ ਅਨੁਸਾਰ ਸਵੇਰੇ 10.07 ਵਜੇ ਦੇ ਆਸ ਪਾਸ ਵਾਪਰੀ ਜਿਸ ਵਿਚ ਡੈਲਟਾ ਏਅਰ ਲਾਈਨਜ਼ ਦਾ ਇਕ ਜਹਾਜ਼ ਜੋ ਟੋਕੀਓ, ਜਪਾਨ ਜਾ ਰਿਹਾ ਸੀ, ਦਾ ਇਕ ਖੰਭ ਇਕ ਹੋਰ ਜਹਾਜ਼ ਜੋ ਲਫੇਟ, ਲੁਇਸਿਆਨਾ ਜਾ ਰਿਹਾ ਸੀ, ਦੇ ਪਿਛਲੇ ਹਿੱਸੇ ਨਾਲ ਖਹਿ ਗਿਆ। ਇਸ ਹਾਦਸੇ ਵਿਚ ਇਕ ਜਹਾਜ਼ ਦੇ ਪਿਛਲੇ ਹਿੱਸੇ ਤੇ ਦੂਸਰੇ ਜਹਾਜ਼ ਦੇ ਖੰਭ ਨੂੰ ਨੁਕਸਾਨ ਪੁੱਜਾ ਹੈ। ਏਅਰ ਲਾਈਨਜ਼ ਨੇ ਕਿਹਾ ਹੈ ਕਿ ਇਸ ਹਾਦਸੇ ਵਿਚ ਕੋਈ ਯਾਤਰੀ ਜ਼ਖਮੀ ਨਹੀਂ ਹੋਇਆ ਤੇ ਯਾਤਰੀਆਂ ਨੂੰ ਵਾਪਿਸ ਟਰਮੀਨਲ 'ਤੇ ਭੇਜਿਆ ਗਿਆ ਹੈ। ਉਨਾਂ ਨੂੰ ਬਦਲਵੀਆਂ ਉਡਾਣਾਂ ਰਾਹੀਂ ਉਨਾਂ ਦੇ ਟਿਕਾਣਿਆਂ 'ਤੇ ਪਹੁੰਚਾਇਆ ਜਾਵੇਗਾ।

# ਭਾਰਤੀ ਅਮਰੀਕੀ ਵਕੀਲ ਤੇ ਮੁੱਖ ਕਾਨੂੰਨੀ ਅਫਸਰ ਨੂੰ ਅਹੁੱਦੇ ਤੋਂ ਹਟਾਇਆ, ਦਫਤਰ ਵਿਚ ਅਣਉਚਿੱਤ ਸਬੰਧ ਬਣਾਉਣ ਦਾ ਮਾਮਲਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਭਾਰਤੀ ਅਮਰੀਕੀ ਵਕੀਲ ਤੇ ਨਾਰਫੋਲਕ ਸਾਊਦਰਨ ਕਾਰਪੋਰੇਸ਼ਨ ਦੇ ਚੀਫ ਲੀਗਲ ਅਫਸਰ ਨਾਬਨਿਤਾ ਚਟਰਜੀ ਨਾਗ ਨੂੰ ਕੰਮ ਵਾਲੇ ਸਥਾਨ 'ਤੇ ਸੀ ਈ ਓ ਐਲਨ ਸ਼ਾਅ ਨਾਲ ਅਣਉਚਿੱਤ ਸਬੰਧ ਬਣਾਉਣ ਦੇ ਮਾਮਲੇ ਦੀ ਜਾਂਚ ਉਪਰੰਤ ਅਹੁੱਦੇ ਤੋਂ ਫਾਰਗ ਕਰ ਦਿੱਤਾ ਗਿਆ ਹੈ। ਸ਼ਾਅ ਨੂੰ ਵੀ ਜਾਂਚ ਉਪਰੰਤ ਅਹੁੱਦੇ ਤੋਂ ਹਟਾ ਦਿੱਤਾ ਗਿਆ ਸੀ। ਜਾਂਚ ਅਨੁਸਾਰ ਸ਼ਾਅ ਨੇ ਦਫਤਰ ਵਿਚ ਅਣਉਚਿੱਤ ਸਬੰਧ ਬਣਾ ਕੇ ਕੰਪਨੀ ਦੀਆਂ ਨੀਤੀਆਂ ਤੇ ਨੈਤਿਕਤਾ ਕੋਡ ਦੀ ਉਲੰਘਣਾ ਕੀਤੀ ਹੈ। ਨਾਰਫੋਲਕ ਸਾਊਦਰਨ ਕਾਰਪੋਰੇਸ਼ਨ ਨੇ ਜਾਰੀ ਇਕ ਬਿਆਨ ਵਿਚ ਸਪੱਸ਼ਟ ਕੀਤਾ ਹੈ ਕਿ ਹਾਲਾਂ ਕਿ ਸਬੰਧ ਆਪਸੀ ਸਹਿਮਤੀ ਨਾਲ ਬਣਾਏ ਗਏ ਹਨ ਪਰੰਤੂ ਨਾਗ ਤੇ ਸ਼ਾਅ ਨੇ ਅਜਿਹਾ ਕਰਕੇ ਕੰਪਨੀ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ। ਕੰਪਨੀ ਨੇ ਕਿਹਾ ਹੈ ਮਾਮਲੇ ਦੀ ਹੋ ਰਹੀ ਜਾਂਚ ਦੌਰਾਨ ਮੁੱਢਲੇ ਤੌਰ 'ਤੇ ਇਹ ਗੱਲ ਸਪੱਸ਼ਟ ਹੋਈ ਹੈ ਕਿ ਸ਼ਾਅ ਨੇ ਕੰਪਨੀ ਦੇ ਚੀਫ ਲੀਗਲ ਅਫਸਰ ਨਾਲ ਸਹਿਮਤੀ ਨਾਲ ਸਬੰਧ ਬਣਾ ਕੇ ਕੰਪਨੀ ਦੀਆਂ ਨੀਤੀਆਂ ਦੀ ਉਲੰਘਣਾ ਕੀਤੀ ਹੈ। ਸ਼ਾਅ ਦੇ ਚਲੇ ਜਾਣ ਨਾਲ ਕੰਪਨੀ ਦੀ ਕਾਰਗੁਜਾਰੀ, ਵਿੱਤੀ ਵਿਵਸਥਾ ਜਾਂ ਕੰਮ ਕਾਰ 'ਤੇ ਕੋਈ ਅਸਰ ਨਹੀਂ ਪਵੇਗਾ। ਨਾਗ ਨੇ 2020 ਵਿਚ ਨਾਰਫੋਲਕ ਸਾਊਦਰਨ ਕਾਰਪੋਰਸ਼ਨ ਵਿਚ ਜਨਰਲ ਕੌਂਸਲ ਵਜੋਂ ਅਹੁੱਦਾ ਸੰਭਾਲਿਆ ਸੀ।

2022 ਵਿਚ ਉਸ ਨੂੰ ਤਰੱਕੀ ਦੇ ਕੇ ਚੀਫ ਲੀਗਲ ਅਫਸਰ ਬਣਾ ਦਿੱਤਾ ਗਿਆ ਸੀ ਤੇ 2023 ਵਿਚ ਉਸ ਨੂੰ ਕਾਰਪੋਰੇਟ ਮਾਮਲਿਆਂ ਦੀ ਕਾਰਜਕਾਰੀ ਉੱਪ ਪ੍ਰਧਾਨ ਬਣਾ ਦਿੱਤਾ ਗਿਆ ਸੀ।

# ਅਮਰੀਕਾ ਦੇ ਡਲਾਸ ਸ਼ਹਿਰ ਵਿਚ ਹੋਈ ਗੋਲੀਬਾਰੀ ਵਿੱਚ 3 ਵਿਅਕਤੀ ਜ਼ਖਮੀ, ਸ਼ੱਕੀ ਫਰਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਟੈਕਸਾਸ ਰਾਜ ਦੇ ਡਲਾਸ ਸ਼ਹਿਰ ਦੇ ਹੇਠਲੇ ਹਿੱਸੇ ਵਿਚ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੇ ਗੋਲੀਆਂ ਵੱਜਣ ਕਾਰਨ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਸ਼ੱਕੀ ਫਰਾਰ ਹੋ ਗਿਆ ਹੈ ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਡਲਾਸ ਦੇ ਪੁਲਿਸ ਲੈਫਟੀਨੈਂਟ ਟਰਾਮੀਸ ਜੋਨਜ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੀ ਹਾਲਤ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਉਨਾਂ ਕਿਹਾ ਹੈ ਕਿ ਸ਼ੱਕੀ ਦੀ ਪਛਾਣ ਨਹੀਂ ਹੋ ਸਕੀ ਤੇ ਮਾਮਲਾ ਅਜੇ ਜਾਂਚ ਅਧੀਨ ਹੈ। ਉਨਾਂ ਕਿਹਾ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਦੁਪਹਿਰ 12.15 ਘਟਨਾ ਸਥਾਨ 'ਤੇ ਪੁੱਜੇ। ਪੁਲਿਸ ਨੇ ਘਟਨਾ ਸਬੰਧੀ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਇਕ ਸਥਾਨਕ ਵਾਸੀ ਅਨੁਸਾਰ ਗੋਲੀਬਾਰੀ ਟਾਵਰ ਦੀ 8 ਵੀਂ ਮੰਜਿਲ 'ਤੇ ਹੋਈ ਹੈ। ਜ਼ਖਮੀਆਂ ਵਿਚ ਡਲਾਸ ਇੰਡੀਪੈਂਡੈਂਟ ਸਕੂਲ ਡਿਸਟ੍ਰਿਕਟ ਦਾ ਇਕ ਵਿਦਿਆਰਥੀ ਵੀ ਸ਼ਾਮਿਲ ਹੈ।



# ਐਡਮਿੰਟਨ ਵਿੱਚ ਵੀ ਛਾਇਆ ਮੰਗਲ ਹਠੂਰ ਦੀ ਕਲਮ ਦਾ ਜਾਦੂ



**ਵੈਨਕੂਵਰ (ਕੁਲਦੀਪ ਚੁੰਬਰ)–** ਪ੍ਰਸਿੱਧ ਗੀਤਕਾਰ ਸ਼ਾਇਰ ਅਤੇ ਨਾਵਲਕਾਰ ਮੰਗਲ ਹਠੂਰ ਦੀ ਕਨੇਡਾ ਐਡਮਿੰਟਨ ਵਿੱਚ ਮਹਿਫ਼ਲ ਬਹੁਤ ਹੀ ਭਰਵੀਂ ਰਹੀ। ਸ਼ਾਨ ਟਰੱਕਿੰਗ ਵਲੋਂ ਰੱਖੀ ਗਈ ਮਹਿਫ਼ਲ ਦੀ ਸ਼ੁਰੂਆਤ ਬਾਈ ਕੇਵਲ ਜਲਾਲਦੀਵਾਲ ਵਲੋਂ ਆਪਣੇ ਗੀਤਾਂ ਰਾਹੀਂ ਕੀਤੀ ਗਈ। ਸ਼ਾਇਰੋ ਸ਼ਾਇਰੀ ਦੀ ਰਾਤ ਦੇਰ ਤੱਕ ਚੱਲੀ ਮਹਿਫ਼ਲ ਵਿੱਚ "ਟਿਕਾਣਾ ਕੋਈ ਨਾ" ਕਿਤਾਬ ਵੀ ਰੂਬਰੂ ਕੀਤੀ ਗਈ। ਐਡਮਿੰਟਨ ਵਾਸੀਆਂ ਵਲੋਂ ਹਰ ਵਾਰ ਦੀ ਤਰ੍ਹਾਂ ਰਜਵਾਂ ਪਿਆਰ ਦੇ ਕੇ ਇਸ ਪੰਜਾਬੀ ਕਲਮ ਦਾ ਮਾਣ ਵਧਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸ਼ਾਨ ਟਰੱਕਿਗ ਦੀ ਸਾਰੀ ਟੀਮ ਹਾਜ਼ਰ ਸੀ।ਤਸਵੀਰਾਂ ਵਿੱਚ ਕੇਵਲ ਸਿੰਘ ਜਲਾਲਦੀਵਾਲ, ਕਮਲ ਘੁੰਮਣ, ਲਾਲੀ ਔਜਲਾ, ਰਾਜਵਿੰਦਰ ਸਿੰਘ, ਧਰਮਿੰਦਰ, ਸੁਖਦੇਵ ਗੋਇਲ, ਨਾਰਾਇਣ ਜੀ, ਹਰਪ੍ਰੀਤ ਰੋਮੀ, ਹਰਪ੍ਰੀਤ ਥਿੰਦ, ਰਮਨ ਥਿੰਦ, ਮਨਜੀਤ ਹਠੂਰ, ਸੁਖਮਿੰਦਰ ਗਰੇਵਾਲ (ਆਂਡਲੂ) ਬਲਜਿੰਦਰ ਗਰੇਵਾਲ (ਆਂਡਲੂ) ਸ਼ਾਨ ਵਿਪੀਇੰਗ ਗਰੁੱਪ, ਪਰਮਜੀਤ ਸਿੰਘ, ਲਖਵਿੰਦਰ ਅਟਵਾਲ, ਕੁਸ਼ਲ ਜਮਸ਼ੇਰ, ਬਿੰਦੂ ਜਲਾਲਦੀਵਾਲ ਅਤੇ ਐਡਮਿੰਟਨ ਦੀਆਂ ਬਹੁਤ ਸਾਰੀਆਂ ਹਸਤੀਆਂ ਨੇ ਹਿੱਸਾ ਲਿਆ। ਅੰਤ ਵਿੱਚ ਮੇਜਬਾਨ ਮੰਗਲ ਹਠੂਰ ਵਲੋਂ ਸਾਰੇ ਹੀ ਪਤਵੰਤਿਆਂ ਸੱਜਣਾ ਅਤੇ ਪ੍ਰੋਗਰਾਮ ਕਰਵਾਉਣ ਵਾਲੀਆਂ ਸ਼ਖਸ਼ੀਅਤਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।

# ਨਿੱਘੇ ਨਿਘਾਏ ਰਹਿਕੇ

ਕਾਹਤੋਂ ਫੂੰ ਫੂੰ ਕਰਨੀ ਯਾਰੋ, ਖੁਸ਼ੀ ਨਾਮੇ ਹੀ ਵਕਤ ਗੁਜ਼ਾਰੋ
ਤਾਸ਼ ਦੇ ਪੱਤਿਆਂ ਵਾਂਗ ਇਹ ਭੈੜਾ, ਦਿੰਦਾ ਜੱਗ ਖਿਲਾਰ
ਨਿੱਘੇ ਨਿਘਾਏ ਰਹਿਕੇ ਕੱਟੀਏ, ਜ਼ਿੰਦਗੀ ਦੇ ਦਿਨ ਚਾਰ

ਕਿਹੜੀ ਗੱਲੋਂ ਆਪਣੇ ਸੱਜਣਾ ਜਲਵੇ ਕਰ ਕਰ ਦੱਸਣੇ
ਛੋਛੇਬਾਜ਼ੀਆਂ ਕਰ ਨਾ ਇਥੇ ਹਰ ਇਕ ਨੇ ਤੰਦ ਕੱਸਣੇ
ਸਿਧ ਪੱਧਰਾ ਜੀਵਨ ਅਪਣਾ ਲੈ, ਨਾ ਤੂੰ ਫੁਕਰੀਆਂ ਮਾਰ
ਨਿੱਘੇ ਨਿਘਾਏ ਰਹਿਕੇ ਕੱਟੀਏ ....

ਬੰਦਾ ਛੋਟਾ ਹੋਏ ਜਾਂ ਵੱਡਾ ਸਭ ਦੀਆਂ ਕਰੀਏ ਕਦਰਾਂ
ਬਿਨਾਂ ਗੱਲ ਤੋਂ ਰੱਖ ਨਾ ਐਵੇਂ ਕੁੱਲ ਆਲਮ ਦੀਆਂ ਖ਼ਬਰਾਂ
ਰੁੱਖੀ ਮਿੱਸੀ ਖਾ ਕੇ ਪੀ ਲੈ, ਪਾਣੀ ਠੰਡਾ ਠਾਰ
ਨਿੱਘੇ ਨਿਘਾਏ ਰਹਿਕੇ ਕੱਟੀਏ ....

ਧੌਂਸਬਾਜੀਆਂ ਕਾਹਦੀਆਂ ਏਥੇ ਰੱਬ ਦੀ ਰਜ਼ਾ 'ਚ ਰਹੀਏ
ਉੱਚਾ ਨੀਵਾਂ ਬੋਲ ਕਦੇ ਨਾ ਕਿਸੇ ਨੂੰ ਭੁੱਲ ਕੇ ਕਹੀਏ
ਇਹ ਜ਼ਿੰਦਗੀ ਦੀ ਬਾਜੀ ਸੱਜਣਾ, ਇੱਕ ਦਿਨ ਜਾਣੀ ਹਾਰ
ਨਿੱਘੇ ਨਿਘਾਏ ਰਹਿਕੇ ਕੱਟੀਏ ....

'ਚੁੰਬਰਾ' ਅੱਖ ਵਿੱਚ ਰੜਕੇ ਜਿਹੜਾ ਓਸਦਾ ਜੱਗ ਹੈ ਵੈਰੀ
ਓਸਦੇ ਹਰ ਇੱਕ ਕੰਮ ਤੇ ਆਲਮ ਰੱਖਦਾ ਹੈ ਅੱਖ ਗਹਿਰੀ
ਇਹ ਰਸਤਾ ਹੈ ਕੰਡਿਆਂ ਭਰਿਆ, ਹੋ ਕੇ ਰਹਿ ਹੁਸ਼ਿਆਰ
ਨਿੱਘੇ ਨਿਘਾਏ ਰਹਿਕੇ ਕੱਟੀਏ ....



**ਪੇਸ਼ਕਸ਼:**
**ਕੁਲਦੀਪ ਚੁੰਬਰ ਕਨੇਡਾ**

# ਮਿਸ਼ਨ ਪੇਅ ਬੈਕ ਟੂ ਸੁਸਾਇਟੀ ਵਲੋਂ 24 ਸਤੰਬਰ ਨੂੰ ਪਿੰਡ ਕਲਸੇਹੜਾ ਵਿੱਚ ਪੂਨਾ ਪੈਕਟ ਦਿਵਸ ਸਬੰਧੀ ਕਰਵਾਏ ਜਾ ਰਹੇ ਪ੍ਰੋਗਰਾਮ ਦੀ ਤਿਆਰੀ ਲਈ ਮੀਟਿੰਗ ਕੀਤੀ ਗਈ



ਮਿਸ਼ਨ ਪੇਅ ਬੈਕ ਟੂ ਸੁਸਾਇਟੀ ਵਲੋਂ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਸਭਾ ਕਲਸੇੜਾ ਨਾਲ ਮਿਲਕੇ ਮਿਤੀ 24 ਸਤੰਬਰ ਨੂੰ ਸ਼ਾਮ ਨੂੰ 5 ਵਜੇ ਪਿੰਡ ਕਲਸੇੜਾ ਵਿੱਚ ਪੂਨਾ ਪੈਕਟ ਦਿਵਸ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ ਵਿਸ਼ਾ ਮਾਹਿਰ ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਗੇ।

ਇਸ ਪ੍ਰੋਗਰਾਮ ਦੀ ਤਿਆਰੀ ਲਈ ਸਭਾ ਆਗੂਆਂ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਸਭਾ ਦੇ ਪ੍ਰਧਾਨ ਰਾਕੇਸ਼ ਕੁਮਾਰ ਭਾਟੀਆ, ਅਮਰਜੀਤ, ਮੋਤੀ ਲਾਲ, ਵਿਸ਼ਾਲ ਭਾਟੀਆ, ਗੁਰਪ੍ਰੀਤ ਸਿੰਘ, ਰਾਜਨ, ਅਸ਼ਵਨੀ ਕੁਮਾਰ, ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਸਤੀਸ਼ ਕੁਮਾਰ, ਮਨੋਜ ਬੱਧਨ, ਤਰਸੇਮ ਸਹੋਤਾ, ਐਡਵੋਕੇਟ ਕੁਲਦੀਪ ਚੰਦ ਆਦਿ ਹਾਜਿਰ ਸਨ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੂਨਾ ਪੈਕਟ ਦਿਵਸ ਸਬੰਧੀ ਪ੍ਰੋਗਰਾਮ 24 ਸਤੰਬਰ ਨੂੰ ਸ਼੍ਰੀ ਗੁਰੂ ਰਵਿਦਾਸ ਮੰਦਿਰ ਦੇ ਹਾਲ ਵਿੱਚ ਸ਼ਾਮ 5 ਵਜੇ ਤੋਂ 7 ਵਜੇ ਤੱਕ ਕੀਤਾ ਜਾਵੇਗਾ ਅਤੇ ਇਸ ਪ੍ਰੋਗਰਾਮ ਵਿੱਚ ਆਸ ਪਾਸ ਦੇ ਲੋਕਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ ਤਾਂ ਜੋ ਪੂਨਾ ਪੈਕਟ ਸਬੰਧੀ ਸਹੀ ਜਾਣਕਾਰੀ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਈ ਜਾ ਸਕੇ।

**ਕੁਲਦੀਪ ਚੰਦ 9417563054**

# ਜੰਮੂ-ਕਸ਼ਮੀਰ ’ਚ ਪਹਿਲੇ ਪੜਾਅ ਦੀ ਵੋਟਿੰਗ ਖਤਮ; 58.19 ਫੀਸਦੀ ਵੋਟਿੰਗ



**ਜੰਮੂ–** ਜੰਮੂ ਅਤੇ ਕਸ਼ਮੀਰ ਦੇ ਮੁੱਖ ਚੋਣ ਅਫ਼ਸਰ ਪੀਕੇ ਪੋਲੇ ਨੇ ਬੁੱਧਵਾਰ ਨੂੰ ਕਿਹਾ ਕਿ ਇਸ ਕੇਂਦਰੀ ਸ਼ਾਸਿਤ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ਲਈ ਵੋਟਿੰਗ ਸਮਾਪਤ ਹੋ ਗਈ ਤੇ ਸ਼ਾਮ ਪੰਜ ਵਜੇ ਤਕ 58.19 ਫੀਸਦੀ ਵੋਟਿੰਗ ਹੋਈ। ਇਸ ਦੌਰਾਨ ਕਿਸ਼ਤਵਾੜ ਵਿੱਚ ਸਭ ਤੋਂ ਵੱਧ 77.23 ਫੀਸਦੀ ਵੋਟਾਂ ਪਈਆਂ। ਇੱਥੇ ਸਵੇਰ ਤੋਂ ਹੀ ਵੋਟਾਂ ਪਾਉਣ ਲਈ ਲੋਕਾਂ ਦੀਆਂ ਲੰਮੀਆਂ ਕਤਾਰਾਂ ਲੱ- ਗੀਆਂ ਰਹੀਆਂ। ਜੰਮੂ ਕਸ਼ਮੀਰ ਵਿਚ ਇਕ ਦੋ ਥਾਵਾਂ ਨੂੰ ਛੱਡ ਕੇ ਵੋਟਾਂ ਅਮਨ ਅਮਾਨ ਨਾਲ ਪਈਆਂ। ਇਸ ਤੋਂ ਪਹਿਲਾਂ ਚੋਣ ਅਧਿਕਾਰੀਆਂ ਨੇ ਕਿਹਾ ਸੀ ਕਿ ਇਸ ਵਾਰ ਵੋਟਾਂ 60 ਫੀਸਦੀ ਦੇ ਕਰੀਬ ਪੈਣਗੀਆਂ। ਮੁੱਖ ਚੋਣ ਅਧਿਕਾਰੀ ਪੀਕੇ ਪੋਲ ਨੇ ਕਿਹਾ ਕਿ ਪੋਲਿੰਗ ਸ਼ਾਂਤੀਪੂਰਵਕ ਰਹੀ ਅਤੇ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਅਧਿਕਾਰੀਆਂ ਨੇ ਦੱਸਿਆ ਕਿ ਬਾਅਦ ਦੁਪਹਿਰ ਇਕ ਵਜੇ ਤੱਕ ਕੁੱਲ ਮਿਲਾ ਕੇ 41.17 ਫ਼ੀਸਦੀ ਪੋਲਿੰਗ ਹੋਈ ਸੀ। ਕਸ਼ਮੀਰ ਵਾਦੀ ਦੇ 16 ਹਲਕਿਆਂ ਵਿਚੋਂ ਪਹਿਲਗਾਮ ਵਿਚ ਸਭ ਤੋਂ ਵੱਧ 47.68 ਅਤੇ ਤਰਾਲ ਵਿਚ ਸਭ ਤੋਂ ਘੱਟ 26.75 ਫ਼ੀਸਦੀ ਵੋਟਾਂ ਪਈਆਂ ਸਨ। ਸਮੁੱਚੇ ਹਲਕਿਆਂ ਵਿਚੋਂ ਦੇਖਿਆ ਜਾਵੇ ਤਾਂ ਬਾਅਦ ਦੁਪਹਿਰ 1 ਵਜੇ ਤੱਕ ਜੰਮੂ ਖ਼ਿੱਤੇ ਦੇ ਇੰਦਰਵਾਲ ਹਲਕੇ ਵਿਚ ਸਭ ਤੋਂ ਵੱਧ 60.01 ਫ਼ੀਸਦੀ ਵੋਟਾਂ ਪਈਆਂ।

# ਕਾਂਗਰਸ ਨੇ ਰਵਨੀਤ ਬਿੱਟੂ ਸਮੇਤ ਚਾਰ ਆਗੂਆਂ ਵਿਰੁੱਧ ਪੁਲਿਸ ਸ਼ਿਕਾਇਤ ਦਰਜ ਕਰਵਾਈ



**ਨਵੀਂ ਦਿੱਲੀ–** ਕਾਂਗਰਸ ਪਾਰਟੀ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਖ਼ਿਲਾਫ਼ ਵਿਵਾਦਤ ਟਿੱਪਣੀ ਕਰਨ ਅਤੇ ਧਮਕੀ ਭਰਿਆ ਬਿਆਨ ਦੇਣ ’ਤੇ ਬੁੱਧਵਾਰ ਨੂੰ ਕੇਂਦਰੀ ਮੰਤਰੀ ਰਵਨੀਤ ਬਿੱਟੂ ਸਮੇਤ ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਦੇ ਚਾਰ ਆਗੂਆਂ ਵਿਰੁੱਧ ਪੁਲੀਸ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਐਫ਼ਆਈਆਰ ਦਰਜ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਪਾਰਟੀ ਦੇ ਖਜ਼ਾਨਚੀ ਅਜੇ ਮਾਕਨ ਵੱਲੋਂ ਤੁਗਲਕ ਰੋਡ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਜਾ ਰਹੀ ਹੈ ਕਿਉਕਿ ਉਹ ਦਲਿਤ, ਪਛੜੇ ਵਰਗ, ਘੱਟ ਗਿਣਤੀਆਂ ਅਤੇ ਸੰਵਿਧਾਨ ਨੂੰ ਬਚਾਉਣ ਦੀ ਗੱਲ ਕਰਦੇ ਹਨ। ਇਸ ਮੌਕੇ ਕਾਂਗਰਸ ਨੇ ਕੇਂਦਰੀ ਮੰਤਰੀ ਰਵਨੀਤ ਬਿੱਟੂ, ਭਾਜਪਾ ਆਗੂ ਤਰਵਿੰਦਰ ਮਾਰਵਾਹ, ਯੂਪੀ ਸਰਕਾਰ ਦੇ ਮੰਤਰੀ ਰਘੁਰਾਜ ਸਿੰਘ, ਸ਼ਿਵ ਸੈਨਾ ਦੇ ਵਿਧਾਇਕ ਸੰਜੈ ਗਾਇਕਵਾੜ ਵਿਰੁੱਧ 351, 352, 353, 61 ਤੇ ਤਹਿਤ ਐਫ਼ਆਈਆਰ ਦਰਜ ਕਰਨ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਹਾਲ ਹੀ ਵਿਚ ਅਮਰੀਕਾ ਯਾਤਰਾ ਦੌਰਾ ਰਾਹੁਲ ਗਾਂਧੀ ਦੀ ਸਿੱਖਾਂ ਪ੍ਰਤੀ ਕੀਤੀ ਟਿੱਪਣੀ ਨੂੰ ਲੈ ਕੇ ਆਲੋਚਨਾ ਕਰਦਿਆਂ ਉਨ੍ਹਾਂ ਨੂੰ ਦੇਸ਼ ਦਾ ਸਭ ਤੋਂ ਵੱਡਾ ਦੁਸ਼ਮਣ ਅਤੇ ਅਤਿਵਾਦੀ ਕਿਹਾ ਸੀ ਅਤੇ ਇਸ ਤੋਂ ਇਲਾਵਾ ਬਾਕੀ ਆਗੂਆਂ ਨੇ ਰਾਹੁਲ ਗਾਂਧੀ ਵਿਰੁੱਧ ਵਿਵਾਦ ਭਰਪੂਰ ਬਿਆਨ ਦਿੱਤੇ ਸਨ।



# ਇੰਡੀਅਨ ਕਮਿਊਨਿਟੀ ਦੀਆਂ ਸੇਵਾਵਾਂ ਨਿਭਾਉਣ ਬਦਲੇ ਲੋਕ ਗਾਇਕ ਹੀਰਾ ਧਾਲੀਵਾਲ ਦੂਜੀ ਵਾਰ ਅੰਤਰਰਾਸ਼ਟਰੀ ਐਵਾਰਡ ਨਾਲ ਸਨਮਾਨਿਤ

## "ਕਿੰਗ ਪੰਜਾਬ" ਗੀਤ ਨਾਲ ਕੀਤਾ ਪੰਜਾਬੀਆਂ ਦਾ ਸਿਰ ਉੱਚਾ

**ਵੈਨਕੂਵਰ (ਕੁਲਦੀਪ ਚੁੰਬਰ)-** ਪ੍ਰਸਿੱਧ ਲੋਕ ਗਾਇਕ ਹੀਰਾ ਧਾਰੀਵਾਲ ਆਪਣੇ ਸੁਪਰਹਿੱਟ ਗੀਤਾਂ ਕਰਕੇ ਪੰਜਾਬੀ ਸਰੋਤਿਆਂ ਦੇ ਦਿਲਾਂ ਤੇ ਜਿੱਥੇ ਪਹਿਲਾਂ ਹੀ ਰਾਜ ਕਰ ਰਿਹਾ ਹੈ ਉੱਥੇ ਹੀ ਉਸ ਦੀਆਂ ਪੰਜਾਬੀ ਸੱਭਿਆਚਾਰ ਦੀਆਂ ਕੋਮਲ ਕਲਾਵਾਂ ਵਿੱਚ ਕੀਤੀਆਂ ਜਾ ਰਹੀਆਂ ਗਤੀਵਿਧੀਆਂ , ਸਮਾਜ ਸੇਵਾਵਾਂ, ਵਿਲੱਖਣ ਪ੍ਰਾਪਤੀਆਂ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਿੱਤਾਂ ਵਿੱਚ ਕੀਤੇ ਜਾ ਰਹੇ ਕੰਮਾਂ ਪ੍ਰਤੀ ਸੁਹਿਰਦਤਾ ਨੂੰ ਦੇਖਦਿਆਂ ਉਸ ਦਾ ਵਿਸ਼ੇਸ਼ ਐਵਾਰਡ ਨਾਲ ਕੀਤਾ ਗਿਆ ਸਨਮਾਨ ਪੰਜਾਬੀਆਂ ਦਾ ਵਿਦੇਸ਼ ਦੀ ਧਰਤੀ ਤੇ ਸਿਰ ਉੱਚਾ ਕਰ ਗਿਆ । ਜ਼ਿਕਰਯੋਗ ਹੈ ਕਿ ਉਸ ਦੇ ਬਿਲਕੁਲ ਨਵੇਂ ਨਕੋਰ ਆਏ ਗੀਤ 'ਕਿੰਗ ਪੰਜਾਬ" ਨੂੰ ਜਿੱਥੇ ਦੁਨੀਆਂ ਭਰ ਵਿੱਚ ਪ੍ਰਸਿੱਧੀ ਮਿਲੀ, ਉੱਥੇ ਹੀ ਉਸ ਨੂੰ ਇਸ ਮਿਲੇ ਐਵਾਰਡ ਨਾਲ ਵੱਡਾ ਮਾਣ ਮਹਿਸੂਸ ਹੋਇਆ ਹੈ । ਉਸ ਨੂੰ ਕਨੇਡਾ ਦੇ ਓਨਟਾਰੀਓ ਵਿਚ ਚੇਅਰਮੈਨ ਐਮ ਏ ਪੀ ਐਚ ਸਟਾਰਟ ਫੋਰਡ ਸਿਟੀ




ਕੌਂਸਲਰ ਵਲੋਂ ਗੇਜਾ ਵਰਡੋਫਾ ਐਵਾਰਡ ਪ੍ਰਾਪਤ ਹੋਇਆ। ਲਿਸਟੋਵਲ ਚੈਂਬਰ ਆਫ਼ ਕਾਮਰਸ ਵਿਖੇ ਇਹ ਐਵਾਰਡ ਹਾਸਲ ਕਰਨ ਵੇਲੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਐਮ ਏ ਪੀ ਐਚ ਸਿਟੀ ਕੌਂਸਲਰ ਗੇਜਾ ਵਰਡੋਫਾ ਅਤੇ ਉਨ੍ਹਾਂ ਦੀ ਪੂਰੀ ਟੀਮ ਦੇ ਮੈਂਬਰ ਹਾਜ਼ਰ ਸਨ। ਇਹ ਮਾਨਮੱਤਾ ਐਵਾਰਡ ਉਨ੍ਹਾਂ ਦੀਆਂ ਵਿਲੱਖਣ ਪ੍ਰਾਪਤੀਆਂ ਅਤੇ ਪੰਜਾਬੀਆਂ ਲਈ ਕੀਤੇ ਗਏ ਸਮਾਜਿਕ ਕੰਮਾਂ ਕਰਕੇ ਮਿਲਿਆ ਹੈ।

ਇੰਟਰਨੈਸ਼ਨਲ ਗਾਇਕ ਹੀਰਾ ਧਾਰੀਵਾਲ ਦਾ ਮਾਣ ਹਾਸਲ ਕਰਨਾ ਆਪਣੇ ਆਪ ਵਿੱਚ ਇੱਕ ਵੱਡੀ ਮਿਸਾਲ ਹੈ, ਉਨ੍ਹਾਂ ਦੇ ਮਿੱਤਰ ਸਨੇਹੀਆਂ ਅਤੇ ਇੰਡੀਅਨ ਕਮਿਊਨਿਟੀ ਅਤੇ ਕਨੇਡੀਅਨ ਲੋਕਾਂ ਨੇ ਲੋਕ ਗਾਇਕ ਹੀਰਾ ਧਾਲੀਵਾਲ ਨੂੰ ਇਹ ਸਨਮਾਨ ਲਈ ਆਪਣੀਆਂ ਦਿਲੀ ਸ਼ੁਭਕਾਮਨਾਵਾਂ ਦਿੱਤੀਆਂ ਹਨ ਅਤੇ ਅੱਗੇ ਤੋਂ ਵੀ ਇਸ ਤਰ੍ਹਾਂ ਹੀ ਕਮਿਊਨਿਟੀ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਕਰਨ ਦੀ ਆਸ ਜਤਾਈ ਹੈ।

# ਓਐਮਆਰ ਸੀਟ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿੱਚ ਸ਼ਾਮਿਲ ਕੀਤੀ ਜਾਵੇ

ਹਰ ਪਰੀਖਿਆ ਵਿੱਚ ਵਰਤੀ ਜਾਣ ਵਾਲੀ ਓਆਰਐਮ ਸੀਟ ੍ਆਪਟੀਕਲ ਮਾਰਕ ਰਿਕੋਗਨਾਇਜ ਸੀਟ ਨੂੰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਮੋਹਾਲੀ ਦੇ ਜਮਾਤ ਦੂਜੀ ਤੋਂ ਦਸਵੀਂ ਅਤੇ ਬਾਹਰਵੀਂ ਤੱਕ ਦੇ ਲਾਜਮੀ ਸਿਲੇਬਸ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਓਐਮਆਰ ਸੀਟ ਦੀ ਵਰਤੋਂ ਹਰ ਤਰਾਂ ਦੀ ਪਰੀਖਿਆ ਵਿੱਚ ਵਰਤੀ ਜਾਂਦੀ ਹੈ। ਇਸ ਓਐਮਆਰ ਸੀਟ ਨੂੰ ਕੰਪਿਊਟਰ ਦੀ ਸਹਾਇਤਾ ਨਾਲ ਸਕੈਨ ਕਰਕੇ ਵੀ ਚੈਕ ਕੀਤਾ ਜਾ ਸਕਦਾ ਹੈ। ਇਹ ਓਐਮਆਰ ਸੀਟ ਦਾ ਸਿਲੇਬਸ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ ਨਗਰ ਮੋਹਾਲੀ ਦੀਆਂ ਪਾਠ ਪੁਸਤਕਾਂ ਵਿੱਚ ਨਹੀ ਹੈ।ਪਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧੀਨ ਪ੍ਰਾਇਮਰੀ, ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਤੇ ਹੋਰ ਕੈਟਾਗਰੀ ਸਕੂਲਾਂ ਵਿੱਚ ਕੰਮਪਿਊਟਰ ਸਿੱਖਿਆ ਵਿਦਿਆਰਥੀਆਂ ਨੂੰ ਵਧੀਆ ਢੰਗ ਨਾਲ ਦਿੱਤੀ ਜਾ ਰਹੀ ਹੈ। ਵਿਦਿਆਰਥੀਆਂ ਨੂੰ ਜਮਾਤ ਦੂਜੀ ਤੋਂ ਬਾਹਰਵੀਂ ਤੱਕ ਵਕਤ ਦੇ ਹਾਣੀ ਬਣਾਉਣ ਲਈ ਓਐਮਆਰ ਸੀਟ ਨੂੰ ਦੋਰਡ ਦੇ ਮੈਥ ਅਤੇ ਅੰਗਰੇਜੀ ਵਿਸ਼ੇ ਵਿੱਚ ਸ਼ਾਮਿਲ ਕਰਨਾ ਵਕਤ ਦੀ ਮੰਗ ਹੈ। ਕੰਪਿਊਟਰ ਵਿਸ਼ੇ ਦੇ ਸਿਲੇਬਸ ਵਿੱਚ ਵੀ ਓਐਮਆਰ ਸੀਟ ਸਬੰਧੀ ਪਾਠ ਸ਼ਾਮਿਲ ਕੀਤੇ ਜਾਣੇ ਜਰੂਰੀ ਹਨ। ਹੁਣ ਸਕੂਲਾਂ ਵਿੱਚ ਬਹੁਤ ਸਾਰੀਆਂ ਅਜਿਹੀਆਂ ਗੁਣਆਤਮਿਕ ਪਰੀਖਿਆਵਾਂ ਅਕਸਰ ਹੁੰਦੀਆਂ ਹਨ ਜਿਹਨਾਂ ਵਿੱਚ ਓਐਮਆਰ ਸੀਟ ਦੀ ਵਰਤੋਂ ਕੀਤੀ ਜਾਂਦੀ ਹੈ। ਸਲਾਨਾ ਪੀਖਿਆਵਾਂ ਵਿੱਚ ਵੀ ਓਐਮਆਰ ਸੀਟ ਦੇ ਕਾਲਮ ਹੁੰਦੇ ਹਨ। ਸਟੇਟ ਕੌਂਸ਼ਲ ਆਫ ਐਜੂਕੇਸ਼ਨ ਰਿਸਰਚ ਐਡ ਟਰੇਨਿਗ ਪੰਜਾਬ ਵੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਣ ਲਈ ਓਐਮਆਰ ਸੀਟਾਂ ਰਾਹੀ ਹੀ ਪਰੀਖਿਆਵਾਂ ਲੈ ਰਿਹਾ ਹੈ। ਐਸਸੀਈਆਰਟੀ ਦੀਆਂ ਕੰਮਪੀਟੈਨਸੀ ਇਨਹੈਸਮੈਂਟ ਪਲਾਨ ੍ਸੀਪਃ ਨਾਲ ਸਬੰਧਤ ਵਰਕਸੀਟਾਂ ਅਤੇ ਪ੍ਰੈਕਟਿਸ ਸੀਟਾਂ ਦੇ ਟੈਸਟ ਅਤੇ ਹੋਰ ਟੈਸਟ ਵੀ ਵਿਦਿਆਰਥੀਆਂ ਨੂੰ ਓਐਮਆਰ ਸੀਟਾਂ ਉੱਤੇ ਹੀ ਦੇਣੇ ਪੈ ਰਹੇ ਹਨ। ਇਸ ਤੋਂ ਇਲਾਵਾ ਹਰ ਤਰਾਂ ਦੀਆਂ ਹੋਰ ਪਰੀਖਿਆਵਾਂ ਵੀ ਇਸ ਯੁੱਗ ਵਿੱਚ ਓਐਮਆਰ ਸੀਟ ਉੱਤੇ ਹੀ ਲਈ ਜਾਂਦੀ ਹੈ। ਸਕੂਲ ਦੀ ਪੜ੍ਹਾਈ ਤੋਂ ਬਾਅਦ ਹੋਣ ਵਾਲੇ ਹਰ ਤਰਾਂ ਦੇ ਟੈਸਟ/ਪਰੀਖਿਆਵਾਂ ਵੀ ਓਐਮਆਰ ਸੀਟ ਉੱਤੇ ਹੀ ਹੁੰਦੀਆਂ ਹਨ। ਪਰ ਅਚਾਨਕ ਓਐਮਆਰ ਸੀਟ ਨੂੰ ਪਹਿਲੀ ਵਾਰ ਵੇਖ ਕੇ ਅਕਸਰ ਵਿਦਿਆਰਥੀ ਘਬਰਾ ਜਾਂਦੇ ਹਨ ਅਤੇ ਸਹੀ ਢੰਗ ਨਾਲ ਸੀਟ ਦੇ ਕਾਲਮ ਨਹੀ ਭਰ ਪਾਉਂਦੇ ਜਦ ਕਿ ਉਹਨਾਂ ਨੂੰ ਸਾਰੇ ਪ੍ਰਸ਼ਨਾ ਦੇ ਉੱਤਰ ਸਹੀ ਆਉਂਦੇ ਹਨ। ਓਐਮਆਰ ਸੀਟ ਜਦੋਂ ਕਦੇ-ਕਦਾਈ ਹੀ ਵਿਦਿਆਰਥੀਆਂ ਨੂੰ ਅਚਾਨਕ ਭਰਨੀ ਪੈਂਦੀ ਹੈ ਤਾਂ ਉਹ ਉਲਝ ਜਾਂਦੇ ਹਨ। ਸਹੀ ਢੰਗ ਨਾਲ ਨਹੀ



ਭਰ ਸਕਦੇ ਹਨ। ਇਸ ਤਰਾਂ ਵਿਦਿਆਰਥੀ ਅਤੇ ਅਧਿਆਪਕ ਦੋਨੋ ਪ੍ਰੇਸ਼ਾਨ ਹੋ ਜਾਂਦੇ ਹਨ। ਵਿਦਿਆਰਥੀ ਤਨਾਵ ਵਿੱਚ ਚਲੇ ਜਾਂਦੇ ਹਨ। ਇਸ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਨੂੰ ਓਐਮਆਰ ਸੀਟ ਸਬੰਧੀ ਪੂਰੀ ਜਾਣਕਾਰੀ ਆਪਣੀਆਂ ਸਿਲੇਬਸ ਦੀਆਂ ਪੁਸਤਕਾਂ ਵਿੱਚ ਸ਼ਾਮਿਲ ਕਰ ਲੈਣੀ ਚਾਹੀਦੀ ਹੈ। ਇਸ ਤਰਾਂ ਬੋਰਡ ਦੇ ਅਧੀਨ ਸਕੂਲਾਂ ਦੇ ਵਿਦਿਆਰਥੀ ਹੋਰ ਸਫਲਤਾਂ ਦੀਆਂ ਮੰਜਿਲਾਂ ਨੂੰ ਛੂਹ ਸਕਦੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਨਾਮ ਪਹਿਲਾਂ ਹੀ ਪੂਰੇ ਭਾਰਤ ਦੇ ਬੋਰਡਾਂ ਵਿੱਚ ਰੌਸ਼ਨ ਹੈ। ਓਐਮਆਰ ਸੀਟ ਦਾ ਪੂਰਾ ਸਿਲੇਬਸ ਜਮਾਤ ਦੂਜੀ ਤੋਂ ਪੁਸਤਕਾਂ ਵਿੱਚ ਛਾਪ ਦਿੱਤਾ ਜਾਵੇ ਅਤੇ ਦਸਵੀਂ ਬਾਹਰਵੀਂ ਜਮਾਤ ਤੱਕ ਜਾਰੀ ਰਹਿਣ ਦਿੱਤਾ ਜਾਵੇ। ਬੋਰਡ ਵੱਲੋਂ ਛਾਪੀਆਂ ਜਾਂਦੀਆਂ ਸਿਲੇਬਸ ਨਾਲ ਸਬੰਧਤ ਪੁਸਤਕਾਂ ਦੀ ਜਿਲਤ ਦੇ ਬਾਹਰ ਵੀ ਓਐਮਆਰ ਸੀਟ ਛਾਪੀ ਜਾਵੇ ਤਾਂ ਜੋ ਵਿਦਿਆਰਥੀਆਂ ਦੇ ਗਿਆਨ ਵਿੱਚ ਓਐਮਆਰ ਸੀਟ ਬਾਬਤ ਵਾਧਾ ਹੋ ਸਕੇ। ਬੋਰਡ ਨਾਲ ਸਬੰਧਤ ਪੁਸਤਕਾਂ ਵਿੱਚ ਚਾਰ-ਪੰਜ ਵਧੀਆ ਛਪਾਈ ਵਾਲੀਆਂ ਓਐਮਆਰ ਸੀਟਾਂ ਛਾਪ ਦਿੱਤੀਆਂ ਜਾਣ। ਜਮਾਤ ਦੂਜੀ ਤੋਂ ਬਾਹਰਵੀਂ ਤੱਕ ਦੇ ਵਿਦਿਆਰਥੀਆਂ ਨੂੰ ਮੈਥ ਅਤੇ ਅੰਗਰੇਜੀ ਵਿਸ਼ੇ ਵਿੱਚ ਓਐਮਆਰ ਸੀਟ ਨਾਲ ਸਬੰਧਤ ਲਾਜਮੀ ਪਾਠ/ਅਭਿਆਸ ਲਗਾਇਆ ਜਾਵੇ। ਇਹਨਾਂ ਪਾਠਾਂ ਵਿੱਚ ਓਐਮਆਰ ਸੀਟ ਨਾਲ ਸਬੰਧਤ ਪ੍ਰਸ਼ਨ-ਉੱਤਰ ਪਾਠ ਦੇ ਅਭਿਆਸ ਵਿੱਚ ਛਾਪੇ ਜਾਣ। ਓਐਮਆਰ ਸੀਟ ਨਾਲ ਸਬੰਧਤ ਜਾਣਕਾਰੀ ਪੂਰੀ ਤਰਾਂ ਛਾਪੀ ਜਾਵੇ। ਇਸ ਪਾਠ ਨਾਲ ਸਬੰਧਤ ਪ੍ਰਸ਼ਨ ਸਲਾਨਾ ਪਰੀਖਿਆ ਅਤੇ ਘਰੇਲੂ ਪਰੀਖਿਆਵਾਂ ਵਿੱਚ ਘੱਟੋ ਘੱਟ ਦਸ ਨੰਬਰ ਦੇ ਪੁੱਛੇ ਜਾਣ। ਪਰੈਕਟੀਕਲ ਪੀਰੀਖਿਆਵਾਂ ਵਾਲੇ ਪੇਪਰਾਂ ਵਿੱਚ ਵੀ ਓਐਮਆਰ ਸੀਟਾਂ ਨਾਲ ਸਬੰਧਤ ਸਿਲੇਬਰ ਸ਼ਾਮਿਲ ਕੀਤਾ ਜਾ ਸਕਦਾ ਹੈ। ਸਕੂਲਾਂ ਦੇ ਵਿੱਦਿਅਕ ਕੈਲੰਡਰ ਅਤੇ ਮੁਕਾਬਲਿਆਂ ਵਿੱਚ ਸਕੂਲ.ਬਲਾਕ.ਜਿਲ੍ਹਾਂ, ਸਟੇਟ ਪੱਧਰ ਉੱਤੇ ਓਐਮਆਰ ਸੀਟਾਂ ਨਾਲ ਸਬੰਧਤ ਮੁਕਾਬਲੇ ਕਰਵਾਏ ਜਾਣੇ ਚਾਹੀਦੇ ਹਨ।ਇਸ ਤਰਾਂ ਵਿਦਿਆਰਥੀ ਓਐਮਆਰ ਸੀਟ ਨੂੰ ਚੰਗੀ ਤਰਾਂ ਸਕੂ.ਲ ਪੜ੍ਹਾਈ ਦੌਰਾਨ ਸਮਝ ਲੈਣਗੇ ਜੋ ਭਵਿੱਖ ਵਿੱਚ ਉਹਨਾਂ ਲਈ ਫਾਇਦੇਮੰਦ ਹੋਵੇਗਾ। ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਦੇ ਸਿਲੇਬਸ ਵਿੱਚ ਸਟਾਫ ਸਿਲੈਕਸਨ ਕਮੀਸ਼ਨ ੍ਐਸਐਸਸੀ, ਐਸਐਸ. ਬੋਰਡ, ਪੀਪੀਐਸਸੀ, ਯੂਪੀਐਸਸੀ, ਕੰਮਬਾਇਨ ਡਿਫੈਂਸ ਸਰਵਿਸਜ ਪਰੀਖਿਆ, ਨੀਟ ਅਤੇ ਕਲੈਟ ਪਰੀਖਿਆ, ਇੰਨਜੀਨੀਅਰ ਪਰੀਖਿਆ, ਪੈਰਾਮਿਲਟਰੀ ਫੌਰਸ ਪਰੀਖਿਆ ਅਤੇ ਜੇਈ ਪਰੀਖਿਆ ਨਾਲ ਸਬੰਧਤ ਓਐਮਆਰ ਸੀਟਾਂ ਨੂੰ ਛਾਪਿਆ ਜਾਵੇ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਜਮਾਤ ਅੱਠਵੀਂ, ਦਸਵੀਂ ਅਤੇ ਬਾਹਰਵੀਂ ਦੀ ਸਲਾਨਾ ਪਰੀਖਿਆ ਦੀ ਓਐਮਆਰ ਸੀਟ ਲਾਜਮੀ ਪ੍ਰਸ਼ਨ ਦੇ ਤੌਰ ਉੱਤੇ ਛਾਪੀ ਜਾਵੇ। ਇਹਨਾਂ ਸੀਟਾਂ ਤੋਂ ਅੰਕਾਂ ਨੂੰ ਚੈਕ ਕਰਨ ਦੀ ਵਿਧੀ ਦਾ ਗਿਆਨ ਵੀ ਵਿਦਿਆਰਥੀਆਂ ਲਈ ਛਾਪਿਆ ਜਾਵੇ। ਓਐਮਆਰ ਸੀਟ ਅੱਜ ਦੀ ਸਕੂਲ ਪੜ੍ਹਾਈ ਵਿੱਚ ਜਰੂਰੀ ਚੀਜ ਹੈ। ਇਸ ਲਈ ਓਐਮਆਰ ਸੀਟ ਨੂੰ ਸਿਲੇਬਸ ਵਿੱਚ ਸਾਮਿਲ ਕਰਨਾ ਵੀ ਜਰੂਰੀ ਹੈ ਤਾਂ ਜੋ ਵਿਦਿਆਰਥੀ ਵਧੀਆ ਗਿਆਨ ਹਾਸਲ ਕਰ ਸਕਣ।ਉਹਨਾਂ ਦਾ ਪੜ੍ਹਾਈ ਕਰਨ ਦਾ ਮੰਤਵ ਪੂਰਾ ਹੋ ਸਕੇ। ਉਹ ਨਵੇਂ ਕੰਪਿਊਟਰ ਯੁੱਗ ਦੇ ਹਾਣੀ ਬਣ ਸਕਣ।

**ਮਾਸਟਰ ਹਰੇਸ਼ ਕੁਮਾਰ ਸੈਣੀ**
**8360727221**

# ਕੁੱਲਰੀਆਂ 'ਜ਼ਮੀਨ ਬਚਾਓ ਮੋਰਚੇ' ਲਈ ਜਥੇ ਭੇਜਣ ਵਾਸਤੇ ਜ਼ਿਲਿਆਂ ਵਿੱਚ ਮੀਟਿੰਗਾਂ ਦਾ ਦੌਰ ਜਾਰੀ: ਮਨਜੀਤ ਧਨੇਰ

**ਬਰਨਾਲਾ, (ਦਲਜੀਤ ਕੌਰ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ, ਜਿਹੜੀ ਇਨਕਲਾਬ ਦੇ ਨਾਅਰਿਆਂ ਨਾਲ ਸੱਤਾ ਵਿੱਚ ਆਈ ਸੀ, ਉਹ ਕਿਸੇ ਵੀ ਤਰ੍ਹਾਂ ਹੋਰ ਪਾਰਲੀਮਾਨੀ ਪਾਰਟੀਆਂ ਤੋਂ ਵੱਖਰੀ ਨਹੀਂ ਹੈ ਸਗੋਂ ਇਹ ਪਾਰਟੀ ਉਹਨਾਂ ਨਾਲੋਂ ਵੀ ਨਖਿੱਧ ਸਾਬਤ ਹੋਈ ਹੈ।

ਉਹਨਾਂ ਨੇ ਕਿਹਾ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਵਿਖੇ ਕਿਸਾਨਾਂ ਦੀ ਜ਼ਮੀਨ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਦੀ ਮਿਲੀ ਭੁਗਤ ਅਤੇ ਸ਼ਹਿ ਨਾਲ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਬਾ ਪ੍ਰਧਾਨ ਨੇ ਦੁਹਰਾਇਆ ਕਿ 20 ਸਤੰਬਰ ਤੋਂ ਕੁੱਲਰੀਆਂ ਵੱਲ 'ਜ਼ਮੀਨ ਬਚਾਉ ਮੋਰਚੇ' ਤਹਿਤ ਲਗਾਤਾਰ ਜਥੇ ਕੂਚ ਕਰਨਗੇ। ਜਥੇ ਭੇਜਣ ਲਈ ਪੰਜਾਬ ਭਰ ਵਿੱਚ ਜ਼ਿਲਿਆਂ ਅਤੇ ਬਲਾਕਾਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਪਿਛਲੇ ਦਿਨੀਂ ਫਿਰੋਜ਼ਪੁਰ,



ਬਠਿੰਡਾ, ਬਰਨਾਲਾ, ਲੁਧਿਆਣਾ ਅਤੇ ਮਾਨਸਾ ਜ਼ਿਲਿਆਂ ਵਿੱਚ ਮੀਟਿੰਗਾਂ ਕਰਕੇ ਤਿਆਰੀ ਕੀਤੀ ਜਾ ਚੁੱਕੀ ਹੈ। ਪੰਜਾਬ ਸਰਕਾਰ ਆਪਣੇ ਮੰਤਰੀਆਂ ਅਤੇ ਵਿਧਾਨਕਾਰਾਂ ਵੱਲੋਂ ਜਥੇਬੰਦੀ ਨਾਲ ਕੀਤੇ ਵਾਅਦੇ ਪੂਰੇ ਕਰਦੀ ਹੋਈ ਕਿਸਾਨਾਂ ਦੇ ਮਾਲਕੀ ਹੱਕ ਬਹਾਲ ਕਰੇ ਅਤੇ ਕਿਸਾਨਾਂ ਤੇ ਹਮਲੇ ਕਰਨ ਵਾਲੇ ਇਰਾਦਾ ਕਤਲ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜੇ ਨਹੀਂ ਤਾਂ ਹਰ ਤਰ੍ਹਾਂ ਨਾਲ ਜ਼ਿੰਮੇਵਾਰੀ ਪੰਜਾਬ ਸਰਕਾਰ, ਆਮ ਆਦਮੀ ਪਾਰਟੀ ਅਤੇ ਮਾਨਸਾ ਦੇ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।

ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਅਤੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਸੰਘਰਸ਼ੀ ਬਿਜਲੀ ਮੁਲਾਜ਼ਮਾਂ ਖਿਲਾਫ ਐਸਮਾ ਲਾਉਣ ਦੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਬਿਨਾਂ ਕਿਸੇ ਦੇਰੀ ਤੋਂ ਤੁਰੰਤ ਮੰਨੀਆਂ ਜਾਣ। ਜੇਕਰ ਮੁਲਾਜ਼ਮਾਂ ਖਿਲਾਫ ਐਸਮਾ ਅਧੀਨ ਕੋਈ ਕਾਰਵਾਈ ਕੀਤੀ ਗਈ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਉਹਨਾਂ ਦਾ ਡੱਟ ਕੇ ਸਾਥ ਦੇਵੇਗੀ।

ਸੂਬਾ ਮੀਤ ਪ੍ਰਧਾਨ ਹਰੀਸ਼ ਨੱਢਾ ਅਤੇ ਅਮਨਦੀਪ ਸਿੰਘ ਲਲਤੋਂ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਡਾਕਟਰਾਂ ਵੱਲੋਂ ਆਪਣੀ ਸੁਰੱਖਿਆ ਅਤੇ ਹੋਰ ਮੰਗਾਂ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਡਾਕਟਰਾਂ ਨੂੰ ਵੀ ਅਣਸੁਣਿਆ ਕਰਕੇ ਲਾਰੇ ਲੱਪਿਆਂ ਨਾਲ ਡੰਗ ਟਪਾਉਣ ਦੀ ਨੀਤੀ ਤੇ ਚੱਲ ਰਹੀ ਹੈ। ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵਾਰ ਵਾਰ ਮੀਟਿੰਗਾਂ ਦੇ ਕੇ ਮੁੱਕਰਨਾ, ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਨੂੰ ਵਾਰ-ਵਾਰ ਮੀਟਿੰਗਾਂ ਦੇ ਕੇ ਮੁੱਕਰਨਾ, ਸਹਿਕਾਰੀ ਅਦਾਰਿਆਂ ਵਿੱਚ ਭਰਿਸ਼ਟਾਚਾਰ ਨੂੰ ਠੱਲ ਪਾਉਣ ਵਿੱਚ ਨਾਕਾਮੀ ਅਤੇ ਨਸ਼ਿਆਂ ਦਾ ਬੇਰੋਕ ਵਪਾਰ ਚੱਲਣ ਨੇ ਇਸ ਸਰਕਾਰ ਦੀ ਪੋਲ ਖੋਲ੍ਹ ਦਿੱਤੀ ਹੈ। ਉਹਨਾਂ ਕਿਹਾ ਕਿ ਅਗਲੇ ਮਹੀਨੇ ਕਣਕ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ ਪਰ ਕਣਕ ਅਤੇ ਆਲੂਆਂ ਲਈ ਡੀਏਪੀ ਖਾਦ ਦਾ ਹਾਲੇ ਤੱਕ ਇੰਤਜ਼ਾਮ ਨਹੀਂ ਕੀਤਾ ਗਿਆ ਸਗੋਂ ਖਾਦ ਦੇ ਨਾਲ ਨੈਨੋ ਡੀਏਪੀ ਵਗੈਰਾ ਜਬਰੀ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਗੁਦਾਮਾਂ ਵਿੱਚੋਂ ਪੁਰਾਣੇ ਅਨਾਜ ਦੀ ਲਿਫਟਿੰਗ ਨਹੀਂ ਹੋਈ । ਇਸ ਨਾਲ ਝੋਨੇ ਦੀ ਆਉਣ ਵਾਲੀ ਫਸਲ ਲਈ ਸਟੋਰੇਜ ਦੀ ਸਮੱਸਿਆ ਖੜ੍ਹੀ ਹੋਵੇਗੀ।

ਆਗੂਆਂ ਨੇ ਕਿਹਾ ਕਿ ਜੇਕਰ ਕਿਸਾਨਾਂ ਦਾ ਝੋਨਾ ਵੇਚਣ ਵਿੱਚ ਜਾਂ ਕਣਕਾਂ ਦੀ ਬਜਾਈ ਵੇਲੇ ਖਾਦ ਦੀ ਘਾਟ ਕਾਰਨ ਕੋਈ ਸਮੱਸਿਆ ਆਈ ਤਾਂ ਜਥੇਬੰਦੀ ਸੰਯੁਕਤ ਕਿਸਾਨ ਮੋਰਚਾ ਦੇ ਸਹਿਯੋਗ ਨਾਲ ਇਸ ਖਿਲਾਫ ਡਟ ਕੇ ਸੰਘਰਸ਼ ਲੜੇਗੀ।

ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਪ੍ਰਿੰਸੀਪਲ ਬੁੱਧਰਾਮ ਨੂੰ ਕੁੱਲਰੀਆਂ ਦੇ ਕਿਸਾਨਾਂ ਦੀ ਜ਼ਮੀਨ ਖੋਹਣ ਦੀਆਂ ਸਾਜਿਸ਼ਾਂ ਕਰਨ ਤੋਂ ਵਰਜੇ, ਕਿਸਾਨਾਂ ਦੇ ਮਾਲਕੀ ਹੱਕ ਬਹਾਲ ਕਰੇ, ਇਰਾਦਾ ਕਤਲ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਜਾਵਾਂ ਦੇਵੇ ਅਤੇ ਬਿਜਲੀ ਮੁਲਾਜ਼ਮਾਂ, ਡਾਕਟਰਾਂ, ਪੈਨਸ਼ਨਰਾਂ, ਠੇਕਾ ਮੁਲਾਜ਼ਮਾਂ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਦੀਆਂ ਮੰਗਾਂ ਮਸਲਿਆਂ ਵੱਲ ਧਿਆਨ ਦੇਵੇ ਨਹੀਂ ਤਾਂ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

# ਹੈਬੋਵਾਲ ਸਕੂਲ ਦੇ ਖਿਡਾਰੀਆਂ ਨੂੰ ਖੇਡ ਕਿੱਟਾਂ ਮੁਹੱਈਆ ਕਰਵਾਈਆਂ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਇੱਥੋਂ ਨਜ਼ਦੀਕੀ ਪਿੰਡ ਹੈਬੋਵਾਲ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਖਿਡਾਰੀਆਂ ਨੂੰ ਮਹੇਸ਼ ਸੀਮਿੰਟ ਐਂਡ ਸ਼ਟਰਿੰਗ ਸਟੋਰ ਅਤੇ ਕੇ. ਆਰ ਬਿਲਡਰਜ਼ ਹੈਬੋਵਾਲ ਵਲੋਂ 30 ਖੇਡ ਕਿੱਟਾਂ ਮੁਹੱਈਆ ਕਰਵਾਈਆ ਗਈਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਲਾਲਾ ਮਹੇਸ਼ ਪੁਰੀ ਅਤੇ ਹਰਪੰਚ ਬੈਂਸ ਨੇ ਦੱਸਿਆ ਕਿ ਇਸ ਸਕੂਲ ਦੇ ਵਿਦਿਆਰਥੀ ਪਿਛਲੇ ਲੰਮੇ ਸਮੇਂ ਤੋਂ ਖੇਡਾਂ ਵਿੱਚ ਮੱਲਾਂ ਮਾਰ ਰਹੇ ਹਨ। ਇਸ ਪ੍ਰਾਪਤੀ ਲਈ ਸੰਬੰਧਤ ਅਧਿਆਪਕ ਅਤੇ ਸਟਾਫ਼ ਵਧਾਈ ਦਾ ਪਾਤਰ ਹੈ। ਉਹਨਾਂ ਕਿਹਾ ਕਿ ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਮਦਦ ਲਈ ਵਚਨਬਧ ਹਨ।

ਕਾਰਜਕਾਰੀ ਪ੍ਰਿੰਸੀਪਲ ਜਸਪਾਲ ਸਿੰਘ ਧੰਜਲ ਨੇ ਦਾਨੀ ਸੱਜਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਲਾਲਾ ਮਹੇਸ਼ ਪੁਰੀ, ਹਰਪੰਚ ਸਿੰਘ ਬੈਂਸ, ਲੈਕਚਰਾਰ ਰਾਜ ਕੁਮਾਰ, ਰਣ ਬਹਾਦਰ, ਸੁਰਿੰਦਰ ਬੈਂਸ, ਸ਼ਸ਼ੀ ਕਟਾਰੀਆ, ਰਾਮ ਸਰੂਪ, ਸੁਧੀਰ ਧੀਮਾਨ, ਕੁਲਦੀਪ ਸਿੰਘ, ਜਸਪ੍ਰੀਤ ਸਿੰਘ, ਕਮਲਜੀਤ ਸਿੰਘ, ਵਰਿੰਦਰ ਕੁਮਾਰ, ਰਾਜ ਕੁਮਾਰ ਰਾਜੂ ਅਤੇ ਸਟਾਫ਼ ਮੈਂਬਰ ਹਾਜ਼ਰ ਸਨ।

## .ਗ਼ਜ਼ਲ

ਕਿੰਨਾ ਸਾਨੂੰ ਚਾਅ ਸੀ ਤੇਰੇ ਆਵਣ ਦਾ।
ਅੱਖਾਂ ਦੇ ਵਿਚ ਰਾਹ ਸੀ ਤੇਰੇ ਆਵਣ ਦਾ।

ਅੰਬਰ ਨਾਲੋਂ ਵੀਂ ਉਚੀ ਸੀ ਇੱਕ ਖ਼ੁਸ਼ੀ,
ਮੇਰੇ ਸਾਹ ਵਿਚ ਸਾਹ ਸੀ ਤੇਰੇ ਆਵਣ ਦਾ।

ਮੁੱਦਤ ਪਿੱਛੋਂ ਸੂਹੇ-ਸੂਹੇ ਰੰਗਾਂ ਵਿਚ,
ਫੁੱਲ ਕੋਈ ਖਿੜ੍ਹਿਆ ਸੀ ਤੇਰੇ ਆਵਣ ਦਾ।

ਲੋਅ ਦੇ ਵਿਚ ਹਜ਼ਾਰਾਂ ਤੇਰੇ ਚਿਹਰੇ ਸੀ,
ਸੂਰਜ ਅੱਜ ਚੜ੍ਹਿਆ ਸੀ ਤੇਰੇ ਆਵਣ ਦਾ।

ਸਾਰੇ ਘਰ ਨੂੰ ਰੀਝਾਂ ਨਾਲ ਸਜਾਇਆ ਹੈ,
ਮੈਂ ਇਕ ਖ਼ਤ ਪੜ੍ਹਿਆ ਸੀ ਤੇਰੇ ਆਵਣ ਦਾ।

ਧਰਤੀ ਉਤੋਂ ਫੁੱਟ-ਫੁੱਟ ਉਚੇ ਉਡਦੇ ਹਾਂ,
ਸੰਦੇਸ਼ਾ ਮਿਲਿਆ ਸੀ ਤੇਰੇ ਆਵਣ ਦਾ।

ਇੱਕ ਸਮੁੰਦਰ ਫਿਰ ਪੂਰੇ ਦਾ ਪੂਰਾ ਹੀ,
ਬਾਲਮ ਵਿਚ ਰਲਿਆ ਸੀ ਤੇਰੇ ਆਵਣ ਦਾ।

**ਬਲਵਿੰਦਰ ਬਾਲਮ ਗੁਰਦਾਸਪੁਰ**
**98156-25409**

# ਪ੍ਰੋ: ਪਿਆਰਾ ਸਿੰਘ ਭੋਗਲ ਐਵਾਰਡ ਡਾ: ਸਵਰਾਜਬੀਰ ਨੂੰ

**ਫਗਵਾੜਾ–** ਪ੍ਰਸਿੱਧ ਪੰਜਾਬੀ ਲੇਖਕ, ਆਲੋਚਕ ਅਤੇ ਕਾਲਮ-ਨਵੀਸ ਪ੍ਰੋ: ਪਿਆਰਾ ਸਿੰਘ ਭੋਗਲ ਯਾਦਗਾਰੀ ਐਵਾਰਡ ਕਮੇਟੀ ਦੀ ਮੀਟਿੰਗ ਸੀਨੀਅਰ ਪੱਤਰਕਾਰ ਅਤੇ ਪ੍ਰੈੱਸ ਕਲੱਬ ਪੰਜਾਬ (ਜਲੰਧਰ) ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਦੀ ਪ੍ਰਧਾਨਗੀ ਹੇਠ ਹੋਈ।



(ਸਵ.) ਪ੍ਰੋ: ਪਿਆਰਾ ਸਿੰਘ ਭੋਗਲ — ਡਾ: ਸਵਰਾਜਬੀਰ

ਐਵਾਰਡ ਕਮੇਟੀ ਦੇ ਜਨਰਲ ਸਕੱਤਰ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿੱਚ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਪ੍ਰੋ: ਪਿਆਰਾ ਸਿੰਘ ਭੋਗਲ ਦੀ ਯਾਦ ਵਿੱਚ ਸਥਾਪਿਤ ਕੀਤਾ ਗਿਆ ਪੁਰਸਕਾਰ ਨਾਮਵਾਰ ਲੇਖਕ ਅਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਡਾ: ਸਵਰਾਜਬੀਰ ਨੂੰ ਦਿੱਤਾ ਜਾਵੇਗਾ।

ਉਹਨਾ ਅੱਗੋਂ ਦੱਸਿਆ ਕਿ ਇਸ ਪਲੇਠੀ ਪੁਰਸਕਾਰ ਵਿੱਚ 51000 ਰੁਪਏ ਦੀ ਰਾਸ਼ੀ, ਮੰਮੰਟੋ, ਦੁਸ਼ਾਲਾ ਅਤੇ ਮਾਣ ਪੱਤਰ ਦਿੱਤਾ ਜਾਵੇਗਾ। ਉਹਨਾ ਕਿਹਾ ਕਿ ਇਹ ਐਵਾਰਡ ਫਗਵਾੜਾ ਵਿਖੇ ਕੀਤੇ ਜਾਣ ਵਾਲੇ ਇੱਕ ਸਮਾਗਮ ਦੌਰਾਨ ਅਕਤੂਬਰ ਮਹੀਨੇ ਦੇ ਅਖੀਰਲੇ ਪੰਦਰਵਾੜੇ ਵਿੱਚ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਡਾ: ਲਖਵਿੰਦਰ ਸਿੰਘ ਜੌਹਲ, ਪ੍ਰੋ: ਜਸਵੰਤ ਸਿੰਘ ਗੰਡਮ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਰਵਿੰਦਰ ਚੋਟ ਅਤੇ ਪ੍ਰੋ: ਪਿਆਰਾ ਸਿੰਘ ਭੋਗਲ ਦੇ ਪਰਿਵਾਰ ਵਿਚੋਂ ਡਾ: ਗੁਲਜਾਰ ਸਿੰਘ ਵਿਰਦੀ ਸ਼ਾਮਲ ਹੋਏ।

ਪ੍ਰੋ: ਭੋਗਲ ਦੇ ਸਪੁੱਤਰ ਪ੍ਰੋ: ਹਿਰਦੇਜੀਤ ਸਿੰਘ ਅਤੇ ਪ੍ਰੇਮਪਾਲ ਸਿੰਘ (ਨਾਰਵੇ) ਵੀ ਇਸ ਕਮੇਟੀ ਦੇ ਮੈਂਬਰ ਹਨ। ਪ੍ਰੋ: ਪਿਆਰਾ ਸਿੰਘ ਭੋਗਲ, ਜਿਹਨਾ ਨੇ 50 ਤੋਂ ਵੱਧ ਪੁਸਤਕਾਂ ਲਿਖੀਆਂ ਸਨ ਅਤੇ ਅਨੇਕਾਂ ਵਿਦਿਅਕ, ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਸਨ, 24 ਮਈ 2023 ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ।

# ਕੈਬਨਿਟ ਮੰਤਰੀ ਜਿੰਪਾ ਨੇ ਵਾਰਡ ਨੰਬਰ 12 'ਚ ਸਵਾ 13 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 12 ਦੇ ਮੁਹੱਲਾ ਗੋਬਿੰਦ ਨਗਰ ਵਿੱਚ ਸਵਾ 13 ਲੱਖ ਰੁਪਏ ਦੀ ਲਾਗਤ ਨਾਲ



ਗਲੀਆਂ ਦੇ ਨਿਮਰਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਹਰਮੀਤ ਔਲਖ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤਾ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਮੁਹੱਲਾ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਸ਼ਹਿਰ ਦੇ ਹਰ ਖੇਤਰ ਵਿੱਚ ਵਿਕਾਸ ਨੂੰ ਪਹਿਲ ਦੇ ਰਹੀ ਹੈ ਅਤੇ ਜਿਨ੍ਹਾਂ ਵਾਰਡਾਂ ਵਿੱਚ ਵਿਕਾਸ ਕਾਰਜ ਹਾਲੇ ਵੀ ਪੈਂਡਿੰਗ ਹਨ, ਉਥੇ ਵੀ ਜਲਦ ਹੀ ਕੰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਗਲੀਆਂ ਦੇ ਨਿਮਰਾਣ ਨਾਲ ਮੁਹੱਲਾ ਗੋਬਿੰਦ ਨਗਰ ਦੇ ਵਸਨੀਕਾਂ ਨੂੰ ਆਉਣ-ਜਾਣ ਵਿਚ ਆਸਾਨੀ ਹੋਵੇਗੀ ਅਤੇ ਇਲਾਕੇ ਦੀ ਸੁੰਦਰਤਾ ਵਿਚ ਵੀ ਵਾਧਾ ਹੋਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਹਰ ਮੁਹੱਲੇ ਅਤੇ ਹਰ ਗਲੀ ਤੱਕ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ, ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਇਲਾਕੇ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਯੋਜਨਾਵਾਂ ਬਣਾਈਆਂ ਹਨ ਅਤੇ ਉਨ੍ਹਾਂ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਬ੍ਰਹਮ ਸ਼ੰਕਰ ਜਿੰਪਾ ਨੇ ਇਸ ਮੌਕੇ ਕਿਹਾ ਕਿ ਨਗਰ ਨਿਗਮ ਸ਼ਹਿਰ ਦੇ ਹਰ ਹਿੱਸੇ ਵਿੱਚ ਬਰਾਬਰ ਵਿਕਾਸ ਕਾਰਜ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਅਧਿਕਾਰੀਆਂ ਨੂੰ ਸਮੇਂ ਸਿਰ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਨਗਰ ਨਿਗਮ ਵਿੱਤ ਕਮੇਟੀ ਦੇ ਚੇਅਰਮੈਨ ਬਲਵਿੰਦਰ ਬਿੰਦੀ, ਕੌਂਸਲਰ ਅਮਰੀਕ ਚੌਹਾਨ, ਸੰਦੀਪ ਚੇਚੀ, ਸਤਵੰਤ ਸਿਆਣ, ਕੌਂਸਲਰ ਜਤਿੰਦਰ ਕੌਰ ਲੱਕੀ, ਹਰਿੰਦਰ ਸਿੰਘ, ਗੁਰਮੇਲ ਸੈਣੀ, ਸੰਗਤੂ ਪੰਡਿਤ, ਸੁਖਦੇਵ ਸਿੰਘ, ਰਾਜੇਸ਼ ਸੈਣੀ, ਸੁਜੀਤ ਲਾਲ, ਕੁਲਵੰਤ ਸਿੰਘ, ਤਰਲੋਚਨ ਸਿੰਘ, ਸੂਚਾ ਸਿੰਘ ਆਦਿ ਮੌਜੂਦ ਸਨ।

# ਦੇਸ਼ ਭਗਤ ਯੂਨੀਵਰਸਿਟੀ ਵਿੱਚ ਇੰਜੀਨੀਅਰ ਦਿਵਸ ਮਨਾਇਆ




**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਨੇ ਯੂਨੀਵਰਸਿਟੀ ਦੇ ਅੰਦਰ ਅਤੇ ਇਸ ਤੋਂ ਬਾਹਰਲੇ ਇੰਜੀਨੀਅਰਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਨੂੰ ਸਨਮਾਨਿਤ ਕਰਨ ਲਈ ਕਈ ਸਮਾਗਮਾਂ ਨਾਲ ਇੰਜੀਨੀਅਰ ਦਿਵਸ ਮਨਾਇਆ। ਸਮਾਗਮ ਦਾ ਉਦਘਾਟਨ ਡਾ. ਜ਼ੋਰਾ ਸਿੰਘ, ਚਾਂਸਲਰ ਅਤੇ ਡਾ। ਤਜਿੰਦਰ ਕੌਰ ਪ੍ਰੋ-ਚਾਂਸਲਰ ਨੇ ਕੀਤਾ।

ਇਸ ਮੌਕੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਗਲੋਬਲ ਚੁਣੌਤੀਆਂ 'ਤੇ ਇੰਜਨੀਅਰਿੰਗ ਖੋਜਾਂ ਦੇ ਪਰਿਵਰਤਨਸ਼ੀਲ ਪ੍ਰਭਾਵ ਨੂੰ ਉਜਾਗਰ ਕੀਤਾ। ਉਨ੍ਹਾਂ ਵੱਲੋਂ ਇੰਜੀਨੀਅਰਿੰਗ ਅਭਿਆਸਾਂ ਅਤੇ ਨਕਲੀ ਬੁੱਧੀ ਵਿੱਚ ਤਰੱਕੀ ਵਰਗੇ ਵਿਸ਼ਿਆਂ 'ਤੇ ਵਿਚਾਰ ਪੇਸ਼ ਕੀਤੇ ਗਏ।

ਸਮਾਗਮ ਦੌਰਾਨ ਡਿਸਪਲੇ ਵਰਕਿੰਗ ਪ੍ਰੋਜੈਕਟਾਂ, ਪੋਸਟਰ ਪੇਸ਼ਕਾਰੀਆਂ ਅਤੇ ਡੇਕਲਾਮੇਸ਼ਨ ਮੁਕਾਬਲਿਆਂ ਸਮੇਤ ਵੱਖ-ਵੱਖ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਲਈ ਪੁਰਸਕਾਰਾਂ ਦੀ ਪੇਸ਼ਕਾਰੀ ਮੁੱਖ ਆਕਰਸ਼ਣ ਸੀ। ਪੁਰਸਕਾਰ ਜੇਤੂ ਵਿਦਿਆਰਥੀ ਇਸ ਤਰ੍ਹਾਂ ਰਹੇ: ਪ੍ਰੋਜੈਕਟ ਡਿਸਪਲੇ ਮੁਕਾਬਲਾ ਵਿੱਚ ਪਹਿਲਾ ਇਨਾਮ: ਪ੍ਰੀਤੀ ਸਿੰਘ ਅਤੇ ਕਰਨ ਕੁਮਾਰ (ਬੀ.ਟੈਕ 7ਵਾਂ ਸੈ.), ਦੂਜਾ ਇਨਾਮ: ਕ੍ਰਿਸ਼ਨਾ, ਫੈਜ਼ਾਨ ਖਾਨ, ਅਤੇ ਭੋਲਾ ਕੁਮਾਰ (ਡਿਪਲੋਮਾ 5ਵਾਂ ਸੈ।), ਤੀਜਾ ਇਨਾਮ: ਇਖ਼ਤਿਆਰ ਅਹਿਮਦ ਨੇ ਜਿੱਤੇ। ਇਸੇ ਤਰ੍ਹਾਂ ਪੋਸਟਰ ਪੇਸ਼ਕਾਰੀ ਵਿੱਚ ਪਹਿਲਾ ਇਨਾਮ: ਰੋਸ਼ਨੀ (ਬੀ।ਟੈਕ ਸੀਐਸਈ ਤੀਜਾ ਸੇਮ), ਦੂਜਾ ਇਨਾਮ: ਰਾਜਵੀਰ ਸਿੰਘ (ਡਿਪਲੋਮਾ ਤੀਜਾ ਸੇਮ, ਇਲੈਕਟ੍ਰੀਕਲ ਇੰਜਨੀਅਰਿੰਗ), ਤੀਜਾ ਇਨਾਮ: ਸੁਸ਼ਾਂਤਸਾਜ (ਬੀ।ਟੈਕ ਸੀਆਈਵੀ) ਇੰਜਨੀਅਰਿੰਗ) ਅਤੇ ਡੇਕਲਾਮੇਸ਼ਨ ਪ੍ਰਤੀਯੋਗਤਾ ਵਿੱਚ ਪਹਿਲਾ ਇਨਾਮ: ਖੁਸ਼ੀ ਅਗਰਵਾਲ (ਬੀ।ਟੈਕ ਤੀਸਰਾ ਸੇਮ), ਦੂਸਰਾ ਇਨਾਮ: ਸਿਮਰਨ (ਬੀ।ਟੈਕ ਸੀਐਸਈ 7ਵਾਂ ਸੇਮ) ਅਤੇ ਤੀਜਾ ਇਨਾਮ: ਮਰੀਅਮ ਕਾਜੀਮਾ (ਬੀ।ਟੈਕ ਸਿਵਲ ਇੰਜਨੀਅਰਿੰਗ 5ਵਾਂ ਸੇਮ) ਨੇ ਜਿੱਤਿਆ। ਇਹ ਪ੍ਰੋਗਰਾਮ ਫੈਕਲਟੀ ਆਫ਼ ਇੰਜੀਨੀਅਰਿੰਗ ਅਤੇ ਅਪਲਾਈਡ ਸਾਇੰਸਜ਼ ਦੁਆਰਾ ਆਯੋਜਿਤ ਕੀਤਾ ਗਿਆ ਸੀ।

ਇਹ ਪ੍ਰੋਗਰਾਮ ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਨੂੰ ਸਮਰਪਿਤ ਸੀ ਜੋ ਇੰਜੀਨੀਅਰਿੰਗ ਵਿੱਚ ਇੱਕ ਮੋਹਰੀ ਹਸਤੀ ਸਨ। ਅਖੀਰ ਵਿੱਚ ਡਾ। ਖੁਸ਼ਬੂ ਬਾਂਸਲ, ਡਿਪਟੀ ਡਾਇਰੈਕਟਰ ਨੇ ਸਾਰੇ ਭਾਗੀਦਾਰਾਂ ਅਤੇ ਯੋਗਦਾਨ ਪਾਉਣ ਵਾਲਿਆਂ ਦੀ ਸ਼ਲਾਘਾ ਕਰਦੇ ਹੋਏ ਧੰਨਵਾਦ ਦਾ ਮਤਾ ਪੇਸ਼ ਕੀਤਾ।

# ਸਾਂਸਦ ਰਾਜ ਕੁਮਾਰ ਚੱਬੇਵਾਲ ਨੇ ਪਿੰਡ ਬਜਰਾਵਰ ਵਿੱਚ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕਲੀਨਿਕ ਦਾ ਨੀਂਹ ਪੱਥਰ ਰੱਖਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਨੇ ਅੱਜ ਪਿੰਡ ਬਜਰਾਵਰ ਵਿੱਚ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕਲੀਨਿਕ ਦਾ ਸ਼ਹਿਰਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ। ਇਸ ਤੋਂ ਇਲਾਵਾ ਕਲੀਨਿਕ ਵਿੱਚ ਆਧੁਨਿਕ ਮੈਡੀਕਲ ਉਪਕਰਨਾਂ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾਵੇਗੀ। ਸੰਸਦ ਮੈਂਬਰ ਚੱਬੇਵਾਲ ਨੇ



ਨੀਂਹ ਪੱਥਰ ਰੱਖਿਆ।ਇਸ ਮੌਕੇ ਪਿੰਡ ਵਾਸੀਆਂ ਅਤੇ ਪਤਵੰਤਿਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਕਲੀਨਿਕ ਨੂੰ ਇਲਾਕੇ ਦੀਆਂ ਸਿਹਤ ਸਹੂਲਤਾਂ ਦੀ ਮਜ਼ਬੂਤੀ ਵੱਲ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਐਮ.ਪੀ ਚੱਬੇਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਪ੍ਰੋਜੈਕਟ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਸਿਹਤ ਸਹੂਲਤਾਂ ਵਿੱਚ ਸੁਧਾਰ ਕਰਨ ਦੀ ਦੂਰਅੰਦੇਸ਼ੀ ਅਤੇ ਸੋਚ ਦਾ ਨਤੀਜਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਸਿਹਤ ਸੇਵਾਵਾਂ ਦਾ ਤੇਜ਼ੀ ਨਾਲ ਪਸਾਰ ਹੋ ਰਿਹਾ ਹੈ। ਇਸ ਕਲੀਨਿਕ ਰਾਹੀਂ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਬਿਹਤਰ ਅਤੇ ਪਹੁੰਚਯੋਗ ਸਿਹਤ ਸੇਵਾਵਾਂ ਮਿਲਣਗੀਆਂ।ਇਸ ਕਲੀਨਿਕ ਦੇ ਬਣਨ ਨਾਲ ਸਥਾਨਕ ਪਿੰਡਾਂ ਦੇ ਲੋਕਾਂ ਨੂੰ ਬਿਹਤਰ ਪ੍ਰਾਇਮਰੀ ਕੇਅਰ ਸਹੂਲਤਾਂ ਮਿਲਣਗੀਆਂ, ਜਿਸ ਨਾਲ ਉਨ੍ਹਾਂ ਨੂੰ ਆਪਣੇ ਇਲਾਜ ਲਈ ਇਹ ਵੀ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਪੇਂਡੂ ਖੇਤਰਾਂ ਵਿੱਚ ਸਿਹਤ ਸਹੂਲਤਾਂ ਦੇ ਪਸਾਰ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕਲੀਨਿਕ ਦੀ ਸਹੀ ਵਰਤੋਂ ਕਰਨ ਅਤੇ ਆਪਣੀ ਸਿਹਤ ਦਾ ਖਿਆਲ ਰੱਖਣ।

ਇਸ ਮੌਕੇ ਪਿੰਡ ਵਾਸੀਆਂ ਨੇ ਇਸ ਉਪਰਾਲੇ ਲਈ ਸੰਸਦ ਮੈਂਬਰ ਅਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਇਸ ਨੂੰ ਇਲਾਕੇ ਦੇ ਵਿਕਾਸ ਵੱਲ ਇੱਕ ਵੱਡਾ ਕਦਮ ਦੱਸਿਆ। ਇਸ ਮੌਕੇ ਸੁਖਵੰਤ ਸਿੰਘ ਬੋਹਣ, ਜੀਵਨ ਸਸੋਲੀ, ਅਸ਼ੋਕ ਪ੍ਰਧਾਨ, ਚਾਂਦ, ਸੁਦੇਸ਼ ਹਰਮੋਆ, ਕਰਨੈਲ ਪੰਚ ਹਰਮੋਆ, ਸ਼ਿੰਦਰਪਾਲ, ਗੁਰਦੀਪ ਜੇ।ਈ।, ਬਲਵਿੰਦਰ ਸੈਕਟਰੀ, ਰਾਜ ਕੁਮਾਰ ਸੀਨਾ, ਸ਼ਿਵਰੰਜਨ ਰੋਮੀ, ਕੁਲਵੰਤ ਸਿੰਘ, ਬਲਜਿੰਦਰ ਸਿੰਘ, ਪਰਮੋਧ ਸਿੰਘ, ਗੁਰਮੇਲ ਸਿੰਘ, ਮਦਨ ਪਠਾਨੀਆ, ਰਾਣਾ, ਜਸਵਾਲ, ਲੱਕੀ, ਨਿਤਿਨ, ਰਾਮਪਾਲ ਆਦਿ ਹਾਜ਼ਰ ਸਨ।

# ਔਰਤਾਂ ਨਾਲ ਜਿਨਸੀ ਛੇੜ-ਛਾੜ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਰਕਾਰੀ ਹਸਪਤਾਲ ਬਲਾਚੌਰ ਵਿਖੇ ਕਮੇਟੀ ਗਠਿਤ ਕੀਤੀ ਗਈ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਮਾਨਯੋਗ ਸੁਪਰੀਮ ਕੋਰਟ ਵੱਲੋਂ ਪ੍ਰਾਪਤ ਗਾਈਡਲਾਈਨਾਂ ਅਨੁਸਾਰ ਜਿਨਸੀ ਛੇੜ-ਛਾੜ ਦੇ ਕੇਸਾਂ ਸਬੰਧੀ ਬਣਦੀ ਕਾਰਵਾਈ ਕਰਨਾ ਯਕੀਨੀ ਬਣਾਉਣ ਲਈ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਸਬ ਡਵੀਜ਼ਨ ਹਸਪਤਾਲ ਬਲਾਚੌਰ ਵਿੱਚ ਕਮੇਟੀ ਦਾ ਗਠਨ ਕੀਤਾ ਗਿਆ। ਸੀਨੀਅਰ ਮੈਡੀਕਲ ਅਫਸਰ ਡਾਕਟਰ ਕੁਲਵਿੰਦਰ ਮਾਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਔਰਤਾਂ ਨਾਲ ਜਿਨਸੀ ਛੇੜ-ਛਾੜ ਸਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਉਕਤ ਕਮੇਟੀ ਨੂੰ ਹਦਾਇਤਾਂ ਕੀਤੀ ਜਾਂਦੀ ਹੈ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਪ੍ਰਾਪਤ ਗਾਈਡਲਾਈਨਾਂ ਅਨੁਸਾਰ ਜਿਨਸੀ ਛੇੜ-ਛਾੜ ਦੇ ਕੇਸਾਂ ਸਬੰਧੀ ਬਣਦੀ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।



ਇਸ ਕਮੇਟੀ ਵਿੱਚ ਡਾਕਟਰ ਨਵਦੀਪ ਮੈਡੀਕਲ ਅਫਸਰ ਐਸਡੀਐਚ ਬਲਾਚੌਰ, ਡਾਕਟਰ ਮਨਦੀਪ ਕੌਰ ਈਐਨਟੀ ਮੈਡੀਕਲ ਅਫਸਰ ਐਸਡੀਐਚ ਬਲਾਚੌਰ ਸ੍ਰੀਮਤੀ ਰਾਜੇਸ਼ਵਰੀ ਸਟਾਫ ਨਰਸ ਐਸਡੀਐਚ ਬਲਾਚੌਰ, ਸ੍ਰੀਮਤੀ ਰਣਜੀਤ ਕੌਰ ਐਲਐਚਵੀ ਐਸਡੀਐਚ ਬਲਾਚੌਰ, ਸ੍ਰੀਮਤੀ ਨਰਿੰਦਰ ਕੌਰ ਕੌਂਸਲਰ ਐਸਡੀਐਚ ਬਲਾਚੌਰ, ਸ੍ਰੀਮਤੀ ਪ੍ਰੀਤੀ ਭਗਤ ਕੌਂਸਲਰ ਐਸਡੀਐਚ ਬਲਾਚੌਰ, ਸ੍ਰੀ ਤੇਜ ਪ੍ਰਕਾਸ਼ ਖਾਸਾ ਸੂਬਾ ਪ੍ਰਧਾਨ ਅਖਿਲ ਭਾਰਤੀਯ ਭ੍ਰਿਸ਼ਟਾਚਾਰ ਵਿਰੋਧੀ ਸੰਘਰਸ਼ ਸਮਿਤੀ ਨੂੰ ਇਸ ਕਮੇਟੀ ਨੂੰ ਦਫਤਰੀ ਹੁਕਮ ਰਾਹੀਂ ਨਿਯੁਕਤ ਕੀਤਾ ਗਿਆ ਹੈ। ਉਕਤ ਕਮੇਟੀ ਵੱਲੋਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਪ੍ਰਾਪਤ ਗਾਈਡਲਾਈਨਾਂ ਅਨੁਸਾਰ ਜਿਨਸੀ ਛੇੜ-ਛਾੜ ਦੇ ਕੇਸਾ ਸਬੰਧੀ ਕੌਂਸਲਿੰਗ ਕਰਕੇ ਬਣਦੀ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਐਨਜੀਓ ਅਖਿਲ ਭਾਰਤੀ ਭ੍ਰਿਸ਼ਟਾਚਾਰ ਵਿਰੋਧੀ ਸਮਿਤੀ ਪੰਜਾਬ ਪ੍ਰਧਾਨ ਤੇਜ ਪ੍ਰਕਾਸ਼ ਖਾਸਾ ਨੇ ਕਿਹਾ ਕਿ ਉਹਨਾਂ ਨੂੰ ਜੋ ਜੁੰਮੇਵਾਰੀ ਦਿੱਤੀ ਗਈ ਹੈ ਉਸ ਨੂੰ ਤਨਦੇਹੀ ਦੇ ਨਾਲ ਨਿਭਾਉਣਗੇ ਅਤੇ ਔਰਤਾਂ ਤੇ ਹੋ ਰਹੇ ਜਿਨਸੀ ਛੇੜ-ਛਾੜ ਨੂੰ ਰੋਕਣ ਲਈ ਔਰਤਾਂ ਨੂੰ ਇਨਸਾਫ ਦਿਵਾਉਣ ਲਈ ਵਚਨਬੱਧ ਰਹਿਣਗੇ।

# ਸਬਰ

ਜ਼ਮਾਨੇ ਦੀ ਅੱਗ ਤੋਂ ਬਚ ਲੈ,
ਹੋ ਜਾਣੀ ਨਾ ਸ਼ਿਕਾਰ ਤੂੰ।

ਹਰੇਕ ਗੱਲ ਤੇ ਸੈਂਸਰ ਲੱਗਿਆ,
ਬੱਸ ਸੱਚ ਨੂੰ ਅੰਦਰੇ ਡਕਾਰ ਤੂੰ।

ਸੱਚ ਨੂੰ ਫਾਂਸੀ ਲੱਗਦੀ ਏ,
ਝੂਠੇ ਦੇਖ ਲੈ ਸ਼ਰੇ ਬਜ਼ਾਰ ਤੂੰ।

ਸਚਾਈ ਨਾਲ ਭਾਂਬੜ ਬਾਲਦੈਂ,
ਕਦੇ ਬਾਹਰ ਨਾ ਕੱਢ ਗੁਬਾਰ ਤੂੰ।

ਗਿਲੇ ਸ਼ਿਕਵੇ ਨਾ ਕਰ ਯਾਰ ਤੂੰ,
ਦਿਲੇ ਗਹਿਰਾਈਆਂ ਵਸਦੈਂ,
ਨਾ ਨਿਕਲ ਸਕਦਾ ਬਾਹਰ ਤੂੰ।

-ਸੁਖਚਰਨ ਸਿੰਘ



# ਫਗਵਾੜਾ ਪੱਤਰਕਾਰ ਸੰਗਠਨ ਨੇ ਟ੍ਰੈਫਿਕ ਪੁਲਿਸ ਅਤੇ ਪੀ.ਸੀ.ਆਰ. ਫਗਵਾੜਾ ਦੇ ਸਹਿਯੋਗ ਨਾਲ ਮਨਾਇਆ ਫਸਟ ਏਡ ਦਿਵਸ

**ਫਗਵਾੜਾ (ਬੀ. ਕੇ. ਰੱਤੂ)** ਹਰ ਸਾਲ ਸਤੰਬਰ ਦੇ ਦੂਜੇ ਸ਼ਨਿਚਰਵਾਰ ਨੂੰ ਵਿਸ਼ਵ ਫਸਟ ਏਡ ਦਿਵਸ ਮਨਾਇਆ ਜਾਂਦਾ ਹੈ, ਇਸ ਦਿਵਸ ਦੀ ਸਥਾਪਨਾ ਸੰਨ 2000 'ਚ ਇੰਟਰਨੈਸ਼ਨਲ ਫੈਂਡਰੇਸ਼ਨ ਆਫ ਰੈਂਡ ਕਰਾਸ (ਆਈਐੱਫਆਰਸੀ) ਅਤੇ ਰੈਂਡ ਕ੍ਰੈਸੇਂਟ ਸੁਸਾਇਟੀਆਂ ਨੇ ਕੀਤੀ ਸੀ ਇਸ ਦਾ ਮੁੱਖ ਉਦੇਸ਼ ਮੁੱਢਲੀ ਸਹਾਇਤਾ ਦੀ ਮਹੱਤਤਾ ਅਤੇ ਜਾਨਾਂ ਨੂੰ ਬਚਾਉਣਾ ਕਿੰਨਾ ਮਹੱਤਵਪੂਰਨ ਹੈ ਇਸ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਫਗਵਾੜਾ ਪੱਤਰਕਾਰ ਸੰਗਠਨ ਦੇ ਪ੍ਰਧਾਨ ਡਾ ਰਮਨ ਸ਼ਰਮਾ ਨੇ ਟ੍ਰੈਫਿਕ ਪੁਲਿਸ ਅਤੇ ਪੀ.ਸੀ.ਆਰ. ਫਗਵਾੜਾ ਦੇ ਸਹਿਯੋਗ ਨਾਲ ਪ੍ਰੋਜੈਕਟ ਡਾਇਰੈਕਟਰ ਧੰਨਪਾਲ ਸਿੰਘ ਗਾਂਧੀ ਵਲੋਂ ਟ੍ਰੈਫਿਕ ਆਫਿਸ ਫਗਵਾੜਾ ਵਿਖੇ ਰੱਖੇ ਫਸਟ ਏਡ''ਦਿਵਸ ਸੰਬੰਧੀ ਪ੍ਰੋਗਰਾਮ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਫਸਟ ਏਡ ਸ਼ਬਦ ਦਾ ਮਤਲਬ ਹੈ ਕਿਸੇ ਅਚਾਨਕ ਸੱਟ ਜਾਂ ਬਿਮਾਰੀ ਨਾਲ ਪੀੜਤ ਵਿਅਕਤੀ ਨੂੰ ਦਿੱਤੀ ਜਾਂਦੀ ਸਹਾਇਤਾ, ਇਹ ਹਮੇਸ਼ਾ ਮੈਡੀਕਲ ਕਰਮਚਾਰੀਆਂ ਦੁਆਰਾ ਨਹੀਂ ਦਿੱਤੀ ਜਾਂਦੀ। ਹੰਗਾਮੀ ਹਾਲਾਤ 'ਚ ਆਮ ਲੋਕਾਂ ਨੂੰ ਅਕਸਰ ਕਿਸੇ ਦੀ ਜਾਨ ਬਚਾਉਣ ਲਈ ਮੁੱਢਲੀ ਸਹਾਇਤਾ ਕਰਨੀ ਪੈਂਦੀ ਹੈ। ਮੁੱਢਲੀ ਸਹਾਇਤਾ ਦਾ ਉਦੇਸ਼ ਜ਼ਿੰਦਗੀ ਨੂੰ ਬਚਾਉਣਾ ਅਤੇ ਸੱਟ ਜਾਂ ਬਿਮਾਰੀ ਕਾਰਨ ਹੋਏ ਦਰਦ ਜਾਂ ਨੁਕਸਾਨ ਨੂੰ ਘਟਾਉਣਾ ਹੈ।ਉਨ੍ਹਾਂ ਕਿਹਾ ਕਿ ਦੁਰਘਟਨਾ ਦੋਰਾਨ ਮਰੀਜ਼ ਨੂੰ ਜਲਦੀ ਤੋਂ ਜਲਦੀ ਹਸਪਤਾਲ ਪਹੁੰਚਾਇਆ ਜਾ ਸਕੇ। ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ ਜੋ ਦੁਰਘਟਨਾ ਸਮੇਂ ਮਰੀਜ਼ ਨੂੰ ਸੰਭਾਲ ਕੇ





ਮੁੱਢਲੀ ਸਹਾਇਤਾ ਦਿੰਦੇ ਹਨ ਅਤੇ ਹਸਪਤਾਲ ਪਹੁੰਚਾਉਂਦੇ ਹਨ, ਇਸ ਦਾ ਇੱਕ ਕਾਰਣ ਇਹ ਵੀ ਹੈ ਕਿ ਕਈ ਵਾਰ ਜੋ ਲੋਕ ਮਰੀਜ਼ ਨੂੰ ਮੁੱਢਲੀ ਸਹਾਇਤਾ ਦੇ ਕੇ ਹਸਪਤਾਲ ਪਹੁੰਚਾਉਂਦੇ ਹਨ ਉਨ੍ਹਾਂ ਨੂੰ ਕਈ ਔਕੜਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਪੁਲਿਸ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸਵਾਲ ਪੁੱਛਦੀ ਹੈ ਪਰ ਹੁਣ ਕਾਨੂੰਨੀ ਪਹਿਲ ਬਦਲ ਗਿਆ ਹੈ। ਹੁਣ ਫਸਟ ਏਡਰ ਨੂੰ ਬਿਆਨ ਦੇਣ ਲਈ ਬੰਦਿਸ਼ ਨਹੀਂ ਹੈ ਸਗੋਂ ਹੁਣ ਉਸ ਨੂੰ ਫ਼ਰਿਸ਼ਤਾ ਸਕੀਮ ਤਹਿਤ ਉਸ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸ ਮੋਕੇ ਮੁੱਖ ਬੁਲਾਰੇ ਵਜੋਂ ਪਹੁੰਚੇ ਸਟੇਟ ਐਵਾਰਡੀ ਮਾਸਟਰ ਸੋਮਰਾਜ ਨੇ ਅਪਣੇ ਸੰਬੋਧਨ ਚ ਬੋਲਦਿਆਂ ਦੱਸਿਆ ਕਿ ਮੁੱਢਲੀ ਸਹਾਇਤਾ ਦੇ ਉਦੇਸ਼ ਕੀ ਹੁੰਦੇ ਇਸ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਉਨ੍ਹਾਂ ਆਖਿਆ ਕਿ ਮੁੱਢਲੀ ਸਹਾਇਤਾ ਦਾ ਉਦੇਸ਼ ਜਾਨ ਨੂੰ ਬਚਾਉਣਾ, ਸਥਿਤੀ ਵਿੱਚ ਸੁਧਾਰ ਲਿਆਉਣਾ, ਹਾਲਤ ਨੂੰ ਵਿਗੜਣ ਤੋਂ ਬਚਾਉਣਾ ਅਤੇ ਫਟੜ ਨੂੰ ਹਸਪਤਾਲ ਪਹੁੰਚਾਉਣਾ। ਇਸ ਮੋਕੇ ਉਨ੍ਹਾਂ ਬਨਾਵਟੀ ਸਾਹ, ਜੀਵਨ ਰੱਖਿਅਕ ਪ੍ਰਣਾਲੀ ਸੰਜੀਵਨੀ ਸੀ ਪੀ ਆਰ, ਖੂਨ ਨੂੰ ਰੋਕਣਾ, ਹੱਡੀਆਂ ਦੀ ਟੁੱਟਾ ਦੀਆਂ ਪੱਟੀਆਂ ਅਤੇ ਬਾਹਰੀ ਵਸਤੂ ਦਾ ਸਰੀਰ ਵਿੱਚ ਖੁਬਣ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਵਰਤਨ ਅਤੇ ਪੱਟੀਆ ਬੰਨ ਕੇ ਵਿਖਾਈਆ।

ਉਨ੍ਹਾਂ ਇਸ ਮੋਕੇ ਮੁੱਢਲੀ ਸਹਾਇਤਾ ਚ ਕੰਮ ਆਉਣ ਵਾਲੇ ਮੱਹਤਵਪੂਰਨ ਹੈਲਪ ਲਾਈਨ ਨੰਬਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਹੈਲਪ ਲਾਈਨ ਨੰਬਰ 100, ਅੱਗ ਬੁਝਾਉਣ ਲਈ ਨੰਬਰ 101, ਡਾਕਟਰੀ ਸਹਾਇਤਾ ਨੰਬਰ 104 , ਸਾਰਿਆ ਸੰਕਟ ਸਥਿਤੀਆਂ ਵਿੱਚ ਨੰਬਰ 112 , ਐਮਬੂਲੈਂਸ ਨੰਬਰ 108 , ਨੈਸ਼ਨਲ ਹਾਈਵੇ ਦੁਰਘਟਨਾ ਨੰਬਰ 1073 , ਔਰਤਾ ਦੀ ਸਹਾਇਤਾ ਸੰਬੰਧੀ ਨੰਬਰ 1091, ਚਲਦੀ ਰੇਲ ਚ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਨੰਬਰ 182, ਬੱਚਿਆਂ ਦੀ ਸੁਰੱਖਿਆ ਲਈ ਨੰਬਰ 1098 ਤੋਂ ਇਲਾਵਾ ਹੋਰ ਨੰਬਰਾ ਦੀ ਜਾਣਕਾਰੀ ਦਿੱਤੀ। ਇਸ ਮੌਕੇ ਧੰਨਪਾਲ ਸਿੰਘ ਗਾਂਧੀ, ਡਾ. ਰਮਨ ਸ਼ਰਮਾ, ਸੁਸ਼ੀਲ ਸ਼ਰਮਾ, ਜੀਵਨ ਸੰਘਾ, ਸੱਤਪ੍ਰਕਾਸ਼ ਸਿੰਘ ਸੱਗੂ, ਪ੍ਰਵੀਨ ਕਨੋਜੀਆ, ਨਰਿੰਦਰ ਪਾਲ ਸਿੰਘ ਮਾਹੀ, ਅਜੇ ਕੋਛੜ, ਗੁਰਪ੍ਰੀਤ ਕੌਰ, ਅੰਮ੍ਰਿਤ ਪਾਲ ਸਿੰਘ, ਦਵਿੰਦਰ ਸ਼ਰਮਾ ਟਿੰਨੀ ਤੋਂ ਇਲਾਵਾ ਇੰਸਪੈਕਟਰ ਅਮਨ ਇੰਚਾਰਜ ਟਰੈਫਿਕ, ਐਸ.ਆਈ. ਮਹਿੰਦਰ ਸਿੰਘ, ਇੰਚਾਰਜ ਪੀ.ਸੀ.ਆਰ, ਏ. ਐਸ.ਆਈ. ਸੋਹਣ ਸਿੰਘ ਮੁਨਸ਼ੀ ਟਰੈਫਿਕ ਪੀ.ਸੀ.ਆਰ, ਏ.ਐਸ.ਆਈ. ਕੁਲਵਿੰਦਰ ਸਿੰਘ, ਏ.ਐਸ.ਆਈ. ਰਾਮ ਮੂਰਤੀ, ਏ.ਐਸ.ਆਈ. ਜਸਵਿੰਦਰ, ਏ.ਐਸ.ਆਈ. ਹਰਦੇਵ, ਏ.ਐਸ.ਆਈ. ਹਰਜੀਤ, ਏ.ਐਸ.ਆਈ. ਕਰਤਾਰ, ਏ.ਐਸ.ਆਈ. ਜੀਵਨ ਲਾਲ, ਏ.ਐਸ.ਆਈ., ਨਿਰਮਲ, ਐਚ ਸੀ ਅਮਰੀਕ, ਸੀ ਟੀ ਨਵਦੀਪ ਆਦਿ ਮੌਜੂਦ ਸਨ।

# ਸਮਾਜ ਸੇਵਕ ਬਰਿੰਦਰ ਸਿੰਘ ਮਸੀਤੀ ਨੂੰ ਸਟੇਟ ਅਵਾਰਡ ਮਿਲਣ ਤੇ ਪਰਿਵਾਰ ਨੇ ਕੀਤਾ ਸਰਕਾਰ ਦਾ ਧੰਨਵਾਦ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਮਾਜ ਸੇਵਾ ਦੇ ਖੇਤਰ ਵਿੱਚ ਇੱਕ ਅਲੱਗ ਮੁਕਾਮ ਹਾਸਲ ਕਰਨ ਵਾਲੇ ਬਲਾਕ ਟਾਂਡਾ ਉੜਮੁੜ ਦੇ ਪਿੰਡ ਮਸੀਤਪਾਲ ਕੋਟ ਦੇ ਰਹਿਣ ਵਾਲੇ ਆਈ ਡੋਨਰ ਇੰਚਾਰਜ ਭਾਈ ਬਰਿੰਦਰ ਸਿੰਘ (ਮਸੀਤੀ) ਨੂੰ ਬੀਤੇ ਦਿਨੀ 15 ਅਗਸਤ ਆਜ਼ਾਦੀ ਦਿਹਾੜੇ ਦੇ ਸਮਾਗਮਾਂ ਵਿੱਚ ਪੰਜਾਬ ਸਰਕਾਰ ਵੱਲੋਂ ਸਟੇਟ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਸੀ ਜਿਨਾਂ ਨੂੰ ਅੱਜ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਰਿਟਾਇਰਡ ਹੈਡ ਮਾਸਟਰ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਇਸ ਪ੍ਰਾਪਤੀ ਲਈ ਸਨਮਾਨਿਤ ਕੀਤਾ ਗਿਆ, ਤੇ ਪਰਿਵਾਰ ਨੇ ਇਸ ਮੌਕੇ ਤੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਤੇ ਬਲਾਕ ਟਾਂਡਾ ਦੇ ਐਮਐਲਏ ਜਸਵੀਰ ਸਿੰਘ ਰਾਜਾ ਗਿੱਲ ਦਾ ਧੰਨਵਾਦ ਕੀਤਾ ਇਸ ਮੌਕੇ ਤੇ ਬੋਲਦਿਆਂ ਹੈਡ ਮਾਸਟਰ ਗੁਰਮੀਤ ਸਿੰਘ ਨੇ ਆਖਿਆ ਕਿ ਉਹਨਾਂ ਦੇ ਭਰਾ ਭਾਈ ਬਰਿੰਦਰ ਸਿੰਘ ਨੂੰ ਇਹ ਅਵਾਰਡ ਮਿਲਣਾ ਉਹਨਾਂ ਦੇ ਪਰਿਵਾਰ ਲਈ ਬਹੁਤ ਮਾਣ ਵਾਲੀ ਗੱਲ ਹੈ ਜਿਸ ਨਾਲ ਉਹਨਾਂ ਦਾ ਸਿਰ ਇਲਾਕੇ ਵਿੱਚ ਹੋਰ ਉੱਚਾ ਹੋਇਆ ਉਹਨਾਂ ਨੇ ਕਿਹਾ ਕਿ ਭਾਈ ਬਰਿੰਦਰ ਸਿੰਘ ਦੀ ਮਿਹਨਤ ਰੰਗ ਲਿਆ ਰਹੀ ਹੈ ਉਹਨਾਂ ਦੱਸਿਆ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਪਿੰਡ ਪਿੰਡ ਆਪਣੇ ਸਾਈਕਲ ਤੇ ਜਾ ਕੇ ਲੋਕਾਂ ਨੂੰ ਜਿਉਂਦੇ ਜੀ ਖੂਨਦਾਨ ਤੇ ਮਰਨ ਉਪਰੰਤ ਅੱਖਾਂ ਤੇ ਅੰਗ ਦਾਨ ਕਰਨ ਲਈ ਪ੍ਰੇਰਿਤ ਕਰਦੇ ਹਨ ਜਿਸ ਨਾਲ ਕਈ ਲੋਕਾਂ ਨੂੰ ਆਪਣੀ ਜ਼ਿੰਦਗੀ ਜਿਉਣ ਦਾ ਸਹਾਰਾ ਮਿਲਿਆ ਹੈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਹੋਰ ਵੀ ਪਰਿਵਾਰਿਕ ਮੈਂਬਰ ਜਿਨਾਂ ਵਿੱਚ ਗੁਰਦੀਪ ਸਿੰਘ ਰਿਟਾਇਰਡ ਇੰਸਪੈਕਟਰ ਕੁਲਦੀਪ ਸਿੰਘ ਰਿਟਾਇਰਡ ਜੇਈ ਗੁਰਮੀਤ ਕੌਰ ਰਿਟਾਇਰ ਟੀਚਰ ਰੇਸ਼ਮ ਕੌਰ ਟੈਡ ਪੰਜਾਬੀ ਟੀਚਰ ਅਮਰਜੀਤ ਕੌਰ (ਏਸੀਟੀ) ਡਾਕਟਰ ਜਸਵਿੰਦਰ ਸਿੰਘ ਅਸਿਸਟੈਂਟ ਪ੍ਰੋਫੈਸਰ ਪੰਜਾਬ ਯੂਨੀਵਰਸਿਟੀ ਅਮਨਦੀਪ ਕੌਰ ਬ੍ਰਹਮਦੀਪ ਸਿੰਘ ਹਰਸ਼ਦੀਪ ਸਿੰਘ ਆਦਿ ਹਾਜਰ ਸਨ।

# ਰਾਸ਼ਟਰੀ ਲੋਕ ਅਦਾਲਤ ਵਿੱਚ 13,757 ਮਾਮਲਿਆਂ ਦਾ ਮੌਕੇ 'ਤੇ ਹੋਇਆ ਨਿਪਟਾਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵੱਲੋਂ ਅੱਜ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਸਾਲ ਦੀ ਤੀਜੀ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਲੋਕ ਅਦਾਲਤ ਵਿੱਚ ਵੱਖ-ਵੱਖ ਕਿਸਮ ਦੇ ਮਾਮਲਿਆਂ ਨੂੰ ਸੁਣਿਆ ਗਿਆ, ਜਿਨ੍ਹਾਂ ਵਿੱਚ ਧਾਰਾ 138 ਤਹਿਤ ਐਨ।ਆਈ। ਐਕਟ ਦੇ ਮਾਮਲੇ (ਲੰਬਿਤ ਅਤੇ ਪੂਰਵ-ਮੁਕਦਮੇਬਾਜ਼ੀ ਬੈਂਕ ਰਿਕਵਰੀ ਦੇ ਮਾਮਲੇ), ਲੇਬਰ ਵਿਵਾਦ, ਐਮ।ਏ।ਸੀ।ਟੀ।, ਬਿਜਲੀ ਅਤੇ ਪਾਣੀ ਦੇ ਬਿੱਲ (ਨਾਨ-ਕੰਪਾਉਂਡੇਬਲ ਮਾਮਲਿਆਂ ਤੋਂ ਇਲਾਵਾ), ਵਿਆਹੁਤਾ ਵਿਵਾਦ, ਟ੍ਰੈਫਿਕ ਚਲਾਨ, ਰੈਵਨਿਊ ਮਾਮਲੇ ਅਤੇ ਹੋਰ ਨਾਗਰਿਕ ਅਤੇ ਛੋਟੇ ਅਪਰਾਧਿਕ ਮਾਮਲੇ ਸ਼ਾਮਲ ਸਨ। ਇਹ ਲੋਕ ਅਦਾਲਤ ਦੀ ਪ੍ਰਧਾਨਗੀ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਵੱਲੋਂ ਕੀਤੀ ਗਈ। ਇਸ ਲੋਕ ਅਦਾਲਤ ਲਈ ਕੁੱਲ 27 ਬੈਂਚ ਬਣਾਏ ਗਏ, ਜਿਨ੍ਹਾਂ ਵਿੱਚ ਹੁਸ਼ਿਆਰਪੁਰ ਦੀਆਂ ਜੁਡੀਸ਼ੀਅਲ ਅਦਾਲਤਾਂ ਵਿੱਚ 11 ਬੈਂਚ, ਸਬ-ਡਵੀਜਨ ਦਸੂਹਾ ਵਿੱਚ 4, ਮੁਕੇਰੀਆਂ ਵਿੱਚ 3 ਅਤੇ ਗੜਸ਼ੰਕਰ ਵਿੱਚ 2 ਬੈਂਚ ਸ਼ਾਮਲ ਸਨ। ਇਸਦੇ ਨਾਲ-ਨਾਲ ਰੈਵਨਿਊ ਅਦਾਲਤਾਂ ਦੇ 7 ਬੈਂਚਾਂ ਦੀ ਸਥਾਪਨਾ ਕੀਤੀ ਗਈ। ਹੁਸ਼ਿਆਰਪੁਰ ਜ਼ਿਲ੍ਹੇ ਦੀ ਲੋਕ ਅਦਾਲਤ ਵਿੱਚ ਕੁੱਲ 16,172 ਮਾਮਲਿਆਂ ਦੀ



ਸੁਣਵਾਈ ਕੀਤੀ ਗਈ, ਜਿਨ੍ਹਾਂ ਵਿੱਚੋਂ 13,757 ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ। ਇਸਦੇ ਨਾਲ ਹੀ 21,02,55,452 ਰੁਪਏ ਦੇ ਅਵਾਰਡ ਜਾਰੀ ਕੀਤੇ ਗਏ। ਲੋਕ ਅਦਾਲਤ ਦੌਰਾਨ ਪੁਲਿਸ ਵਿਭਾਗ ਵੱਲੋਂ ਟ੍ਰੈਫਿਕ ਚਲਾਨ ਭੁਗਤਾਨ ਕਰਨ ਆਏ ਲੋਕਾਂ ਲਈ ਵਿਸ਼ੇਸ਼ ਹੈਲਪ ਡੈਸਕ ਦੀ ਵਿਵਸਥਾ ਕੀਤੀ ਗਈ, ਤਾਂ ਜੋ ਉਹ ਆਪਣੇ ਚਲਾਨ ਅਦਾਲਤ ਵਿੱਚ ਆਸਾਨੀ ਨਾਲ ਭੁਗਤ ਸਕਣ। ਇਸ ਮੌਕੇ 'ਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੇ ਨਾਲ-ਨਾਲ ਰਾਜਪਾਲ ਰਾਵਲ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਪ੍ਰਧਾਨ ਰਣਜੀਤ ਕੁਮਾਰ ਅਤੇ ਵਾਈਸ ਪ੍ਰੈਜ਼ੀਡੈਂਟ ਰਜਨੀ ਨੰਦਾ ਨੇ ਵੀ ਲੋਕ ਅਦਾਲਤ ਦੇ ਬੈਂਚਾਂ ਦਾ ਦੌਰਾ ਕੀਤਾ। ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਲੋਕ ਅਦਾਲਤ ਨੂੰ ਸਫ਼ਲਤਾਪੂਰਵਕ ਮੁਕੰਮਲ ਕਰਨ ਵਿੱਚ ਪੂਰਾ ਸਹਿਯੋਗ ਦਿੱਤਾ ਗਿਆ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸ੍ਰੀ ਗੁਰੂ ਰਾਮ ਦਾਸ ਲੰਗਰ ਸੇਵਾ ਦੇ ਸਹਿਯੋਗ ਨਾਲ ਆਮ ਲੋਕਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ, ਜਿਸ ਨਾਲ ਸਭ ਨੂੰ ਸੁਵਿਧਾ ਪ੍ਰਾਪਤ ਹੋਈ। ਸੀ.ਜੇ.ਐਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਰਾਜਪਾਲ ਰਾਵਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋਕ ਅਦਾਲਤਾਂ ਵਿੱਚ ਆਪਣੇ ਮਾਮਲਿਆਂ ਦਾ ਵੱਧ ਤੋਂ ਵੱਧ ਲਾਭ ਚੁਕਣ, ਕਿਉਂਕਿ ਇਸ ਨਾਲ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਲੋਕ ਅਦਾਲਤ ਵਿੱਚ ਹੋਏ ਫੈਸਲੇ ਅੰਤਿਮ ਹੁੰਦੇ ਹਨ ਅਤੇ ਉਨ੍ਹਾਂ ਖ਼ਿਲਾਫ਼ ਕੋਈ ਅਪੀਲ ਨਹੀਂ ਹੁੰਦੀ, ਇਸ ਨਾਲ ਦੋਵੇਂ ਧਿਰਾਂ ਵਿਚਕਾਰ ਪਿਆਰ ਵੱਧਦਾ ਹੈ।

# ਹੁਸ਼ਿਆਰਪੁਰ ਦੇ ਨਵ ਨਿਯੁਕਤ ਜ਼ਿਲਾ ਸਿਹਤ ਅਫਸਰ ਵੱਲੋਂ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਜਗ੍ਹਾ ਜਗ੍ਹਾ ਛਾਪੇਮਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਪੰਜਾਬ ਡਾ। ਅਭਿਨਵ ਤ੍ਰਿਖਾ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ



ਨਿਰਦੇਸ਼ਾਂ ਅਨੁਸਾਰ ਨਵ ਨਿਯੁਕਤ ਜ਼ਿਲਾ ਸਿਹਤ ਅਫ਼ਸਰ ਡਾ. ਜਤਿੰਦਰ ਭਾਟੀਆ ਵਲੋਂ ਫੂਡ ਸੇਫਟੀ ਅਫਸਰ ਮੁਨੀਸ਼ ਸੋਢੀ, ਵਿਵੇਕ ਕੁਮਾਰ ਅਤੇ ਅਭਿਨਵ ਖੋਸਲਾ ਦੇ ਨਾਲ ਹੁਸ਼ਿਆਰਪੁਰ ਦੇ ਸਬ ਅਰਬਨ ਏਰੀਆ, ਟਾਂਡਾ ਅਤੇ ਗੜ੍ਹਸ਼ੰਕਰ ਦੇ ਵੱਖ ਵੱਖ ਸਥਾਨਾਂ ਤੇ ਛਾਪੇਮਾਰੀ ਕੀਤੀ। ਫੂਡ ਸੇਫਟੀ ਟੀਮ ਵੱਲੋਂ ਇਹਨਾਂ ਸਥਾਨਾਂ ਤੋਂ ਖੁੱਲੇ ਪਨੀਰ ਦੇ 9 ਸੈਂਪਲ ਲਏ ਗਏ। ਲਏ ਗਏ ਸੈਂਪਲਾਂ ਨੂੰ ਨਰੀਖਣ ਲਈ ਫੂਡ ਲੈਬ ਖਰੜ ਭੇਜ ਦਿੱਤਾ ਗਿਆ ਹੈ। ਸੈਂਪਲਾਂ ਦੀ ਰਿਪੋਰਟ ਐੱਫ.ਐਸ.ਐਸ.ਏ.ਆਈ. ਮੁਤਾਬਿਕ ਨਾ ਆਉਣ ਤੇ ਫੂਡ ਸੇਫਟੀ ਸਟੈਂਡਰਡ ਐਕਟ 2006 ਅਧੀਨ ਕਾਰਵਾਈ ਕੀਤੀ ਜਾਵੇਗੀ। ਛਾਪੇ ਦੌਰਾਨ ਪਾਏ ਗਏ ਉੱਲੀ ਲੱਗੇ ਖੋਏ ਨੂੰ ਅਤੇ ਸੌਸ ਦੀਆਂ ਐਕਸਪਾਇਰੀ ਬੋਤਲਾਂ ਨੂੰ ਮੌਕੇ ਤੇ ਨਸ਼ਟ ਕਰਵਾਇਆ ਗਿਆ। ਖਰਾਬ ਖਾਦ ਪਦਾਰਥ ਵਿਕਰੇਤਾਵਾਂ ਨੂੰ ਡੀ. ਐਚ. ਓ. ਵਲੋਂ ਸਖ਼ਤ ਹਿਦਾਇਤ ਕੀਤੀ ਗਈ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਜਿਹਾ ਕਰਨ ਵਾਲਿਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਡੀ.ਐਚ.ਓ. ਨੇ ਜ਼ਿਲਾ ਵਾਸੀਆਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਖਾਣ ਪੀਣ ਵਾਲੇ ਪਦਾਰਥਾਂ ਨੂੰ ਖਰੀਦਣ ਵੇਲੇ ਉਹਨਾਂ ਦੀ ਐਕਸਪਾਇਰੀ ਮਿਤੀ ਜਰੂਰ ਚੈੱਕ ਕੀਤੀ ਜਾਵੇ। ਲੰਘ ਚੁੱਕੀ ਮਿਤੀ ਵਾਲੇ ਖਾਧ ਪਦਾਰਥ ਨਾ ਵਰਤੇ ਜਾਣ।

# ਸਮੇਂ ਸਿਰ 'ਸਟੂਡੈਂਟ ਵੀਜ਼ਾ' ਅਪਲਾਈ ਕਰੋ ਤਾਂ ਕਿ ਚੜ੍ਹਦੇ ਸਾਲ ਪੜ੍ਹਾਈ ਸ਼ੁਰੂ ਹੋ ਸਕੇ-ਇਮੀਗ੍ਰੇਸ਼ਨ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਨਿਊਜ਼ੀਲੈਂਡ ਪੜ੍ਹਨ ਆਉਣ ਵਾਲੇ ਵਿਦੇਸ਼ੀ ਪਾੜ੍ਹਿਆਂ (ਵੱਖ-ਵੱਖ ਅੰਤਰਰਾਸ਼ਟਰੀ ਵਿਦਿਆਰਥੀਆਂ) ਨੂੰ ਸਲਾਹ ਦਿੱਤੀ ਹੈ ਕਿ:- ''ਸਮੇਂ ਸਿਰ ਆਪਣੇ ਵੀਜ਼ੇ ਅਪਲਾਈ ਕਰੋ ਤਾਂ ਕਿ ਅਗਲੇ ਸਾਲ ਸ਼ੁਰੂ ਹੋਣ ਵਾਲੀਆਂ ਸਕੂਲਾਂ ਕਾਲਜਾਂ ਦੀਆਂ ਕਲਾਸਾਂ ਦੇ ਵਿਚ ਤੁਹਾਡੀ ਪੜ੍ਹਾਈ ਸ਼ੁਰੂ ਹੋ ਸਕੇ। ਵਿਦਿਆਰਥੀਆਂ ਨੂੰ ਜਲਦੀ ਵੀਜ਼ਾ ਦੇਣਾ ਸਾਡੀ ਮੁਖ ਪਹਿਲ ਰਹਿੰਦੀ ਹੈ ਪਰ ਅਰਜ਼ੀਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਸਮਾਂ ਚਾਹੀਦਾ ਹੈ।



INZ encourages people wanting to study in NZ to apply early for their student visa

The processing of student visas is a priority for us, particularly as we get closer to the end of the year summer processing peak.

Immigration New Zealand (INZ) receives the highest volume of student visa applications over the summer period as students ready for studying in the new calendar year. Applications take longer to be decided during this peak period, so it is important that anyone who is wanting to come to New Zealand to study in early 2025 applies in good time.

In 2023, we advised students to apply at least four months ahead of their intended travel date if they could do so. However, 40 percent of student applications from our two main markets of India and China were submitted within six weeks of their intended travel dates, and six percent of those were submitted just one week or less before travel. INZ is calling on the education sector to encourage students to apply early this year.

INZ's Director Student Visa Celia Coombes says leaving an application too late can mean students miss out.

"We strongly encourage students to get their applications in three months prior to their intended travel dates. It's important you make sure you have all the required documents and meet our thorough funds assessment in your application.

"Not having your application in early with all the required documents, including a valid Offer of Place, means you might not be able to start your intended course and can be incredibly disappointing," Ms Coombes says.

ਗਰਮੀਆਂ ਦੇ ਮੌਸਮ ਵਿਚ ਇਮੀਗ੍ਰੇਸ਼ਨ ਕੋਲ ਜਿਆਦਾ ਅਰਜ਼ੀਆਂ ਪਹੁੰਚਦੀਆਂ ਹਨ, ਜਿਸ ਕਰਕੇ ਵੱਧ ਸਮਾਂ ਵੀ ਲਗਦਾ ਹੈ। 2025 ਸਾਲ ਦੌਰਾਨ ਇਥੇ ਪੜ੍ਹਨ ਆਉਣ ਵਾਲਿਆਂ ਦੇ ਲਈ ਇਹ ਵਧੀਆ ਸਮਾਂ ਹੈ, ਵੀਜ਼ਾ ਅਪਲਾਈ ਕਰਨ ਵਾਸਤੇ। 2023 ਦੇ ਵਿਚ ਵਿਦਿਆਰਥੀਆਂ ਨੂੰ ਕਲਾਸਾਂ ਸ਼ੁਰੂ ਹੋਣ ਤੋਂ ਲਗਪਗ 4 ਮਹੀਨੇ ਪਹਿਲਾਂ ਵੀਜ਼ਾ ਅਪਲਾਈ ਕਰਨ ਵਾਸਤੇ ਸਲਾਹ ਦਿੱਤੀ ਗਈ ਸੀ। ਪਰ ਇਸਦੇ ਬਾਵਜੂਦ ਇੰਡੀਆ ਅਤੇ ਚੀਨ ਤੋਂ ਆਉਣ ਵਾਲੀਆਂ ਅਰਜ਼ੀਆਂ ਦੇ ਵਿਚ 40% ਉਹ ਸਨ ਜੋ ਡੇਢ ਕੁ ਮਹੀਨਾ (6 ਹਫਤੇ) ਪਹਿਲਾਂ ਦਾਖਲ ਕੀਤੀਆਂ ਗਈਆਂ। ਇੱਥੋਂ ਤੱਕ 6% ਉਹ ਅਰਜ਼ੀਆਂ ਵੀ ਸਨ ਜੋ ਕਿ ਇਕ ਹਫਤਾ ਪਹਿਲਾਂ ਹੀ ਭਰੀਆਂ ਗਈਆਂ। ਸੋ ਲੇਟ ਅਰਜ਼ੀਆਂ ਦਾ ਮਤਲਬ ਵੀਜ਼ੇ ਨਾ ਮਿਲਣਾ ਵੀ ਹੋ ਸਕਦਾ ਹੈ। ਘੱਟੋ-ਘੱਟ ਇਥੇ ਪਹੁੰਚਣ ਦੀ ਤਰੀਕ ਤੋਂ ਤਿੰਨ ਮਹੀਨੇ ਪਹਿਲਾਂ ਅਰਜ਼ੀਆਂ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਸਾਰੇ ਕਾਗਜ਼ ਅਤੇ ਪੈਸਿਆਂ ਵਾਲੇ ਖਾਤੇ (ਫੰਡ) ਦਰੁਸਤ ਹੋਣੇ ਚਾਹੀਦੇ ਹਨ।'' ਵਰਨਣਯੋਗ ਹੈ ਕਿ ਤਕਨੀਕੀ ਕੋਰਸਾਂ ਲਈ ਵੀਜ਼ਾ ਉਡੀਕ ਸਮਾਂ 7 ਹਫਤੇ, ਪੀ।ਟੀ।ਈ। ਲਈ 6 ਹਫਤੇ, ਯੂਨੀਵਰਸਿਟੀਜ਼ ਲਈ 5 ਹਫਤੇ ਅਤੇ ਸਕੂਲਾਂ ਲਈ 4 ਹਫਤੇ ਦਾ ਸਮਾਂ ਚੱਲ ਰਿਹਾ ਹੈ। ਭਾਰਤੀ ਅਤੇ ਚੀਨ ਵਾਲੇ ਭਾਵੇਂ ਇਥੇ ਆਉਣ ਨੂੰ ਸਭ ਤੋਂ ਮੋਹਰੀ ਹਨ, ਪਰ ਅਰਜ਼ੀਆਂ ਭਰਨ ਵੇਲੇ ਫਾਡੀ ਰਹਿ ਜਾਂਦੇ ਹਨ।

# ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਪ੍ਰਧਾਨ ਜਸਬੀਰ ਸਿੰਘ ਦੀ ਅਗਵਾਈ ਹੇਠ ਸੰਪੰਨ ਹੋਈ



**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ:) ਦੀ ਅਹਿਮ ਮੀਟਿੰਗ ਪ੍ਰਧਾਨ ਜਸਬੀਰ ਸਿੰਘ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਭਾ ਦੇ ਸਾਰੇ ਮੈਂਬਰਾਂ ਨੇ ਹਿੱਸਾ ਲਿਆ। ਸਭਾ ਵਿਚ ਸ਼ਾਮਿਲ ਹੋਏ ਨਵੇਂ ਸਿਖਾਂਦਰੂਆਂ ਨੂੰ ਸਭਾ ਦੇ ਇਤਿਹਾਸ ਬਾਰੇ ਦੱਸਦਿਆਂ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਰਜਿਟਰਡ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ 1969 ਤੋਂ ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਨਾਲ ਜੁੜੀ ਹੋਈ ਹੈ। ਉਨ੍ਹਾਂ ਨੇ ਇਸ ਮੌਕੇ ਸਭਾ ਦੇ ਸਾਰੇ ਮੈਂਬਰਾਂ ਦੀ ਜਾਣ ਪਛਾਣ ਕਰਾਉਂਦਿਆਂ ਉਨ੍ਹਾਂ ਦੀਆਂ ਸਾਹਿਤਕ ਗਤੀਵਿਧੀਆਂ ਨਾਲ ਵੀ ਤੁਆਰਫ਼ ਕਰਵਾਇਆ। ਉਪਰੰਤ ਚੱਲੇ ਰਚਨਾਵਾਂ ਦੇ ਦੌਰ ਵਿੱਚ ਡਾ. ਸ਼ਮਸ਼ੇਰ ਮੋਹੀ, ਹਰਦਿਆਲ ਹੁਸ਼ਿਆਰਪੁਰੀ, ਸੁਰਿੰਦਰ ਕੰਗਵੀ, ਤੀਰਥ ਚੰਦ ਸਰੋਆ, ਹਰਵਿੰਦਰ ਸਾਬੀ, ਲੈਕ. ਲਖਵਿੰਦਰ ਰਾਮ, ਉਪ ਕਮਾਂਡਰ ਮਨਿੰਦਰ ਸਿੰਘ ਹੀਰਾ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ, ਜਸਵੰਤ ਸਿੰਘ ਨੇ ਕਵਿਤਾਵਾਂ ਅਤੇ ਗ਼ਜ਼ਲਾਂ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਡਾ. ਜਸਵੰਤ ਰਾਏ ਨੇ 'ਇੱਕ ਬੱਤੀ ਵਾਲਾ ਮੀਟਰ', ਡਾ. ਦਰਸ਼ਨ ਸਿੰਘ ਨੇ 'ਆਲੇ ਪਿਆ ਚਿਰਾਗ', ਸਤੀਸ਼ ਕੁਮਾਰ ਨੇ 'ਪ੍ਰਸ਼ਾਦ' ਅਤੇ ਭੁਪਿੰਦਰ ਕੌਰ ਨੇ 'ਗੁਲਾਬੀ ਰੰਗ' ਕਹਾਣੀਆਂ ਪੜ੍ਹੀਆਂ। ਪ੍ਰਸਿੱਧ ਕਹਾਣੀਕਾਰਾ ਤ੍ਰਿਪਤਾ ਕੇ ਸਿੰਘ ਪੜ੍ਹੀਆਂ ਕਹਾਣੀਆਂ 'ਤੇ ਆਪਣੀ ਰਾਇ ਦਿੰਦਿਆਂ ਕਿਹਾ ਕਿ ਸਾਰੀਆਂ ਕਹਾਣੀਆਂ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਇਨ੍ਹਾਂ ਵਿਚ ਪਾਠਕ ਨੂੰ ਆਪਣੇ ਨਾਲ ਜੋੜ ਕੇ ਰੱਖਣ ਦੀ ਕਮਾਲ ਦਾ ਤਲਿਸਮ ਹੈ। ਮੇਰੇ ਵੱਲੋਂ ਸਾਰੇ ਕਹਾਣੀਕਾਰਾਂ ਨੂੰ ਬਹੁਤ ਬਹੁਤ ਮੁਬਾਰਕਾਂ। ਇਸ ਮੌਕੇ ਜੀ।ਬੀ।ਸੀ ਚੈਨਲ ਤੋਂ ਜਤਿੰਦਰ ਪ੍ਰਿੰਸ ਅਤੇ ਪੱਤਰਕਾਰ ਚੀਮਾ ਵੱਲੋਂ ਸਾਹਿਤ ਸਭਾ ਦੇ ਸਾਰੇ ਸਮਾਗਮ ਦੀ ਰਿਕਾਰਡਿੰਗ ਕੀਤੀ ਗਈ। ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਨੇ ਪੇਸ਼ ਨਜ਼ਮਾਂ 'ਤੇ ਆਪਣੀਆਂ ਭਾਵਪੂਰਤ ਟਿੱਪਣੀਆਂ ਦਿੱਤੀਆਂ ਅਤੇ ਆਏ ਹੋਏ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਲਈ ਧੰਨਵਾਦੀ ਸ਼ਬਦ ਆਖੇ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ। ਜਸਵੰਤ ਰਾਏ ਨੇ ਬਾਖੂਬੀ ਨਿਭਾਈ। ਇਸ ਮੌਕੇ ਡਾ. ਕਰਮਜੀਤ ਸਿੰਘ, ਡਾ ਅਜੀਤ ਸਿੰਘ ਜੱਬਲ, ਅਨਹਦਨਾਦ ਕੌਰ ਅਤੇ ਰਵਨੂਰ ਕੌਰ ਆਦਿ ਹਾਜ਼ਰ ਸਨ।

# ਅਰਵਿੰਦ ਕੇਜਰੀਵਾਲ ਦਾ ਅਸਤੀਫਾ ਉਹਨਾਂ ਦੇ ਸਿਧਾਂਤਾਂ 'ਤੇ ਚੱਲਣ ਵਾਲੇ ਵਿਅਕਤੀ ਹੋਣ ਦਾ ਸਬੂਤ: ਲਾਲ ਚੰਦ ਕਟਾਰੂਚੱਕ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਅਸਤੀਫਾ ਦੇਣ ਦਾ ਫੈਸਲਾ ਇਹ ਸਾਬਤ ਕਰਦਾ ਹੈ ਕਿ ਉਹ ਇੱਕ ਇਮਾਨਦਾਰ ਵਿਅਕਤੀ ਹਨ ਅਤੇ ਜ਼ਿੰਦਗੀ ਵਿੱਚ ਨੈਤਿਕਤਾ ਅਤੇ ਸਿਧਾਂਤਾਂ ਨੂੰ ਸਭ ਤੋਂ ਉੱਪਰ ਰੱਖਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਖੁਰਾਕ, ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਇੱਕ ਸਮਰਪਿਤ ਆਗੂ ਹਨ ਜਿਨ੍ਹਾਂ ਨੇ ਬਿਨਾਂ ਕਿਸੇ ਭੇਦਭਾਵ ਅਤੇ ਡਰ ਤੋਂ ਸਮਾਜ ਦੇ ਹਰ ਵਰਗ ਦੀ ਸੇਵਾ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਨੂੰ ਜਨਤਾ ਦਾ ਨੁਮਾਇੰਦਾ ਦੱਸਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਅਜਿਹੀਆਂ ਧਮਕੀ ਭਰੀਆਂ ਚਾਲਾਂ ਅਰਵਿੰਦ ਕੇਜਰੀਵਾਲ ਦੀ ਨਿਡਰਤਾ ਨੂੰ ਦਬਾ ਨਹੀਂ ਸਕਦੀਆਂ।

ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਨ ਲਈ ਭਾਜਪਾ ਦੀ ਸਖ਼ਤ ਆਲੋਚਨਾ ਕਰਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਅਜਿਹੀਆਂ ਦਬਾਅ ਪਾਉਣ ਵਾਲੀਆਂ ਚਾਲਾਂ ਲੋਕਤੰਤਰ ਦੇ ਨਾਮ 'ਤੇ ਕਲੰਕ ਅਤੇ ਸੰਵਿਧਾਨਕ ਭਾਵਨਾ ਅਤੇ ਕਦਰਾਂ-ਕੀਮਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹਨ।

ਪੰਜਾਬ ਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੇ ਸਾਰੇ ਮੈਂਬਰ ਸ੍ਰੀ ਅਰਵਿੰਦ ਦੇ ਨਾਲ ਖੜ੍ਹੇ ਹਨ। ਉਨ੍ਹਾਂ ਅੱਗੇ ਕਿਹਾ ਕਿ 'ਆਪ' ਦਾ ਹਰ ਵਰਕਰ ਦੇਸ਼ ਦੇ ਜਮਹੂਰੀ ਢਾਂਚੇ ਦੀ ਰਾਖੀ ਲਈ ਕੋਈ ਕਸਰ ਬਾਕੀ ਨਹੀਂ ਛੱਡੇਗਾ।

# ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੈਂਬਰਾਂ ਦੀ ਹੋਈ ਚੋਣ

**ਫਗਵਾੜਾ (ਬੀ.ਕੇ.ਰੱਤੂ)** ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ, ਫਗਵਾੜਾ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸਮਝਣ ਲਈ ਪ੍ਰੇਰਿਤ ਕੀਤਾ ਗਿਆ। ਸਟੱਡੀ ਸਰਕਲ ਦੇ ਇੰਚਾਰਜ ਡਾ. ਮਨਪ੍ਰੀਤ ਕੌਰ ਜੀ ਨੇ ਆਉਣ ਵਾਲੇ ਸਮੇਂ



ਦੇ ਮੈਂਬਰਾਂ ਦਾ ਪੁਨਰਗਠਨ ਕੀਤਾ ਗਿਆ। ਇਸ ਮੌਕੇ ਤੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਦੀ ਇੰਟਰਵਿਊ ਕੀਤੀ ਗਈ। ਇਸ ਇੰਟਰਵਿਊ ਦਾ ਮੁੱਖ ਉਦੇਸ਼ ਵੱਖ-ਵੱਖ ਅਹੁਦੇ ਲਈ ਮੈਂਬਰਾਂ ਦੀ ਚੋਣ ਕਰਨ ਤੋਂ ਹੈ। ਵੱਖ-ਵੱਖ ਮੈਂਬਰਾਂ ਦੇ ਨਿਸ਼ਚਿਤ ਅਹੁਦੇ ਸੌਂਪ ਕੇ ਉਨ੍ਹਾਂ ਨੂੰ ਜੁਮੇਵਾਰੀ ਨਿਭਾਉਣ ਲਈ ਆਖਿਆ ਗਿਆ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਤਿੰਦਰਪਾਲ ਸਿੰਘ ਪਲਾਹੀ ਜੀ ਨੇ ਨਵੇਂ ਬਣੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਚੰਗੇ ਗੁਣਾਂ ਨੂੰ ਸਿੱਖਣ ਤੇ ਜੋਰ ਦਿੱਤਾ। ਇਸ ਉਲੀਕੇ ਪ੍ਰੋਗਰਾਮ ਵਿੱਚ ਕਾਲਜ ਪ੍ਰਿੰਸੀਪਲ ਡਾ. ਗੁਰਦੇਵ ਸਿੰਘ ਰੰਧਾਵਾ ਜੀ ਨੇ ਵਿਦਿਆਰਥੀਆਂ ਨੂੰ ਆਪਣੀਆਂ ਜੁਮੇਵਾਰੀ ਨੂੰ ਸਮਝਣ ਤੇ ਤਹਿ ਦਿਲ ਨਾਲ ਨਿਭਾਉਣ ਲਈ ਕਿਹਾ। ਵਿਦਿਆਰਥੀਆਂ ਨੂੰ ਜੀਵਨ ਜਾਂਚ ਅਤੇ ਆਪਣੇ ਆਪ ਨੂੰ ਪਹਿਚਾਨਣ ਤੇ ਸਮਰੱਥਾ ਨੂੰ ਉਲੀਕੀਆਂ ਸਾਰੀਆਂ ਗਤੀਵਿਧੀਆਂ ਦਾ ਵੇਰਵਾ ਦਿੱਤਾ। ਇਸ ਮੌਕੇ ਐਮ. ਕਾਮ ਸਮੈਸਟਰ ਪਹਿਲਾ ਦਾ ਵਿਦਿਆਰਥੀ ਬਿੱਟੂ ਕੁਮਾਰ ਸਿੰਘ ਪ੍ਰਧਾਨ, ਬੀ.ਕਾਮ ਸਮੈਸਟਰ ਤੀਜਾ ਦਾ ਵਿਦਿਆਰਥੀ ਸੋਨੂ ਯਾਦਵ ਮੀਤ ਪ੍ਰਧਾਨ, ਬੀ.ਕਾਮ ਸਮੈਸਟਰ ਤੀਜਾ ਦੀ ਵਿਦਿਆਰਥਣ ਮੇਘਾ ਪਾਸੀ ਜਨਰਲ ਸਕੱਤਰ, ਬੀ.ਸੀ.ਏ ਸਮੈਸਟਰ ਪਹਿਲਾ ਦਾ ਵਿਦਿਆਰਥੀ ਸੁਖਨੰਦਨ ਸ਼ਰਮਾ ਜੁਆਇੰਟ ਸਕੱਤਰ, ਸਕੱਤਰ ਨਵਦੀਪ ਬੈਂਸ ,ਵਿੱਤ ਸਕੱਤਰ ਮਿਸ ਨਿਸ਼ਾਂ ਤੇ ਬਾਕੀ 9 ਐਗਜੀਕਿਉਟਿਵ ਮੈਂਬਰਾਂ ਦੀ ਟੀਮ ਦਾ ਪੁਨਰਗਠਨ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਡਾ।ਮਨਪ੍ਰੀਤ ਕੌਰ ਵਲੋ ਨਿਭਾਈ ਗਈ। ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਮੈਂਬਰ ਪ੍ਰੋ।ਅਰਵਿੰਦਰ ਕੌਰ, ਪ੍ਰੋ। ਪ੍ਰਿਯੰਕਾ ਬਾਂਸਲ, ਸ. ਜਤਿੰਦਰ ਸਿੰਘ ਖਾਲਸਾ ਹਾਜ਼ਿਰ ਸਨ।

# ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਦੇ ਪ੍ਰਬੰਧਾਂ ਦੀ ਸਮੀਖਿਆ

**ਫਗਵਾੜਾ–** ਫਗਵਾੜਾ ਸ਼ਹਿਰ ਅੰਦਰ ਬਰਸਾਤੀ ਮੌਸਮ ਦੇ ਅੰਤਲੇ ਪੜਾਅ ਦੌਰਾਨ ਡੇਂਗੂ, ਡਾਇਰੀਆ ਅਤੇ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਾਓ ਲਈ ਪ੍ਰਬੰਧਾਂ ਦਾ ਜਾਇਜ਼ਾ ਲੈਣ ਸਬੰਧੀ ਏ.ਡੀ.ਸੀ. ਫਗਵਾੜਾ ਸ਼੍ਰੀਮਤੀ ਅਨੁਪਮ ਕਲੇਰ ਨੇ ਐਸ.ਐਮ.ਓਜ਼. ਸਿਵਲ ਅਤੇ ਈ.ਐਸ.ਆਈ. ਹਸਪਤਾਲ ਫਗਵਾੜਾ ਨਾਲ ਨਗਰ ਨਿਗਮ ਵਿਖੇ ਮੀਟਿੰਗ ਕੀਤੀ। ਸ਼੍ਰੀਮਤੀ ਕਲੇਰ ਨੇ ਦੱਸਿਆ ਕਿ ਸਿਵਲ ਹਸਪਤਾਲ ਅਤੇ ਈ.ਐਸ.ਆਈ. ਹਸਪਤਾਲ ਫਗਵਾੜਾ ਵੱਲੋਂ ਡੇਂਗੂ, ਡਾਇਰੀਆ ਅਤੇ ਵੈਕਟਰ ਬੋਰਨ ਬਿਮਾਰੀਆਂ ਤੋਂ ਨਿਜ਼ਾਤ ਪਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਦਵਾਈਆਂ ਵੀ ਪੂਰੀ ਤਰ੍ਹਾਂ ਉਪਲਬਧ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸਬ–ਡਵੀਜ਼ਨ ਫਗਵਾੜਾ ਅੰਦਰ ਡੇਂਗੂ ਦਾ ਕੇਵਲ ਇੱਕ ਹੀ ਕੇਸ ਸਾਹਮਣੇ ਆਇਆ ਸੀ, ਜਿਸ ਉਪਰ ਤੁਰੰਤ ਕਾਰਵਾਈ ਕਰਦੇ ਹੋਏ ਕਾਬੂ ਪਾ ਲਿਆ ਗਿਆ। ਉਨ੍ਹਾਂ ਸਬ-ਡਵੀਜ਼ਨ ਫਗਵਾੜਾ ਦੇ ਐਸ।ਐਮ।ਓਜ਼ ਨੂੰ ਨਿਰਦੇਸ਼ ਦਿੱਤੇ ਕਿ ਉਹ ਸਮੂਹ ਪ੍ਰਾਈਵੇਟ ਹਸਪਤਾਲ ਦੇ ਡਾਕਟਰ ਸਾਹਿਬਾਨ ਨਾਲ ਵੀ ਆਪਣੇ ਪੱਧਰ 'ਤੇ ਮੀਟਿੰਗ ਕਰਨ ਅਤੇ ਇਨ੍ਹਾਂ ਵੈਕਟਰ ਬੋਰਨ ਬਿਮਾਰੀਆਂ ਸਬੰਧੀ ਜੇਕਰ ਕੋਈ ਵੀ ਕੇਸ ਸਾਹਮਣੇ ਆਉਂਦਾ ਹੈ ਤਾਂ ਪ੍ਰਸ਼ਾਸ਼ਨ ਨਾਲ ਤੁਰੰਤ ਸੰਪਰਕ ਕਰਨ। ਉਨ੍ਹਾਂ ਇਹ ਵੀ ਦੱਸਿਆ ਕਿ ਨਿਗਮ ਪ੍ਰਸ਼ਾਸ਼ਨ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਸ਼ਹਿਰ ਅੰਦਰ ਘਰ-ਘਰ ਪਹੁੰਚ ਕੀਤੀ ਜਾ ਰਹੀ ਹੈ ਅਤੇ ਜਿੱਥੇ ਕਿਤੇ ਵੀ ਲਾਰਵਾ ਪਾਇਆ ਜਾਂਦਾ ਹੈ ਤਾਂ ਉਥੇ ਕੀਟਨਾਸ਼ਕ ਦਵਾਈਆਂ ਦਾ ਛਿੜਕਾਓ ਅਤੇ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਵੀ ਕੱਟੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ



ਸ਼ਹਿਰ ਦਾ ਵਿਕਾਸ ਨਗਰ ਨਿਗਮ ਦੀ ਪ੍ਰਾਥਮਿਕਤਾ ਹੈ ਅਤੇ ਨਿਗਮ ਵੱਲੋਂ ਵਿਕਾਸ ਦੇ ਕੰਮਾਂ ਵਿੱਚ ਤੇਜ਼ੀ ਲਿਆਉਂਦੇ ਹੋਏ ਸ਼ਹਿਰ ਅੰਦਰ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ 1500 ਨਵੀਆਂ ਐਲ.ਈ.ਡੀ. ਲਾਈਟਾਂ ਲਗਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਤਕਰੀਬਨ ਇੱਕ ਕਰੋੜ ਤੋਂ ਵੱਧ ਦੇ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮ ਪ੍ਰਗਤੀ ਅਧੀਨ ਹਨ ਅਤੇ ਸ਼ਹਿਰ ਦੇ ਵੱਖ—ਵੱਖ ਖੇਤਰਾਂ ਵਿੱਚ ਪਾਣੀ ਦੀ ਸਪਲਾਈ ਲਈ 4 ਨਵੇਂ ਟਿਊਬਵੈੱਲ ਵੀ ਲਗਾਏ ਗਏ ਹਨ। ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਦੇ ਜੁਆਇੰਟ ਕਮਿਸ਼ਨਰ ਕੁਲਪ੍ਰੀਤ ਸਿੰਘ, ਨਿਗਰਾਨ ਇੰਜੀਨੀਅਰ ਰਜਿੰਦਰ ਚੋਪੜਾ, ਚੀਫ ਸੈਨੇਟਰੀ ਇੰਸਪੈਕਟਰ ਅਜੈ ਕੁਮਾਰ ਅਤੇ ਸਿਵਲ ਹਸਪਤਾਲ ਦੇ ਐਸ.ਐਮ.ਓ[ ਡਾ. ਲੈਂਬਰ ਰਾਮ ਅਤੇ ਈ.ਐੱਸ.ਆਈ. ਹਸਪਤਾਲ ਦੇ ਐੱਸ.ਐੱਮ.ਓ[ ਡਾ. ਮਨਦੀਪ ਕੌਰ ਅਤੇ ਹੈਲਥ ਵਿਭਾਗ ਦੇ ਇੰਸਪੈਕਟਰ ਹਾਜ਼ਿਰ ਸਨ।

# ਸੋਇਆਬੀਨ ਦੇ ਤੇਲ ਲਈ ਦਰਾਮਦ ਡਿਊਟੀ 32% ਤੋਂ ਘਟਾ ਕੇ 12.5% ਕਰਨ ਕਰਕੇ ਸੋਇਆਬੀਨ ਦੀ ਕੀਮਤ ਵਿੱਚ ਭਾਰੀ ਗਿਰਾਵਟ: ਐਸਕੇਐਮ

**ਨਵੀਂ ਦਿੱਲੀ, (ਦਲਜੀਤ ਕੌਰ)** ਮੋਦੀ ਸਰਕਾਰ ਦੀਆਂ ਸੋਇਆਬੀਨ ਤੇਲ ਲਈ ਦਰਾਮਦ ਡਿਊਟੀ 32% ਤੋਂ ਘਟਾ ਕੇ 12.5% ਕਰਨ ਦੀਆਂ ਨੀਤੀਆਂ ਦੇ ਕਾਰਨ ਭਾਰਤ ਭਰ ਵਿੱਚ ਸੋਇਆਬੀਨ ਦੇ ਕਿਸਾਨਾਂ ਨੂੰ ਕੀਮਤ ਵਿੱਚ ਭਾਰੀ ਗਿਰਾਵਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਰਤਮਾਨ ਵਿੱਚ ਕਿਸਾਨ ਸੋਇਆਬੀਨ ਨੂੰ ਖੇਤੀਬਾੜੀ ਲਾਗਤ ਅਤੇ ਕੀਮਤਾਂ ਲਈ ਕਮੇਟੀ ਦੁਆਰਾ ਨਿਰਧਾਰਤ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ - ਛੇਓਫਫ- ਕੇਂਦਰ ਸਰਕਾਰ ਦੀ 4850/ ਪ੍ਰਤੀ ਕੁਇੰਟਲ ਦੀ ਬਜਾਏ 3500 ਤੋਂ 4000 ਰੁਪਏ ਪ੍ਰਤੀ ਕੁਇੰਟਲ ਤੇ ਵੇਚਣ ਲਈ ਮਜਬੂਰ ਹਨ।

ਸਾਉਣੀ ਸੀਜ਼ਨ 2024-25 ਲਈ CACP ਦੀ ਰਿਪੋਰਟ ਅਨੁਸਾਰ, AL+F ਦੇ ਅਨੁਸਾਰ ਉਤਪਾਦਨ ਦੀ ਲਾਗਤ 3261 ਰੁਪਏ ਪ੍ਰਤੀ ਕੁਇੰਟਲ ਹੈ। ਮੌਜੂਦਾ ਮਾਰਕੀਟ ਕੀਮਤ ਇਸ ਅੰਦਾਜ਼ਨ ਲਾਗਤ ਦੇ ਲਗਭਗ ਬਰਾਬਰ ਹੈ ਜੋ ਕਿ C2 ਲਾਗਤ ਤੋਂ ਬਹੁਤ ਘੱਟ ਹੈ। ਦੁਨੀਆ ਦੇ ਸੋਇਆ ਬੀਨ ਦੇ ਉਤਪਾਦਨ ਦਾ 95% ਤਿੰਨ ਦੇਸ਼ਾਂ ਅਰਥਾਤ ਅਰਜਨਟੀਨਾ, ਬ੍ਰਾਜ਼ੀਲ ਅਤੇ ਸੰਯੁਕਤ ਰਾਜ ਅਮਰੀਕਾ ਤੋਂ ਆਉਂਦਾ ਹੈ। ਭਾਰਤ ਦਾ ਯੋਗਦਾਨ ਸਿਰਫ 2.5% ਤੋਂ 3% ਹੈ। ਅਮਰੀਕਾ ਦੇ ਦਬਾਅ ਹੇਠ ਮੋਦੀ ਸਰਕਾਰ ਨੇ ਸੋਇਆਬੀਨ ਆਇਲ ਦੀ ਦਰਾਮਦ ਡਿਊਟੀ 32% ਤੋਂ ਘਟਾ ਕੇ 12.5% ਕਰ ਦਿੱਤੀ ਹੈ, ਜਿਸ ਨਾਲ ਘਰੇਲੂ ਬਾਜ਼ਾਰ ਵਿੱਚ ਮੰਗ ਘਟ ਗਈ ਹੈ ਤਾਂ ਜੋ ਖੇਤੀ ਕਾਰੋਬਾਰ ਨੂੰ ਭਾਰੀ ਮੁਨਾਫਾ ਕਮਾਉਣ ਲਈ ਸੰਕਟਮਈ ਕੀਮਤ 'ਤੇ ਫਸਲ ਖਰੀਦਣ ਵਿੱਚ ਮਦਦ ਮਿਲ ਸਕੇ।

# ਜਮਹੂਰੀ ਅਧਿਕਾਰ ਸਭਾ ਵੱਲੋਂ ਪੁਲਸ ਐਨਕਾਊਂਟਰ ਦੀ ਅਸਲੀਅਤ ਜਾਣਨ ਗਈ ਤੱਥ ਖੋਜ ਕਮੇਟੀ ਦੇ 16 ਆਗੂਆਂ ਨੂੰ ਤੇਲੰਗਾਨਾ ਪੁਲਸ ਵੱਲੋਂ ਗ੍ਰਿਫਤਾਰ ਕਰਨ ਦੀ ਸਖ਼ਤ ਨਿੰਦਾ

**ਚੰਡੀਗੜ੍ਹ/ਸੰਗਰੂਰ, (ਦਲਜੀਤ ਕੌਰ)** ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਤੇਲੰਗਾਨਾ ਪੁਲਸ ਵਲੋਂ ਸੀ.ਡੀ. ਆਰ.ਓ। -ਸੀ.ਐਲ. ਸੀ. ਦੀ ਤੱਥ ਖੋਜ ਕਮੇਟੀ ਦੇ ਆਗੂਆਂ ਨੂੰ ਹਿਰਾਸਤ ਵਿੱਚ ਲੈਣ ਅਤੇ ਦੂਰ ਦੁਰਾਡੇ ਜੰਗਲਾਂ ਵਿੱਚ ਛੱਡਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ, ਸੂਬਾ ਸਕੱਤਰ ਪ੍ਰਿਤਪਾਲ ਸਿੰਘ ਅਤੇ ਸੂਬਾ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਪ੍ਰੈਸ ਬਿਆਨ ਰਾਹੀਂ ਕਿ ਕਿਹਾ ਹੈ ਕਿ ਅਸ਼ਵਪੁਰਮ ਪੁਲਿਸ ਸਟੇਸ਼ਨ ਵਿੱਚ ਤੱਥ ਖੋਜ ਟੀਮ ਦੇ 16 ਮੈਂਬਰਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਲਿਆ ਗਿਆ ਹੈ ਜੋ ਸੀਡੀਆਰਓ-ਸੀਐਲਸੀ ਦੇ ਆਗੂ ਹਨ।



ਉਹਨਾਂ ਕਿਹਾ ਕਿ 14 ਸਤੰਬਰ, 2024 ਨੂੰ, ਤੇਲੰਗਾਨਾ ਸਿਵਲ ਲਿਬਰਟੀਜ਼ ਕਮੇਟੀ ਦੇ ਪ੍ਰਧਾਨ ਪ੍ਰੋ। ਲਕਸ਼ਮਣ ਅਤੇ ਜਨਰਲ ਸਕੱਤਰ ਨਰਾਇਣ ਰਾਓ ਦੀ ਅਗਵਾਈ ਵਾਲੀ ਇੱਕ ਤੱਥ-ਖੋਜ ਟੀਮ ਦੇ ਛੇ ਮੈਂਬਰਾਂ ਨੂੰ ਸਵੇਰੇ 6130 ਵਜੇ ਮੈਨੂਗੁਰੂ ਕਸਬੇ ਵਿੱਚ ਸਤਿਆਨਾਰਾਇਣ ਸਵਾਮੀ ਮੰਦਰ ਦੇ ਨੇੜੇ ਹਿਰਾਸਤ ਵਿੱਚ ਲਿਆ ਗਿਆ ਸੀ। ਸੰਯੁਕਤ ਸਕੱਤਰ ਐਮ ਕੁਮਾਰਸਵਾਮੀ ਦੀ ਅਗਵਾਈ ਵਾਲੀ ਇੱਕ ਤੱਥ ਖੋਜ ਟੀਮ ਦੇ ਹੋਰ ਪੰਜ ਮੈਂਬਰਾਂ ਨੂੰ ਸਵੇਰੇ 7 ਵਜੇ ਮੈਨੂਗੁਰੂ ਬੱਸ ਸਟੈਂਡ ਤੋਂ ਗੈਰ-ਕਾਨੂੰਨੀ ਤੌਰ 'ਤੇ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਦੋ ਮੈਂਬਰੀ ਟੀਮ, ਸੰਯੁਕਤ ਸਕੱਤਰ ਤਿਰੂਮਲੀਆ ਅਤੇ ਜਬਲੀ ਨੂੰ ਸਵੇਰੇ 8130 ਵਜੇ ਮੈਨੂਗੁਰੂ ਦੇ ਦੁਆਰਕਾ ਹੋਟਲ ਨੇੜਿਓਂ ਗ੍ਰਿਫਤਾਰ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਟੀਮਾਂ 5 ਸਤੰਬਰ 2024 ਨੂੰ ਰਘੁਨਾਥਪੱਲੀ, ਕਰਿਕਾ ਗੁਡੇਮ ਜੰਗਲ ਵਿੱਚ ਹੋਏ ਕਥਿਤ ਮੁਕਾਬਲੇ ਦੀ ਜਾਂਚ ਕਰਨ ਲਈ ਮੈਨੂਗੁਰੂ ਜਾ ਰਹੀਆਂ ਸਨ। ਜਿਸ ਵਿੱਚ, ਆਪਰੇਸ਼ਨ ਕਾਗਰ ਦੇ ਤਹਿਤ ਕਥਿਤ ਤੌਰ 'ਤੇ ਛੇ ਮਾਓਵਾਦੀਆਂ ਦਾ ਐਨਕਾਊਂਟਰ ਕੀਤਾ ਗਿਆ ਸੀ।

ਸਭਾ ਦੀ ਸੂਬਾ ਕਮੇਟੀ ਇਨ੍ਹਾਂ ਗ੍ਰਿਫਤਾਰੀਆਂ ਦੀ ਸਖ਼ਤ ਨਿੰਦਾ ਕਰਦੀ ਹੈ, ਜਿਸ ਨੂੰ ਉਹ ਬੋਲਣ ਦੀ ਆਜ਼ਾਦੀ ਅਤੇ ਜਮਹੂਰੀਅਤ ਦੀ ਸਪੱਸ਼ਟ ਉਲੰਘਣਾ ਵਜੋਂ ਦੇਖਦੇ ਹਨ। ਉਹਨਾਂ ਅੱਗੇ ਕਿਹਾ ਕਿ ਤੇਲੰਗਾਨਾ ਦੇ ਮੁੱਖ ਮੰਤਰੀ ਨੇ ਪਹਿਲਾਂ ਤੇਲੰਗਾਨਾ ਵਿੱਚ ਮੌਲਿਕ ਅਧਿਕਾਰਾਂ ਨੂੰ ਬਰਕਰਾਰ ਰੱਖਣ ਦਾ ਵਾਅਦਾ ਕੀਤਾ ਸੀ, ਪਰ ਇਹ ਕਾਰਵਾਈਆਂ ਇਨ੍ਹਾਂ ਵਾਅਦਿਆਂ ਦੀ ਅਣਦੇਖੀ ਨੂੰ ਦਰਸਾਉਂਦੀਆਂ ਹਨ। ਕਰੀਕੇਗੁਡਾ ਜੰਗਲ ਵਿੱਚ 5 ਸਤੰਬਰ 2024 ਨੂੰ ਜੋ ਹੋਇਆ ਸੀ, ਉਸ ਬਾਰੇ ਸਰਕਾਰ ਸੱਚਾਈ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਕੇ ਰਵੀ, ਵਾਈਸ ਪ੍ਰੈਜ਼ੀਡੈਂਟ, ਡੀ ਸ਼ਿਰੀਸ਼ਾ ਅਤੇ ਵਿਜੇ ਰਾਘਵੇਂਦਰ, ਖੰਮਮ ਜ਼ਿਲ੍ਹੇ ਦੇ ਸੀਐਲਸੀ ਮੈਂਬਰ, ਹਿਰਾਸਤ ਵਿੱਚ ਲਏ ਗਏ। ਜਦੋਂ ਹੋਰ ਆਗੂ ਤੱਥ ਖੋਜ ਟੀਮ ਦੇ ਮੈਂਬਰਾਂ ਨਾਲ ਮੁਲਾਕਾਤ ਕਰਨ ਲਈ ਪੁਲਿਸ ਸਟੇਸ਼ਨ ਗਏ ਇਸ ਤੋਂ ਬਾਅਦ ਉਹ ਮੈਨੂਗੁਰੂ ਵਿੱਚ ਪ੍ਰੈੱਸ ਕਾਨਫਰੰਸ ਕਰਨ ਲਈ ਥਾਣੇ ਤੋਂ ਰਵਾਨਾ ਹੋਏ। ਤੁਰੰਤ ਹੀ ਉਨ੍ਹਾਂ ਨੂੰ ਪੁਲਸ ਨੇ ਥਾਣੇ ਦੇ ਨੇੜਿਓਂ ਗ੍ਰਿਫਤਾਰ ਕਰ ਕੇ ਉਸੇ ਥਾਣੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਫਿਰ ਅੱਧੀ ਰਾਤ ਨੂੰ ਉਹਨਾਂ ਨੂੰ ਦੂਰ ਦੁਰਾਡੇ ਜੰਗਲਾਂ ਵਿੱਚ ਛੱਡ ਦਿੱਤਾ ਗਿਆ।

ਸਭਾ ਦੇ ਆਗੂਆਂ ਨੇ ਕਿਹਾ ਕਿ ਸਭਾ ਸਰਕਾਰ ਵੱਲੋਂ ਦੰਡਕਾਰਣੀਆ ਵਿੱਚ ਹੋਈਆਂ ਹੱਤਿਆਵਾਂ ਨੂੰ ਤੁਰੰਤ ਰੋਕਣ ਆਦਿਵਾਸੀਆਂ ਦੇ ਅਧਿਕਾਰਾਂ ਦੀ ਰਾਖੀ ਕਰਨ, ਸਾਰੇ ਮੌਲਿਕ ਅਧਿਕਾਰਾਂ ਜਿਸ ਵਿੱਚ ਜੀਵਨ ਦੇ ਅਧਿਕਾਰ, ਆਜ਼ਾਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਸ਼ਾਮਲ ਹਨ ਦੀ ਰੱਖਿਆ ਕਰਨ, ਆਦਿਵਾਸੀਆਂ ਦੇ ਹੱਕਾਂ ਦੀ ਰੱਖਿਆ ਕਰਨ, ਆਪ੍ਰੇਸ਼ਨ ਕਾਗਰ ਬੰਦ ਕਰਨ ਦੀ ਮੰਗ ਕਰਦੀ ਹੈ।

# ਧੰਨ ਧੰਨ ਹਜ਼ੂਰ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 84ਵੀਂ ਬਰਸੀ ਮਨਾਈ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਧੰਨ ਧੰਨ ਹਜੂਰ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਯਾਦ ਨੂੰ ਸਮਰਪਿਤ ਨਜਦੀਕ ਵਿਰਕਾਂ ਮੋੜ ਦੋਸਾਂਝਾਂ ਰੋਡ ਤੇ ਸਥਿਤ ਧਾਰਮਿਕ ਅਸਥਾਨ ਤੇ ਤਿੰਨ ਦਿਨਾ 84ਵੀਂ ਬਰਸੀ ਸਮਾਗਮ ਧਾਰਮਿਕ ਅਸਥਾਨ ਦੇ ਸੇਵਾਦਾਰ ਬੀਬੀ ਬਲਜੀਤ ਕੌਰ ਦੀ ਰਹਿਨੁਮਾਈ ਹੇਠ ਐਨਆਰਆਈ ਤੇ ਸਮੂੰਹ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ ਤੇ ਧਾਰਮਿਕ ਅਸਥਾਨ ਤੇ ਚਾਰ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਖੁੱਲੇ ਪੰਡਾਲ ਸਜਾਏ ਗਏ ਜਿਸ ਵਿੱਚ ਉਭਰ ਰਹੇ ਬੂਟਾ ਰਾਮ, ਲਾਲੀ ਮੱਲ, ਸੋਹਣ ਸਰੋਆ ਤੋ ਇਲਾਵਾ ਉਭਰ ਰਹੇ ਗਾਇਕ ਲਾਲੀ ਖੈਹਿਰਾ ਨੇ ਸ਼੍ਰੀ ਰਾਜਾ ਸਾਹਿਬ ਜੀ ਦੇ ਸ਼ਬਦ ਸੁਣਾ ਕੇ ਸੰਗਤ ਨੂੰ ਗੁਰ ਚਰਨਾ ਨਾਲ ਜੋੜਿਆ ਉਪਰੰਤ ਗੋਬਿੰਦਪੁਰ ਵਾਲੇ ਗਾਇਕ ਓਕਾਰ ਗੁਰਸ਼ਾਨ ਐਂਡ. ਪਾਰਟੀ ਵਲੋਂ ਧੰਨ ਧੰਨ ਹਜੂਰ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਸ਼ਬਦਾਂ ਦਾ ਗੁਣਗਾਨ



ਕੀਤਾ ਸੰਤ ਮਨੋਹਰ ਦਾਸ ਜੀ ਚੀਨੀ ਘਾਟੀ ਵਲੋਂ ਸ਼ਬਦ ਸੁਣਾਕੇ ਸੰਗਤ ਨੂੰ ਨਿਹਾਲ ਕੀਤਾ ਇਸ ਸਮਾਗਮ ਦੌਰਾਨ ਬੀਬੀ ਬਲਜੀਤ ਕੌਰ ਨੇ ਬਰਸੀ ਸਮਾਗਮ ਵਿੱਚ ਆਏ ਸਾਰੇ ਸੰਤ ਮਹਾਂਪੁਰਸ਼ਾਂ ਤੇ ਸੰਗਤ ਦਾ ਧੰਨਵਾਦ ਕੀਤਾ ਤੇ ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿੱਚ ਮਹਾਂਪੁਰਸ਼ ਰਾਜਾ ਬਾਬਾ ਵਡਾਲੇ ਵਾਲੇ, ਸੰਤ ਮਨੋਹਰ ਦਾਸ ਡੇਰਾ ਚੀਨੀ ਘਾਟੀ ਵਾਲੇ ਬੀਬੀ ਪਰਮਿੰਦਰ ਕੋਰ, ਬਾਬਾ ਬੂਟਾ ਜੀ ਪੜਪੋਤਰੇ ਬਾਪੂ ਸਾਹਿਬ ਦਿਆਲ ਜੀ ਅਸਥਾਨ ਪਿੰਡ ਅਲੀ ਸ਼ੇਰ ਮਾਨਸਾ, ਸੰਤ ਗੁਰਮੀਤ ਦਾਸ ਜੀ, ਬਾਬਾ ਸੰਤੋਖ ਸਿੰਘ ਸੁਖਾ ਦਰਬਾਰ ਸ਼ੇਰ ਅਲੀ ਤਕੀਆ, ਬਲਵੀਰ ਔਜਲਾ, ਲਖਵੀਰ ਦਦਿਆਲ, ਸੋਮਾ ਰੱਤੂ ਪੱਦੀ ਖਾਲਸਾ ਆਦਿ ਤੋਂ ਇਲਾਵਾ ਔਜਲਾ ਤੇ ਇਲਾਕੇ ਦੀਆ ਸੰਗਤਾਂ ਹਾਜ਼ਰ ਸਨ ਬਰਸੀ ਸਮਾਗਮ ਦੌਰਾਨ ਸਮੂੰਹ ਸੰਗਤ ਵਾਸਤੇ ਚਾਹ ਪਕੌੜੇ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

## ਖੇਡਾਂ ਵਤਨ ਪੰਜਾਬ ਦੀਆਂ-2024 ਦੇ ਤਹਿਤ ਅੰਡਰ-14 ਫੁੱਟਬਾਲ ਮੁਕਾਬਲੇ ਕਰਵਾਏ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਦਿਲਚਸਪੀ



ਅਤੇ ਉਤਸ਼ਾਹ ਵਧਾਉਣ ਦੇ ਉਦੇਸ਼ ਨਾਲ ਆਯੋਜਿਤ "ਖੇਡਾਂ ਵਤਨ ਪੰਜਾਬ ਦੀਆਂ-2024" ਦੇ ਤਹਿਤ ਜ਼ਿਲਾ ਪੱਧਰੀ ਅੰਡਰ-14 ਫੁੱਟਬਾਲ ਮੁਕਾਬਲਿਆਂ ਦਾ ਆਯੋਜਨ ਖਾਲਸਾ ਕਾਲਜ ਮਾਹਿਲਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਵਿੱਚ ਕੀਤਾ ਗਿਆ। ਇਹਨਾਂ ਮੁਕਾਬਲਿਆਂ ਦੀ ਸ਼ੁਰੂਆਤ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਵੱਲੋਂ ਕਰਵਾਈ ਗਈ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ, ਅਰਵਿੰਦਰ ਸਿੰਘ ਅਤੇ ਓ.ਐਸ.ਡੀ. ਚਰਨਜੀਤ ਸਿੰਘ ਚੰਨੀ ਵੀ ਮੌਜੂਦ ਸਨ। ਡਿਪਟੀ ਸਪੀਕਰ ਨੇ ਖੇਡਾਂ ਦੇ ਮਹੱਤਵ 'ਤੇ ਰੌਸ਼ਨੀ ਪਾਉਂਦੇ ਹੋਏ ਕਿਹਾ ਕਿ ਖੇਡਾਂ ਨੌਜਵਾਨਾਂ ਵਿੱਚ ਅਨੁਸ਼ਾਸਨ ਅਤੇ ਸਹਿਣਸ਼ੀਲਤਾ ਦਾ ਵਿਕਾਸ ਕਰਦੀਆਂ ਹਨ, ਨਾਲ ਹੀ ਉਹਨਾਂ ਨੂੰ ਇਕ ਸਿਹਤਮੰਦ ਅਤੇ ਸਕਾਰਾਤਮਕ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਇਸ ਪ੍ਰਕਾਰ ਦੇ ਆਯੋਜਨਾਂ ਲਈ ਪੰਜਾਬ ਸਰਕਾਰ ਦੀ ਪਹਿਲਕਦਮੀ ਦੀ ਸਰਾਹਨਾ ਕੀਤੀ ਅਤੇ ਖਿਡਾਰੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਖੇਡ-ਭਾਵਨਾ ਲਈ ਵਧਾਈ ਦਿੱਤੀ। ਡਿਪਟੀ ਸਪੀਕਰ ਨੇ ਕਿਹਾ ਕਿ ਖੇਡ ਸਿੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹਨ, ਅਤੇ ਇਹ ਮੁਕਾਬਲੇ ਬੱਚਿਆਂ ਵਿੱਚ ਆਤਮ-ਵਿਸ਼ਵਾਸ ਅਤੇ ਟੀਮ-ਭਾਵਨਾ ਦਾ ਵਿਕਾਸ ਕਰਨ ਵਿੱਚ ਸਹਾਇਕ ਹੁੰਦੇ ਹਨ। ਉਨ੍ਹਾਂ ਨੇ ਸਾਰੇ ਭਾਗੀਦਾਰਾਂ ਅਤੇ ਆਯੋਜਕਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਅੱਜ ਦੇ ਮੁਕਾਬਲਿਆਂ ਵਿੱਚ ਮਜ਼ਾਰ ਡੀਂਗਰੀਆਂ, ਦਗਨ ਅਤੇ ਐਫ।ਏ। ਮਾਹਿਲਪੁਰ ਦੀਆਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜਿੱਤ ਦਰਜ ਕੀਤੀ। ਸਾਰੀਆਂ ਟੀਮਾਂ ਨੇ ਵਧੀਆ ਖੇਡ ਦਿਖਾਈ ਅਤੇ ਦਰਸ਼ਕਾਂ ਨੂੰ ਰੋਮਾਂਚਕ ਮੁਕਾਬਲਿਆਂ ਦਾ ਅਨੁਭਵ ਦਿਵਾਇਆ। ਮਜ਼ਾਰ ਡਿੰਗਰੀਆਂ ਅਤੇ ਐਫ.ਏ. ਮਾਹਿਲਪੁਰ ਦੀਆਂ ਟੀਮਾਂ 16 ਸਤੰਬਰ ਨੂੰ ਫਾਈਨਲ ਮੁਕਾਬਲੇ ਵਿੱਚ ਆਹਮਣਾ-ਸਾਹਮਣਾ ਕਰਨਗੀਆਂ। ਆਯੋਜਨ ਦੀ ਸਫਲਤਾ ਵਿੱਚ ਖਾਲਸਾ ਕਾਲਜ ਮਾਹਿਲਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਦਾ ਵਿਸ਼ੇਸ਼ ਯੋਗਦਾਨ ਰਿਹਾ, ਜਿਨ੍ਹਾਂ ਨੇ ਸਾਰੀਆਂ ਜ਼ਰੂਰੀ ਸਹੂਲਤਾਂ ਉਪਲਬਧ ਕਰਵਾਈਆਂ।

## ਸਰਕਾਰੀ ਹਾਈ ਸਮਾਰਟ ਸਕੂਲ ਭਾਗੋਵਾਲ 'ਚ ਨਸ਼ਾਖੋਰੀ 'ਤੇ ਇਲਾਜ਼ ਸੰਬੰਧੀ ਜਾਗਰੂਕਤਾ ਸੈਮੀਨਾਰ ਲਗਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਆਈ।ਏ।ਐਸ। ਅਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਬੰਸ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਅੱਜ ਸਰਕਾਰੀ ਹਾਈ ਸਮਾਰਟ ਸਕੂਲ ਭਾਗੋਵਾਲ ਵਿਖੇ ਪ੍ਰਿੰਸੀਪਲ ਸਰੂਤੀ ਸ਼ਰਮਾ ਜੀ ਦੇ ਸਹਿਯੋਗ ਨਾਲ ਜਾਗਰੂਕਤਾ ਵਰਕਸ਼ਾਪ ਲਗਾਈ ਗਈ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਸ਼ਾਂਤ ਆਦਿਆ ਕਾਊਸਲਰ, ਸਰਕਾਰੀ ਰੀਹੈਬਲੀਟੇਸ਼ਨ ਸੈਂਟਰ ਹੁਸ਼ਿਆਰਪੁਰ ਨੇ ਕਿਹਾ ਕਿ ਯੁਵਾ ਸ਼ਕਤੀ ਕਿਸੇ ਵੀ ਰਾਸ਼ਟਰ ਦੀ ਨੀਂਹ ਹੁੰਦੇ ਹਨ ਅਤੇ ਯੁਵਾ ਸ਼ਕਤੀ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ, ਇਸ ਲਈ ਇਹ ਬਹੁਤ ਜਰੂਰੀ ਹੈ ਕਿ ਨਸ਼ਾ ਮੁਕਤ ਭਾਰਤ ਅਭਿਆਨ ਵਿੱਚ ਨੌਜ਼ਵਾਨ ਵੱਡੀ ਗਿਣਤੀ ਵਿੱਚ ਜੁੜਨ ਅਤੇ ਇਸ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਨਸ਼ਾ ਮੁਕਤ ਭਾਰਤ ਅਭਿਆਨ ਦੇ ਅਧੀਨ ਇਹ ਪ੍ਰਤਿਗਿਆ ਕਰਨ ਕਿ ਉਹ ਨਸ਼ਾ ਮੁਕਤ ਜੀਵਨ ਬਤੀਤ ਕਰਨਗੇ ਅਤੇ ਆਪਣੇ ਪਰਿਵਾਰ, ਬੱਚਿਆਂ, ਦੋਸਤਾਂ ਅਤੇ ਸਮਾਜ ਸਾਰਿਆਂ ਨੂੰ ਨਸ਼ਾ ਮੁਕਤ ਰੱਖਣ ਲਈ ਅਪਣਾ ਯੋਗਦਾਨ ਪਾਉਣਗੇ। ਇਸ ਮੌਕੇ ਤੇ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਰਹਿਣ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਇੰਦਰਜੀਤ ਕੌਰ ,ਅਸ਼ੋਕ ਕੁਮਾਰ, ਗਗਨਦੀਪ ਸਿੰਘ, ਨੀਰਜ ਸਿੰਘ, ਜਗਦੀਸ਼ ਚੰਦਰ, ਰੁਪਿੰਦਰ ਸੈਣੀ, ਬਬੀਤਾ ਰਾਣੀ, ਅਨੂ ਗੁਪਤਾ, ਕੁਲਵੀਰ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।






# 24 ਸਤੰਬਰ ਲਈ ਪੂਨਾ ਪੈਕਟ ਦਿਵਸ ਸਬੰਧੀ ਵਿਸ਼ੇਸ਼



ਐਡਵੋਕੇਟ ਕੁਲਦੀਪ ਚੰਦ ਦੋਬੇਟਾ
91-9417563054

24 ਸਤੰਬਰ ਨੂੰ ਪੂਨਾ ਪੈਕਟ ਦਿਵਸ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਪੂਨਾ ਪੈਕਟ ਦੁਆਰਾ ਹੀ ਭਾਰਤ ਵਿੱਚ ਰਹਿਣ ਵਾਲੇ ਕਰੋੜਾਂ ਦਲਿਤਾਂ ਜਿਨ੍ਹਾਂ ਨੂੰ ਹੁਣ ਅਨੁਸੂਚਿਤ ਜਾਤਾਂ ਕਿਹਾ ਜਾਂਦਾ ਹੈ ਨੂੰ ਸੰਘਰਸ਼ ਅਤੇ ਵਿਚਾਰ ਵਟਾਂਦਰੇ ਤੋਂ ਬਾਦ ਮਿਲੇ ਵਖਰੇ ਵੋਟ ਦੇ ਅਧਿਕਾਰਾਂ ਵਾਲੇ ਕਮਿਊਨਲ ਐਵਾਰਡ ਨੂੰ ਵਾਪਸ ਲਿਆ ਗਿਆ ਸੀ। ਭਾਰਤ ਵਿੱਚ ਰਹਿਣ ਵਾਲੇ ਇੱਕ ਵਰਗ ਦੇ ਲੋਕਾਂ ਨੂੰ ਵੱਖ ਵੱਖ ਨਾਮ ਜਿਵੇਂ ਅਛੂਤ, ਦਲਿਤ, ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਸਮਾਜ ਵਿੱਚ ਫੈਲੀਆਂ ਕੁਪ੍ਰਥਾਵਾਂ ਕਾਰਨ ਸਦੀਆਂ ਤੋਂ ਜਾਨਵਰਾਂ ਨਾਲੋਂ ਵੀ ਮਾੜਾ ਜੀਵਨ ਬਤੀਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਹਰ ਤਰਾਂ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਅਧਿਕਾਰਾਂ ਤੋਂ ਬਾਂਝਾ ਰੱਖਿਆ ਗਿਆ ਸੀ। ਇਹ ਸਮਝੌਤਾ 24 ਸਤੰਬਰ 1932 ਨੂੰ ਦਲਿਤਾਂ ਦੇ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਮਹਾਂਰਾਸ਼ਟਰ ਦੇ ਪੂਨਾ ਦੀ ਯਰਵਦਾ ਜੇਲ ਵਿੱਚ ਹੋਇਆ ਸੀ ਅਤੇ ਇਸ ਸਮਝੌਤੇ ਦੁਆਰਾ ਦਲਿਤਾਂ ਨੂੰ ਪ੍ਰਾਪਤ ਹੋਏ ਵਖਰੇ ਚੋਣ ਅਧਿਕਾਰ ਕਮਿਊਨਲ ਐਵਾਰਡ ਨੂੰ ਖਤਮ ਕਰਕੇ ਮੌਜੂਦਾ ਰਾਖਵਾਂਕਰਣ ਨੀਤੀ ਮੰਨਜੂਰ ਕੀਤੀ ਗਈ ਸੀ। ਕਈ ਬੁੱਧੀਜੀਵੀਆਂ ਨੇ ਇਸ ਪੂਨਾ ਪੈਕਟ ਨੂੰ ਵੱਡੀ ਗੱਲਤੀ ਅਤੇ ਧੋਖਾ ਮੰਨਿਆ ਹੈ ਅਤੇ ਡਾਕਟਰ ਅੰਬੇਡਕਰ ਨੇ ਵੀ ਇਸਨੂੰ ਕਾਂਗਰਸੀ ਆਗੂਆਂ ਵਲੋਂ ਕੀਤਾ ਗਿਆ ਧੋਖਾ ਅਤੇ ਅਪਣੀ ਜਿੰਦਗੀ ਦੀ ਸਭ ਤੋਂ ਵੱਡੀ ਗੱਲਤੀ ਮੰਨਿਆ ਹੈ। ਡਾਕਟਰ ਭੀਮ ਰਾਓ ਅੰਬੇਡਕਰ ਨੇ ਆਪ ਵੀ ਪੂਨਾ ਪੈਕਟ ਦਿਵਸ ਤੇ ਧਿਕਾਰ ਦਿਵਸ ਦਾ ਆਯੋਜਨ ਕੀਤਾ ਸੀ ਅਤੇ ਸਟੇਜ ਤੋਂ ਕਿਹਾ ਸੀ ਕਿ ਪੂਨਾ ਪੈਕਟ ਨਾਲ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਕੀਤੀ ਹੈ ਅਤੇ ਮੈਨੂੰ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ ਸੀ। ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਨੇ ਵੀ ਪੂਨਾ ਪੈਕਟ ਨੂੰ ਸਮਾਜ ਨਾਲ ਧੋਖਾ ਮੰਨਿਆ ਹੈ ਅਤੇ ਇਸਤੋਂ ਬਾਦ ਦੇ ਸਮੇਂ ਨੂੰ ਚਮਚਾ ਯੁੱਗ ਕਿਹਾ ਹੈ। ਕਾਂਸ਼ੀ ਰਾਮ ਨੇ 23 ਸਤੰਬਰ 1982 ਨੂੰ ਪੂਨਾ ਪੈਕਟ ਦੀ 50ਵੀਂ ਵਰ੍ਹੇਗੰਢ ਮੌਕੇ ਇੱਕ ਕਿਤਾਬ ਚਮਚਾ ਯੁੱਗ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਕਿਹਾ ਕਿ ਇਸ ਪੂਨਾ ਪੈਕਟ ਦੁਆਰਾ ਦਲਿਤਾਂ ਨੂੰ ਅਪਣੇ ਅਸਲੀ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਬਾਂਝਾ ਕੀਤਾ ਗਿਆ ਹੈ ਅਤੇ ਸੰਯੁਕਤ ਚੋਣ ਪ੍ਰਣਾਲੀ ਵਿੱਚ ਦਲਾਲ ਅਤੇ ਏਜੰਟ ਹੀ ਤਿਆਰ ਹੋ ਰਹੇ ਹਨ ਅਤੇ ਕੁਪ੍ਰਥਾਵਾਂ ਨਾਲ ਲੜ੍ਹਣ ਵਾਲੀ ਅਸਲੀ ਅਤੇ ਅਜਾਦ ਅਗਵਾਈ ਦੀ ਭਾਵਨਾ ਨੂੰ ਬਰਬਾਦ ਕਰ ਦਿਤਾ ਹੈ। ਜੇਕਰ ਭਾਰਤ ਵਿੱਚ ਵਖਰੇ ਚੋਣ ਅਧਿਕਾਰਾਂ ਦਾ ਇਤਿਹਾਸ ਵੇਖੀਏ ਤਾਂ ਸਾਲ 1917 ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਨੁਮਾਇਦਿਆਂ ਵਿਚਕਾਰ 'ਲਖਨਊ ਪੈਕਟ' ਹੋਇਆ ਜਿਸਤੋਂ ਬਾਦ ਕਾਂਗਰਸ ਲੀਗ ਦੀ ਸਥਾਪਨਾ ਕੀਤੀ ਗਈ ਅਤੇ ਇਸ ਵਿੱਚ ਕਈ ਵਰਗਾਂ ਲਈ ਅਲੱਗ ਚੋਣ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਅਬਾਦੀ ਅਨੁਸਾਰ ਨੁਮਾਇੰਦਗੀ ਦਿੱਤੀ ਗਈ। ਇਸ ਚੋਣ ਸਮਝੌਤੇ ਵਿੱਚ ਸਦੀਆਂ ਤੋਂ ਲਤਾੜ੍ਹੇ ਕਰੌੜ੍ਹਾਂ ਦਲਿਤਾਂ ਦੀ ਨੁਮਾਇੰਦਗੀ ਦਾ ਕੋਈ ਜ਼ਿਕਰ ਨਹੀਂ ਸੀ। ਡਾਕਟਰ ਭੀਮ ਰਾਓ ਅੰਬੇਡਕਰ ਦੀ ਅਗਵਾਈ ਵਿੱਚ ਦਲਿਤ ਆਗੂਆਂ ਦਾ ਇੱਕ ਵਫਦ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਇਆ ਅਤੇ ਭਾਰਤ ਵਿੱਚਦਲਿਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਇਹ ਆਗੂ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਊਥ ਬਰੋ ਕਮੇਟੀ ਸਾਹਮਣੇ ਪੇਸ਼ ਹੋਏ ਅਤੇ ਕਰੋੜ੍ਹਾਂ ਦਲਿਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਦਲਿਤ ਵਿਰੋਧੀ ਆਗੂਆ ਕਾਰਨ ਕੋਈ ਲਾਭ ਨਹੀਂ ਮਿਲਿਆ। ਸਾਲ 1919 ਵਿੱਚ ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਭਾਰਤੀ ਕਾਨੂੰਨ ਕਮਿਸ਼ਨ ਬਣਾਇਆਗਿਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਇਹ ਕਮਿਸ਼ਨ 3 ਫਰਵਰੀ 1928 ਨੂੰ ਮੁੰਬਈ ਆਇਆ ਜਿਸਦਾ ਕਾਂਗਰਸ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕੁੱਝ ਆਗੂਆਂ ਨੇ ਵਿਰੋਧ ਕੀਤਾਜਦਕਿਪੰਜਾਬ ਵਿੱਚ ਦੋਆਬੇ ਦੇ ਆਗੂ ਆਦਿ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਾਲੇ ਵਫਦ ਨੇ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਸਮਾਜ ਲਈ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਦਲਿਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਵੱਖ-ਵੱਖ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਕਾਨਫਰੰਸ ਦਾ ਪਹਿਲਾ ਇਜਲਾਸ 12 ਨਵੰਬਰ 1930 ਨੂੰ ਸਮਰਾਟ ਜਾਰਜ ਪੰਜਵੇਂ ਦੀ ਪ੍ਰਧਾਨਗੀ ਹੇਠ ਲੰਡਨ ਵਿਖੇ ਸ਼ੁਰੂ ਹੋਇਆ ਜਿਸ ਵਿੱਚ ਹਾਜ਼ਰ ਨੁਮਾਇੰਦਿਆਂ ਦੀ ਕੁੱਲ ਸੰਖਿਆ 89 ਸੀ ਜਿਨ੍ਹਾਂ ਵਿੱਚੋਂ 53 ਭਾਰਤੀ ਸਨ। ਕਾਨਫਰੰਸ ਦੇ ਕੰਮ ਨੂੰ ਕਈ ਕਮੇਟੀਆਂ ਵਿੱਚ ਵੰਡ ਦਿੱਤਾ ਗਿਆ ਅਤੇ ਇਨ੍ਹਾਂ ਕਮੇਟੀਆਂ ਵਿੱਚੋਂ ਮਹੱਤਵਪੂਰਨ ਕਮੇਟੀ ਘੱਟ ਗਿਣਤੀ ਵਰਗ ਦੀ ਕਮੇਟੀ ਸੀ ਜਿਸਦਾ ਮੁੱਖ ਕੰਮ ਭਾਰਤ ਦੀ ਫਿਰਕੂ ਸਮੱਸਿਆ ਨੂੰ ਹੱਲ ਕਰਨਾ ਸੀ। ਸਾਰੇ ਵਰਗਾਂ ਦੇ ਪ੍ਰਤੀਨਿਧੀਆਂ ਦੇ ਵਿਚਾਰ ਸੁਣਨ ਤੋਂ ਬਾਅਦ 9 ਵੱਖ-ਵੱਖ ਕਮੇਟੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿੱਚੋਂ ਬਹੁਤੀਆਂ ਕਮੇਟੀਆਂ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸ਼ਾਮਲ ਸੀ ਪਰ ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਕੰਮ ਦਲਿਤਾਂ ਦੇ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਅਧਿਕਾਰਾਂ ਦੀ ਸੁਰੱਖਿਆਂ ਲਈ ਮੌਲਿਕ ਅਧਿਕਾਰਾਂ ਦਾ ਘੋਸ਼ਣਾ ਪੱਤਰ ਤਿਆਰ ਕਰਕੇ ਘੱਟ ਗਿਣਤੀਆਂ ਬਾਰੇ ਬਣੀ ਉੱਪ ਕਮੇਟੀ ਨੂੰ ਪੇਸ਼ ਕਰਨਾ ਸੀ। ਦੂਜੀ ਗੋਲਮੇਜ਼ ਕਾਨਫਰੰਸ ਲਈ ਜੁਲਾਈ 1931 ਦੇ ਤੀਜੇ ਹਫਤੇ ਡਾਕਟਰ ਅੰਬੇਡਕਰ, ਸਰ ਤੇਜ ਬਹਾਦਰ ਸਪੂਰ, ਮਦਨ ਮੋਹਨ ਮਾਲਵੀਆ, ਸਰੋਜਨੀ ਨਾਇਡੂ, ਮੋਹਨ ਦਾਸ ਕਰਮ ਚੰਦ ਗਾਂਧੀ, ਮਿਰਜਾ ਇਸਮਾਈਲ, ਮੁਹੰਮਦ ਅਲੀ ਜਿਨਾਹ ਅਤੇ ਹੋਰ ਨੇਤਾਵਾਂ ਨੂੰ ਸੱਦਾ ਪੱਤਰ ਮਿਲਿਆ। ਇਸ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸਟਰੱਕਚਰਲ ਕਮੇਟੀ ਵਿੱਚ ਸ਼ਾਮਲ ਸੀ। ਸੰਵਿਧਾਨ ਬਣਾਉਣ ਦਾ ਕਾਰਜ ਵਿਸ਼ੇਸ਼ ਤੌਰ ਤੇ ਇਸ ਕਮੇਟੀ ਨੇ ਕਰਨਾ ਸੀ। ਗੋਲਮੇਜ਼ ਕਾਨਫਰੰਸਾਂ ਵਿੱਚ ਕਈ ਵਰਗਾਂ ਲਈ ਵੱਖਰੇ ਵੱਖਰੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਸਹਿਮਤੀ ਹੋਈ ਅਤੇ ਸਦੀਆਂ ਤੋਂ ਲਿਤਾੜ੍ਹੇ ਦਲਿਤਾਂ ਲਈ ਵੀ ਵੱਖਰੇ ਰਾਜਨੀਤਿਕ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ। ਗੋਲਮੇਜ਼ ਕਾਨਫਰੰਸ ਦਾ ਦੂਜਾ ਇਜਲਾਸ 7 ਸਤੰਬਰ 1931 ਨੂੰ ਸ਼ੁਰੂ ਹੋਇਆ। ਕਾਨਫਰੰਸ ਨੇ ਪਹਿਲੀ ਗੋਲਮੇਜ਼ ਕਾਨਫਰੰਸ ਵੱਲੋਂ ਸਥਾਪਿਤ ਕਮੇਟੀਆਂ ਦੀਆਂ ਰਿਪੋਰਟਾਂ ਤੇ ਵਿਚਾਰ ਕਰਨਾ ਸੀ। 15 ਸਤੰਬਰ 1931 ਨੂੰ ਗਾਂਧੀ ਨੇ ਫੈਡਰਲ ਸਟਰੱਕਚਰ ਕਮੇਟੀ ਵਿੱਚ ਇਹ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਗਾਂਧੀ ਨੇ ਦਲਿਤਾਂ ਨੂੰ ਮਿਲਣ ਵਾਲੇ ਵਿਸ਼ੇਸ ਅਧਿਕਾਰਾਂ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਇਨ੍ਹਾਂ ਅਧਿਕਾਰਾਂ ਸਬੰਧੀ ਘੱਟ ਗਿਣਤੀ ਕਮੇਟੀ ਕੋਲ ਦੋ ਮੈਮੋਰੰਡਮ ਪੇਸ਼ ਕੀਤੇ ਜਿਨ੍ਹਾਂ ਤੇ ਘੱਟ ਗਿਣਤੀ ਕਮੇਟੀ ਅਤੇ ਸੰਘੀ ਸ਼ਾਸ਼ਨ ਪ੍ਰਣਾਲੀ ਸੰਮਤੀ ਦੋਹਾਂ ਵਿੱਚ ਵਿਚਾਰ ਵਟਾਂਦਰਾ ਹੋਇਆ ਜਿਸਤੋਂ ਬਾਦ ਇਹ ਫੈਸਲਾ ਹੋਇਆ ਕਿ 80 ਤੋਂ 90 ਫੀਸਦੀ ਸੀਟਾਂ ਅਲੱਗ ਚੋਣ ਖੇਤਰਾਂ ਰਾਹੀਂ ਭਰੀਆਂ ਜਾਣ ਅਤੇ ਬਾਕੀ ਆਮ ਚੋਣਾਂ ਦੁਆਰਾ ਹੀ ਭਰੀਆਂ ਜਾਣ। ਇਸ ਵਿੱਚ 5 ਫਿਸਦੀ ਸੀਟਾਂ ਔਰਤਾਂ ਲਈ ਵੀ ਰਾਖਵੀਆਂ ਰੱਖਣ ਦਾ ਫੈਸਲਾ ਹੋਇਆ। ਘੱਟ ਗਿਣਤੀਆਂ ਬਾਰੇ ਕਮੇਟੀ ਦੀ ਰਿਪੋਰਟ ਤੋਂ ਬਾਦ 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਵਲੋਂਦਲਿਤਾਂ ਨੂੰ ਵੀ ਘੱਟ ਗਿਣਤੀ ਮੰਨਦੇ ਹੋਏ ਦੋਹਰੀ ਵੋਟ ਦਾ ਵਿਸ਼ੇਸ਼ ਅਧਿਕਾਰ ਦੇਕੇ ਅਪਣੇ ਅਲੱਗ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦਿੱਤਾ ਗਿਆ ਜਿਸਨੂੰ ਕਮਿਊਨਲ ਐਵਾਰਡ ਕਿਹਾ ਜਾਂਦਾ ਹੈ। ਇਸ ਵਿਚ ਕਿਹਾ ਗਿਆ ਕਿ ਸਿੱਖਾਂ ਅਤੇ ਮੁਸਲਮਾਨਾਂ ਵਾਂਗ ਅਛੂਤ ਭਾਈਚਾਰੇ ਨੂੰ ਘੱਟ ਗਿਣਤੀ ਕੌਮ ਮੰਨਿਆ ਜਾਵੇਗਾ ਭਾਵ ਦਲਿਤਾਂ ਨੂੰ ਇੱਕ ਵੱਖਰੇ ਭਾਈਚਾਰੇ ਵਜੋਂ ਮੰਨਿਆ ਜਾਵੇਗਾ। ਦਲਿਤਾਂ ਦੀ ਹਾਲਤ ਸੁਧਾਰਨ ਲਈ ਕੁਝ ਵਿਸ਼ੇਸ਼ ਅਧਿਕਾਰ ਦਿੱਤੇ ਜਾਣਗੇ। ਕਮਿਊਨਲ ਐਵਾਰਡ ਵਿੱਚ ਬ੍ਰਿਟਿਸ਼ ਸਰਕਾਰ ਨੇ ਐਲਾਨ ਕੀਤਾ ਸੀ ਕਿ ਦਲਿਤ ਭਾਈਚਾਰੇ ਲਈ ਇੱਕ ਵੱਖਰਾ ਹਲਕਾ ਹੋਵੇਗਾ ਭਾਵ ਇੱਕ ਵੱਖਰਾ ਵੋਟਰ ਖੇਤਰ ਹੋਵੇਗਾ ਜਿਸ ਵਿੱਚ ਉਹ ਆਪਣੇਭਾਈਚਾਰੇ ਦੇ ਨੁਮਾਇੰਦੇ ਦੀ ਚੋਣ ਕਰਨਗੇ। ਇਸ ਤਰ੍ਹਾਂ ਦਲਿਤਾਂ ਨੂੰ ਦੋ ਅਧਿਕਾਰ ਮਿਲੇ ਹਨ ਪਹਿਲਾ ਵੱਖਰੇ ਵੋਟਰਾਂ ਦਾ ਅਤੇ ਦੂਜਾ ਦੋ ਵੋਟਾਂ ਦੇਣਾ। ਕਮਿਊਨਲ ਐਵਾਰਡ ਵਿੱਚ ਇਹ ਵਿਵਸਥਾ ਕੀਤੀ ਗਈ ਸੀ ਕਿ ਦਲਿਤ ਭਾਈਚਾਰੇ ਦੇ ਵਿਧਾਨ ਸਭਾ ਹਲਕਿਆਂ ਜਾਂ ਲੋਕ ਸਭਾ ਹਲਕਿਆਂ ਵਿੱਚ ਸਿਰਫ਼ ਦਲਿਤ ਉਮੀਦਵਾਰ ਹੀ ਹੋਣਗੇ ਅਤੇ ਕੋਈ ਹੋਰ ਉਮੀਦਵਾਰ ਨਹੀਂ ਹੋਵੇਗਾ ਅਤੇ ਉਸ ਉਮੀਦਵਾਰ ਨੂੰ ਵੋਟ ਪਾਉਣ ਦਾ ਅਧਿਕਾਰ ਵੀ ਕੇਵਲ ਦਲਿਤਾਂ ਦਾ ਹੀ ਹੋਵੇਗਾ। ਇਸ ਤੋਂ ਇਲਾਵਾ ਦਲਿਤਾਂ ਨੂੰ ਉਸ ਇਲਾਕੇ ਦੀ ਜਨਰਲ ਸੀਟ ਦੇ ਉਮੀਦਵਾਰ ਨੂੰ ਵੀ ਵੋਟ ਪਾਉਣ ਦਾ ਵੀ ਬਾਕੀ ਲੋਕਾਂ ਵਾਂਗ ਹੀ ਬਰਾਬਰ ਅਧਿਕਾਰ ਹੋਵੇਗਾ। ਭਾਰਤੀ ਇਤਿਹਾਸ ਵਿੱਚ ਇਹ ਬਹੁਤ ਹੀ ਮਹੱਤਵਪੂਰਨ ਘਟਨਾ ਸੀ ਜਦੋਂ ਸਦੀਆਂ ਤੋਂ ਅਧਿਕਾਰਾਂ ਤੋਂ ਬਾਂਝੇ ਦਲਿਤਾਂ ਨੂੰ ਵੀ ਭਾਗੀਦਾਰੀ ਦੀ ਰਾਜਨੀਤੀ ਸ਼ੁਰੂ ਕਰਨ ਦਾ ਅਧਿਕਾਰ ਮਿਲਿਆ। ਗਾਂਧੀ ਨੇ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਵੀ ਇਸ ਵਿਵਸਥਾ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਦਲਿਤਾਂ ਨੂੰ ਹਿੰਦੂਆਂ ਤੋਂ ਵੱਖਰਾ ਨਹੀਂ ਮੰਨਿਆ ਜਾ ਸਕਦਾ ਅਤੇ ਵੱਖਰੇ ਤੌਰ ਤੇ ਕੋਈ ਵਿਸ਼ੇਸ਼ ਅਧਿਕਾਰ ਨਹੀਂ ਦਿੱਤੇ ਜਾਣੇ ਚਾਹੀਦੇ। ਇਸ ਫੈਸਲੇ ਦਾ ਗਾਂਧੀ ਨੇ ਖੁੱਲਕੇ ਵਿਰੋਧ ਕੀਤਾ ਅਤੇ ਕਿਹਾ ਕਿ ਸਰਕਾਰ ਆਪਣੇ ਫੈਸਲੇ ਵਿੱਚ ਸੋਧ ਕਰਕੇ ਦਲਿਤਾਂ ਲਈ ਘੋਸ਼ਤਿ ਵੱਖਰੇ ਅਧਿਕਾਰ ਵਾਪਸ ਲਵੇ। ਗਾਂਧੀ ਜੋਕਿ ਪੂਨਾ ਦੀ ਯਰਵਦਾ ਜੇਲ੍ਹ ਵਿੱਚ ਕੈਦ ਸੀ ਨੇ ਜੇਲ ਵਿੱਚੋਂ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਧਮਕੀ ਭਰਿਆ ਪੱਤਰ ਲਿਖਿਆ ਕਿ ਜੇਕਰ ਦਲਿਤਾਂ ਲਈ ਘੋਸ਼ਿਤ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਤਾਂ ਆਪਣੀਜਾਨ ਦੇ ਦੇਵਾਂਗਾ। ਅੰਗਰੇਜ ਸਰਕਾਰ ਵਲੋ ਇਸ ਸਬੰਧੀ ਕੋਈ ਕਾਰਵਾਈ ਨਾਂ ਕਰਨ ਦੇ ਫੈਸਲੇ ਤੋਂ ਬਾਦ ਗਾਂਧੀ ਨੇ 20 ਸਤੰਬਰ 1932 ਨੂੰ ਜੇਲ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਨੇ ਗਾਂਧੀ ਨੂੰ ਅਪੀਲ ਕੀਤੀ ਕਿ ਉਹ ਇਸਤਰ੍ਹਾਂ ਦਾ ਖਤਰਨਾਕ ਕਦਮ ਨਾ ਚੁੱਕਣ। ਗਾਂਧੀ ਦੇ ਦਲਿਤ ਵਿਰੋਧੀ ਫੈਸਲੇ ਵਿਰੁੱਧ ਆਦਿ ਧਰਮ ਅੰਦੋਲਨ ਦੇ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਕਈ ਆਗੂਆਂ ਨੇ ਵੀ ਮਰਨ ਵਰਤ ਰੱਖਿਆ। ਗਾਂਧੀ ਦੀ ਜਾਨ ਬਚਾਉਣ ਲਈ ਕਈ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਦਬਾਅ ਪਾਇਆ ਗਿਆ। ਗਾਂਧੀ ਦੀ ਪਤਨੀ ਕਸਤੂਰਬਾ ਗਾਂਧੀ ਅਤੇ ਬੇਟਾ ਦੇਵ ਦਾਸ ਆਪ ਵੀ ਡਾਕਟਰ ਅੰਬੇਡਕਰ ਨੂੰ ਮਿਲੇ ਅਤੇ ਗਾਂਧੀ ਦੀ ਜਾਨ ਬਚਾਉਣ ਲਈ ਅਪੀਲ ਕੀਤੀ। ਅਖੀਰ 24 ਸਤੰਬਰ 1932 ਨੂੰ ਸ਼ਾਮ ਨੂੰ ਲੱਗਭੱਗ 5 ਵਜੇ ਯਰਵਦਾ ਜੇਲ ਵਿੱਚ ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਐਮ ਆਰ ਜੈਕਾਰ, ਸ਼੍ਰੀਨਿਵਾਸਨ, ਐਮ ਸੀ ਰਾਜਾਹ, ਜੀ ਡੀ ਬਿਰਲਾ, ਸੀ ਵੀ ਮੈਹਤਾ, ਸੀ ਰਾਜਾਹ ਗੋਪਾਲਚਾਰੀ, ਸ਼ੰਕਰ ਲਾਲ ਬੈਂਕਰ, ਬੀ ਐਸ ਕਾਮਤ, ਜੀ ਕੇ ਦਿਓਧਾਰ, ਏ ਵੀ ਠਕਰ, ਆਰ ਕੇ ਬਾਖਲੇ, ਗਵਾਇ, ਰਾਜਿੰਦਰ ਪ੍ਰਸਾਦ, ਰਾਮੇਸ਼ਵਰ ਦਾਸ ਬਿਰਲਾ, ਪੀ ਜੀ ਸੋਲੰਕੀ, ਪੀ ਬਾਲੂ, ਗੋਬਿੰਦ ਮਾਲਵੀਆ, ਦੇਵਦਾਸ ਗਾਂਧੀ, ਬਿਸਵਾਸ, ਬੀ ਐਨ ਰਾਜਭੋਜ ਆਦਿ ਦੀ ਹਾਜਰੀ ਵਿੱਚ ਇੱਕ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਦਾ ਨਾਮ ਦਿਤਾ ਗਿਆ। ਇਸ ਸਮਝੌਤੇ ਤੇ 25 ਸਤੰਬਰ ਨੂੰ ਮੁੰਬਈ ਵਿੱਚ ਹਿੰਦੂ ਕਾਨਫਰੰਸ ਦੀ ਬੈਠਕ ਵਿੱਚ ਕਈ ਹੋਰ ਆਗੂਆਂ ਲਾਲੂਭਾਈ ਸਾਮਲਦਾਸ, ਹਾਂਸਾ ਮਹਿਤਾ, ਕਾਮਕੋਟੀ ਨਾਟਰਾਜਾਨ, ਪੁਰਸ਼ੋਤਮ ਦਾਸ ਠਾਕਰਦਾਸ, ਮਥਰਾਦਾਸ ਵਾਸੰਜੀ, ਵਾਲਚੰਦ ਹੀਰਾਚੰਦ, ਐਚ ਐਨ ਕੁੰਜਰੂ, ਕੇ ਜੀ ਲਿਮਾਏ, ਪੀ ਕੋਂਡਾਡਰਾਓ, ਜੀ ਕੇ ਗਾਡਗਿਲ, ਮਨੂ ਸੂਬੇਦਾਰ, ਅਵਾਂਤਿਕਾਬਾਈ ਗੋਖਲੇ, ਕੇ ਜੇ ਚਿਤਾਲਿਆ, ਰਾਧਾਕਾਂਤ ਮਾਲਵੀਆ, ਏ ਆਰ ਭੱਟ ਆਦਿ ਨੇ ਦਸਤਖੱਤ ਕੀਤੇ ਅਤੇ ਦਲਿਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਊਨਲ ਐਵਾਰਡ ਦੁਆਰਾ ਰਾਖਵੀਆਂ ਰੱਖੀਆਂ ਗਈਆਂ ਵਿਧਾਨ ਮੰਡਲਾਂ ਦੀਆਂ 78 ਸੀਟਾਂ ਨੂੰ ਵਧਾਕੇ 148 ਕੀਤਾ ਗਿਆ ਜਿਨ੍ਹਾਂ ਵਿੱਚ ਮਦਰਾਸ ਵਿੱਚ 30, ਬੰਬੇ ਅਤੇ ਸਿੰਧ ਪਰਾਂਤ ਵਿੱਚ 15, ਬਿਹਾਰ ਅਤੇ ਉੜੀਸਾ ਵਿੱਚ 18, ਅਸਾਮ ਵਿੱਚ 7, ਬੰਗਾਲ ਵਿੱਚ 30, ਕੇਂਦਰੀ ਪ੍ਰਾਂਤ ਬੈਰਰ ਵਿੱਚ 20, ਪੰਜਾਬ ਵਿੱਚ 8, ਆਗਰਾ ਅਤੇ ਸੰਯੁਕਤ ਪ੍ਰਾਂਤ ਦੀਆਂ 20 ਸੀਟਾਂ ਸ਼ਾਮਲ ਸਨ। ਇਸ ਵਿੱਚਦਲਿਤਾਂ ਨੂੰ ਵਿੱਦਿਆ ਪ੍ਰਾਪਤੀ ਲਈ ਆਰਥਿਕ ਮੱਦਦ ਅਤੇ ਨੌਕਰੀਆਂ ਵਿੱਚ ਰਾਖਵਾਂਕਰਣ ਦੀਆਂ ਸਹੂਲਤਾਂ ਵੀ ਦਿਤੀਆਂ ਗਈਆਂ। ਪੂਨਾ ਪੈਕਟ ਵਿੱਚ ਹੋਏ ਸਮਝੋਤਿਆਂ ਨੂੰ ਗੋਵਰਨਮੈਂਟ ਆਫ ਇੰਡੀਆ ਐਕਟ 1935 ਵਿੱਚ ਸ਼ਾਮਿਲ ਕਰਨ ਤੋਂ ਬਾਦਲਾਗੂ ਕੀਤਾ ਗਿਆ। ਸਾਲ 1937 ਵਿੱਚ ਹੋਈਆਂ ਚੋਣਾਂ ਜਿਨ੍ਹਾਂ ਵਿੱਚ ਗਾਂਧੀ ਅਤੇ ਹੋਰ ਕਾਂਗਰਸੀ ਆਗੂਆਂ ਵਲੋਂ ਦਿੱਤੇ ਗਏ ਭਰੋਸੇ ਕਿ ਇਨ੍ਹਾਂ 148 ਰਾਖਵੀਆਂ ਸੀਟਾਂ ਸਬੰਧੀ ਕਾਂਗਰਸ ਪਾਰਟੀ ਕੋਈ ਵੀ ਦਖਲਅੰਦਾਜੀ ਨਹੀਂ ਕਰੇਗੀ ਪਰ ਉਨ੍ਹਾਂ ਨੇ ਧੋਖਾ ਦਿਤਾ ਅਤੇ ਇਨ੍ਹਾਂ ਵਿੱਚੋਂ ਲੱਗਭੱਗ 78 ਸੀਟਾਂ ਤੇ ਕਾਂਗਰਸ ਪਾਰਟੀ ਨੇ ਕਬਜਾ ਕੀਤਾ ਸੀ। ਪੁਨਾ ਪੈਕਟ ਦਾ ਪ੍ਰਭਾਵ ਰਿਹਾ ਹੈ ਕਿ ਸਾਲ 1937 ਦੀਆਂ ਚੋਣਾਂ ਵਿੱਚ ਡਾਕਟਰ ਅੰਬੇਡਕਰ ਦੀ ਸੁਤੰਤਰ ਲੇਬਰ ਪਾਰਟੀ ਸਫਲ ਰਹੀ ਪਰੰਤੂ 1946 ਵਿੱਚ ਅਨੁਸੂਚਿਤ ਜਾਤੀ ਫੈਡਰੇਸ਼ਨ ਨੇ ਮਾੜ੍ਹਾ ਪ੍ਰਦਰਸ਼ਨ ਕੀਤਾ ਅਤੇ 1952 ਵਿੱਚ ਸੁਤੰਤਰ ਭਾਰਤ ਦੀ ਪਹਿਲੀ ਚੋਣ ਵਿੱਚ ਡਾਕਟਰ ਅੰਬੇਡਕਰ ਆਪਣੇ ਗੜ੍ਹ ਬੰਬਈ ਤੋਂ ਹੀ ਹਾਰ ਗਏ ਸਨ। ਇਹ ਪੂਨਾ ਪੈਕਟ ਦੀ ਹੀ ਦੇਣ ਹੈ ਕਿ ਮੌਜੂਦਾ ਸਮੇਂ ਵੀ ਦਲਿਤ ਵਰਗ ਨਾਲ ਸਬੰਧਿਤ ਕਈ ਆਗੂ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਵੱਡੇ ਵੱਡੇ ਅਹੁਦਿਆਂ ਤੇ ਬੈਠੇ ਹਨ ਪਰੰਤੂ ਉਨ੍ਹਾਂ ਦੀ ਅਪਣੇ ਸਮਾਜ ਪ੍ਰਤੀ ਜਬਾਵਦੇਹੀ ਅਤੇ ਸਮਾਜ ਲਈ ਕੰਮ ਨਾਮਾਤਰ ਹਨ ਅਤੇ ਇਸਨੇ ਦਲਿਤਾਂ ਦੀ ਨੁਮਾਇੰਦਗੀ ਦੇ ਰੂਪ ਨੂੰ ਬੁਨਿਆਦੀ ਤੌਰ ਤੇ ਵਿਗਾੜ ਦਿੱਤਾ ਹੈ। ਅਨੁਸੂਚਿਤ ਜਾਤੀ ਦੇ ਲੋਕਾਂ ਲਈ ਖਤਰਨਾਕ ਸਾਬਤ ਹੋ ਰਹੀ ਪੂਨਾ ਪੈਕਟ ਦੀ ਵਿਰਾਸਤ ਅੱਜ ਵੀ ਜਿਉਂਦੀ ਹੈ। ਪੂਨਾ ਪੈਕਟ ਦੁਆਰਾ ਗਾਂਧੀ ਅਤੇ ਉਸਦੇ ਸਹਿਯੋਗੀਆਂ ਨੇ ਦਲਿਤ ਰਹਿਵਰਾਂ ਦੇ ਸੁਪਨੇ ਵਾਲੀ ਰਾਜਨੀਤੀ ਦੇ ਉਦੇਸ਼ਾਂ ਨੂੰ ਚਕਨਾਚੂਰ ਕੀਤਾ ਹੈ। ਭਾਰਤ ਦੀ ਸੰਸਦ ਅਤੇ ਵੱਖ ਵੱਖ ਅਸੈਂਬਲੀਆਂ ਵਿੱਚ ਅਨੁਸੂਚਿਤ ਜਾਤੀਆਂ ਲਈ ਉਹਨਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਸੀਟਾਂ ਰਾਖਵੀਆਂ ਹਨ ਪਰ ਦਲਿਤ ਕਿਸੇ ਖਾਸ ਖੇਤਰ ਵਿੱਚ ਕੇਂਦਰਿਤ ਨਹੀਂ ਹਨ ਇਸ ਲਈ ਇਹਨਾਂ ਸੀਟਾਂ ਵਿੱਚੋਂ ਬਹੁਗਿਣਤੀ ਵਿੱਚ ਉਹ ਵੋਟਰਾਂ ਦੀ ਘੱਟ ਗਿਣਤੀ ਬਣਦੇ ਹਨ। ਅਨੁਸੂਚਿਤ ਜਾਤਾਂ ਲਈ ਰਾਖਵੇਂ 84 ਸੰਸਦੀ ਹਲਕਿਆਂ ਵਿੱਚੋਂ ਅਨੁਸੂਚਿਤ ਜਾਤਾਂ ਸਿਰਫ 13 ਹਲਕਿਆਂ ਵਿੱਚ ਹੀ ਵੋਟਰਾਂ ਦਾ ਇੱਕ ਤਿਹਾਈ ਹਿੱਸਾ ਹਨ ਅਤੇ ਸਿਰਫ਼ ਇੱਕ ਚੋਣ ਖੇਤਰ ਪੱਛਮੀ ਬੰਗਾਲ ਵਿੱਚ ਜਲਪਾਈਗੁੜੀ ਵਿੱਚ ਇਹ ਅੰਕੜਾ 50% ਨੂੰ ਪਾਰ ਕਰਦਾ ਹੈ। ਇਨ੍ਹਾਂ ਸੀਟਾਂ ਤੋਂ ਸੰਸਦ ਮੈਂਬਰ ਅਨੁਸੂਚਿਤ ਜਾਤੀ ਦੇ ਹੋਣ ਦੇ ਬਾਵਜੂਦ ਬਹੁਗਿਣਤੀ ਵੋਟਰ ਨਹੀਂ ਹਨ ਅਤੇ ਪ੍ਰਭਾਵ ਨਿਰਣਾਇਕ ਨਹੀਂ ਹੈ ਜਿਸ ਕਾਰਨ ਉਨ੍ਹਾਂ ਨੂੰ ਮਜਬੂਰਨ ਗੈਰ ਦਲਿਤ ਜਾਤੀਆਂ ਨੂੰ ਖੁਸ਼ ਰੱਖਣਾ ਪੈਂਦਾ ਹੈ ਅਤੇ ਅਨੁਸੂਚਿਤ ਜਾਤਾਂ ਲਈ ਵਿਸ਼ੇਸ਼ ਨਹੀਂ ਕਰ ਪਾਂਦੇ ਹਨ।




ਕੁੱਝ ਲੋਕ ਇਸ ਦਿਨ ਨੂੰ ਬੇਸ਼ੱਕ ਖੁਸ਼ ਹੋਕੇ ਮੰਨਾਦੇ ਹਨ ਪਰੰਤੂ ਬਹੁਤੇ ਬੁੱਧੀਜੀਵੀ ਆਗੂਆਂ ਅਤੇ ਸੰਗਠਨਾ ਵਲੋਂ ਇਸਦਿਨ ਨੂੰ ਕਾਲਾ ਦਿਨ ਅਤੇ ਧੋਖਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਅੱਜ ਸਾਨੂੰ ਇਸ ਸਬੰਧੀ ਗੰਭੀਰਤਾ ਨਾਲ ਸੋਚਣ ਅਤੇ ਵਿਸ਼ਲੇਸ਼ਣ ਕਰਨ ਦੀ ਜਰੂਰਤ ਹੈ ਕਿ ਇਸ ਪੂਨਾ ਪੈਕਟ ਨਾਲ ਸਮਾਜ ਨੂੰ ਕੀ ਲਾਭ ਮਿਲਿਆ ਹੈ ਅਤੇ ਕਿੰਨਾ ਨੁਕਸਾਨ ਹੋਇਆ ਹੈ।

# ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਰਾਸ਼ਟਰਪਤੀ ਭਵਨ ਦੇ ਬਾਗਾਂ ਦਾ ਕੀਤਾ ਦੌਰਾ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ), ਮੰਡੀ ਗੋਬਿੰਦਗੜ੍ਹ ਦੇ ਵਿਦਿਆਰਥੀਆਂ ਨੂੰ ਭਾਰਤ ਦੇ ਅਮੀਰ ਵਿਰਸੇ ਅਤੇ ਸ਼ਾਸਨ ਬਾਰੇ ਆਪਣੀ ਜਾਣਕਾਰੀ ਵਧਾਉਣ ਦੇ ਉਦੇਸ਼ ਨਾਲ ਵਿੱਦਿਅਕ ਸੈਰ-ਸਪਾਟੇ ਦੇ ਹਿੱਸੇ ਵਜੋਂ ਪ੍ਰਸਿੱਧ ਰਾਸ਼ਟਰਪਤੀ ਭਵਨ ਅਮ੍ਰਿਤ ਉਦਯਾਨ ਨਵੀਂ ਦਿੱਲੀ ਦਾ ਦੌਰਾ ਕਰਨ ਦਾ ਮੌਕਾ ਮਿਲਿਆ।

ਇਹ ਦੌਰਾ ਰਾਸ਼ਟਰਪਤੀ ਭਵਨ ਸਕੱਤਰੇਤ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਅਤੇ ਜਿਸ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਖੇਤੀਬਾੜੀ, ਇੰਜੀਨੀਅਰਿੰਗ, ਪੈਰਾ-ਮੈਡੀਕਲ, ਸੀਐਸਏ, ਕਾਮਰਸ ਅਤੇ ਪ੍ਰਬੰਧਨ ਦੇ ਲਗਪਗ 100 ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਇਸ ਦੌਰੇ ਦੀ ਸ਼ੁਰੂਆਤ ਰਾਸ਼ਟਰਪਤੀ ਭਵਨ ਦੀ ਇਤਿਹਾਸਕ ਮਹੱਤਤਾ ਬਾਰੇ ਸੰਖੇਪ ਜਾਣ-ਪਛਾਣ ਨਾਲ ਹੋਈ, ਇਸ ਤੋਂ ਬਾਅਦ ਇਸ ਦੇ ਸੁੰਦਰ ਢੰਗ ਨਾਲ



ਰੱਖ-ਰਖਾਅ ਵਾਲੇ ਬਗੀਚਿਆਂ ਵਿੱਚੋਂ ਇੱਕ ਮਾਰਗਦਰਸ਼ਨ ਨਾਲ ਸੈਰ ਕੀਤੀ ਗਈ, ਜਿਸ ਵਿੱਚ ਅੰਮ੍ਰਿਤ ਉਦਯਾਨ, ਬਾਲ ਵਾਟਿਕਾ, ਥੀਮ ਗਾਰਡਨ, ਨੇਚਰਜ਼ ਕਲਾਸਰੂਮ ਅਤੇ ਸੰਗੀਤਕ ਫੁਹਾਰਾ ਸ਼ਾਮਲ ਹੈ, ਜੋ ਕਿ ਸ਼ਾਨਦਾਰ ਮੌਸਮੀ ਫੁੱਲਦਾਰ ਡਿਸਪਲੇ ਡਿਜ਼ਾਈਨ ਲਈ ਮਸ਼ਹੂਰ ਹਨ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਕਿਹਾ ਕਿ ਇਹ ਦੌਰਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਭਾਰਤ ਦੇ ਇਤਿਹਾਸ ਅਤੇ ਇਮਾਰਤਸਾਜ਼ੀ (ਆਰਕੀਟੈਕਚਰਲ) ਦੀ ਉੱਤਮਤਾ ਦੇ ਮਹੱਤਵਪੂਰਨ ਪਹਿਲੂ ਦੀ ਇੱਕ ਦੁਰਲੱਭ ਝਲਕ ਪ੍ਰਦਾਨ ਕਰਦਾ ਹੈ। ਇਹ ਇੱਕ ਅਨਮੋਲ ਅਨੁਭਵ ਹੈ ਜੋ ਕਲਾਸਰੂਮ ਵਿੱਚ ਸਿੱਖਣ ਨੂੰ ਅਸਲ-ਸੰਸਾਰ ਦੀਆਂ ਸੂਝਾਂ ਨਾਲ ਜੋੜਦਾ ਹੈ।

# ਆਦਿ ਗ੍ਰੰਥ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਤੱਕ



ਤਿੰਨ ਇਤਿਹਾਸਕ ਦਿਨ :-(ੳ) ਪਹਿਲਾ ਪ੍ਰਕਾਸ਼ ਦਿਹਾੜਾ 1604 ਈ., ਅੰਮ੍ਰਿਤਸਰ ਸਾਹਿਬ ।
(ਅ) ਸੰਪੂਰਨਤਾ ਦਿਵਸ 1706 ਈ: ਦਮਦਮਾ ਸਾਹਿਬ ।
(ੲ) ਗੁਰਗੱਦੀ ਦਿਵਸ 1708 ਈ: ਨਾਂਦੇੜ ਹਜ਼ੂਰ ਸਾਹਿਬ ।
(ੳ) ਚੌਥੀ ਜੋਤ ਗੁਰੂ ਨਾਨਕ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਾਹਿਬ ਜੀ ਦਾ ਸਰੋਵਰ ਬਣਵਾਇਆ ।ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਸਾਹਿਬ ਵਿਚਕਾਰ ਹਰਿਮੰਦਰ ਸਾਹਿਬ ਦੀ ਇਮਾਰਤ ਬਣਵਾਈ ।ਹਰੀ ਦੇ ਮੰਦਰ ਅੰਦਰ , ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਮੁਤਾਬਕ ਮੂਰਤੀ ਦੀ ਸਥਾਪਨਾ ਤਾਂ ਬਿਲਕੁਲ ਹੀ ਨਹੀਂ ਹੋ ਸਕਦੀ ਸੀ । ਇਸ ਲਈ ਗੁਰੂ ਅਰਜਨ ਦੇਵ ਜੀ ਨੇ ਸੋਚਿਆ ਕਿਉਂ ਨਾ ਇਸ ਹਰੀ ਦੇ ਮੰਦਰ ਅੰਦਰ ਪੂਰੀ ਲੁਕਾਈ ਦੇ ਲੋਕਾਂ ਵਾਸਤੇ ਗਿਆਨ ਦਾ ਸਾਗਰ ਸਸ਼ੋਭੱਤ ਕੀਤਾ ਜਾਵੇ।

ਸਰੋਵਰ ਸਾਹਿਬ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਦਾ ਕੰਮ ਬਾਬਾ ਬੁੱਢਾ ਸਾਹਿਬ ਜੀ ਦੀ ਨਿਗਰਾਨੀ ਅਧੀਨ ਹੋਇਆ ਅਤੇ ਹੋਰ ਕਈ ਕੰਮਾਂ ਦੀ ਸੇਵਾ ਵੀ ਬਾਬਾ ਜੀ ਹੀ ਦੇਖ ਰਹੇ ਸਨ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਸਾਹਿਬ ਨੂੰ ਨਾਲ ਲੈ ਕੇ ਸਰੋਵਰ ਸਾਹਿਬ ਤੋਂ ਕੁੱਝ ਦੂਰੀ ਉੱਪਰ ਇਕਾਂਤ ਥਾਂ , ਰੁੱਖਾਂ ਦੀ ਠੰਡੀ ਛਾਂਵੇਂ ਤੰਬੂ ਲਗਵਾ ਲਿਆ। ਆਦਿ ਗ੍ਰੰਥ ਲਿਖਣ ਤੋਂ ਪਹਿਲਾਂ ਗੁਰੂ ਜੀ ਨੇ ਪਹਿਲੇ ਚਾਰ ਗੁਰੂ ਸਹਿਬਾਨਾਂ ਦੀ ਬਾਣੀ, ਭਗਤਾਂ ਦੀ ਬਾਣੀ ਅਤੇ ਸੇਵਕਾਂ ਦੇ ਉਚਾਰੇ ਸ਼ਬਦਾਂ ਨੂੰ ਇਕੱਤਰ ਕੀਤਾ। ਭਾਈ ਗੁਰਦਾਸ ਸਾਹਿਬ ਨੂੰ ਲਿਖਾਰੀ ਨਿਯੁਕਤ ਕੀਤਾ ਗਿਆ। ਬਾਬਾ ਬੁੱਢਾ ਸਾਹਿਬ ਨੂੰ ਪੂਰੇ ਬੰਦੋਬਸਤ ਦੀ ਜ਼ਿਮੇਵਾਰੀ ਦਿੱਤੀ ਗਈ, ਤੰਬੂ ਵਾਲੇ ਪਾਸੇ ਬਾਬਾ ਜੀ ਆਪ ਜਾਂ ਬਾਬੇ ਜੀ ਵੱਲੋਂ ਨਿਯੁਕਤ ਕੀਤੇ ਸੇਵਾਦਾਰ ਹੀ ਜਾ ਸਕਦੇ ਸਨ। ਆਦਿ ਗ੍ਰੰਥ ਦੀ ਸੰਪਾਦਨਾਂ ਦਾ ਕੰਮ ਕੋਈ ਆਸਾਨ ਕੰਮ ਨਹੀ ਸੀ। ਉਸ ਵਕਤ ਲਿਖਣ ਵਾਸਤੇ ਕਲਮਾਂ ਆਪ ਬਣਾਉਣੀਆ ਪੈਂਦੀਆਂ ਸਨ, ਸਿਆਹੀ ਵੀ ਆਪ ਤਿਆਰ ਕਰਨੀ ਪੈਂਦੀ ਸੀ ਅਤੇ ਪੇਪਰ ਵੀ ਬੜੀਆਂ ਮੁਸ਼ਕਲਾਂ ਨਾਲ ਮਿਲਦਾ ਸੀ। ਗੁਰੂ ਅਰਜਨ ਦੇਵ ਜੀ ਨੇ 1601 ਈ:ਵਿੱਚ ਆਦਿ ਗ੍ਰੰਥ ਸਾਹਿਬ ਲਿਖਵਾਉਣਾ ਸ਼ੁਰੂ ਕੀਤਾ ਜਿਸ ਦੀ ਸੰਪੂਰਨਤਾ ਈ: 1604 ਵਿੱਚ ਹੋਈ। ਤੰਬੂ ਵਾਲੀ ਜਗ੍ਹਾ ਦਾ ਬਾਅਦ ਵਿੱਚ ਰਾਮ ਸਰ ਨਾਮ ਰੱਖਿਆ ਗਿਆ। ਆਦਿ ਗ੍ਰੰਥ ਨੂੰ ਰਾਮ ਸਰ ਸਾਹਿਬ ਤੋਂ ਕੋਠਾ ਸਾਹਿਬ ਨਗਰ ਕੀਰਤਨ ਦੇ ਰੂਪ ਵਿਚ ਲਿਆਂਦਾ ਗਿਆ। ਗ੍ਰੰਥ ਸਾਹਿਬ ਪਲੰਘ ਉਪਰ ਸਸ਼ੋਬਤ ਕੀਤਾ ਅਤੇ ਗੁਰੂ ਅਰਜਨ ਦੇਵ ਜੀ ਨੇ ਆਪ ਜ਼ਮੀਨ ਤੇ ਬਿਸਤਰ ਲਗਾਇਆ । ਕੋਠਾ ਸਾਹਿਬ ਤੋਂ ਨਵੀਂ ਬਣੀ ਇਮਾਰਤ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਕੀਤਾ ਗਿਆ ਅਤੇ ਪਹਿਲਾ ਹੁਕਮ-ਨਾਮਾਂ ਵੀ ਬਾਬਾ ਬੁੱਢਾ ਜੀ ਨੇ ਹੀ ਲਿਆ ਸੀ ।ਇਸ ਤਰਾਂ ਬਾਬਾ ਬੁੱਢਾ ਸਾਹਿਬ ਦਰਬਾਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਥਾਪੇ ਗਏ ਸਨ ।



**ਭਜਨ ਸਿੰਘ ਪ੍ਰਦੇਸੀ**
**1 513-238-9442**

ਆਦਿ ਗ੍ਰੰਥ ਸਾਹਿਬ ਵਿੱਚ ਦਰਜ਼ ਬਾਣੀ ਦਾ ਵੇਰਵਾ :-

ਪੰਜ ਗੁਰੂ ਸਾਹਿਬਾਨ : 1. ਗੁਰੂ ਨਾਨਕ ਜੀ ਦੀ ਬਾਣੀ ਮਹਲਾ ਪਹਿਲਾ ਦੇ ਸਿਰਲੇਖ ਹੇਠ । 2. ਗੁਰੂ ਅੰਗਦ ਜੀ ਮਹੱਲਾ ਦੂਜਾ। 3. ਗੁਰੂ ਅਮਰ ਦਾਸ ਜੀ ਮਹੱਲਾ ਤੀਜਾ। 4. ਗੁਰੂ ਰਾਮ ਦਾਸ ਜੀ ਮਹੱਲਾ ਚੌਥਾ । 5. ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਮਹੱਲਾ ਪੰਜਵਾਂ ਦੇ ਸਿਰਲੇਖ ਅਧੀਨ ਹੀ ਲਿਖੀ ਅਤੇ ਪੰਜਾਂ ਹੀ ਗੁਰੂਆਂ ਨੇ ਸ਼ਬਦਾਂ ਦੇ ਅਖੀਰਲੀਆਂ ਤੁਕਾਂ ਵਿਚ ਨਾਨਕ ਦਾ ਨਾਮ ਹੀ ਵਰਤਿਆ ਹੈ।

ਪੰਦਰਾਂ ਭਗਤ ਸਾਹਿਬਾਨ : 1. ਭਗਤ ਕਬੀਰ ਜੀ ਦੇ 534 ਸ਼ਬਦ 246 ਸਲੋਕ, 2. ਭਗਤ ਨਾਮ ਦੇਵ ਜੀ ਦੇ 61 ਸ਼ਬਦ, 3. ਭਗਤ ਰਵਿਦਾਸ ਜੀ 40 ਸ਼ਬਦ, 4. ਬਾਬਾ ਸ਼ੇਖ ਫ਼ਰੀਦ ਜੀ ਦੇ ਚਾਰ ਸ਼ਬਦ 130 ਸਲੋਕ, 5. ਭਗਤ ਤ੍ਰਿਲੋਚਨ ਜੀ ਦੇ ਚਾਰ ਸ਼ਬਦ 6. ਭਗਤ ਧੰਨਾ ਜੀ ਦੇ ਚਾਰ ਸ਼ਬਦ, 7. ਭਗਤ ਬੇਣੀ ਜੀ ਦੇ ਤਿੰਨ ਸ਼ਬਦ 8. ਭਗਤ ਜੈ ਦੇਵ ਜੀ ਦੇ ਦੋ ਸ਼ਬਦ 9. ਭਗਤ ਭੀਖਣ ਜੀ ਦੇ ਦੋ ਸ਼ਬਦ 10 ਤੋਂ 15 ਤੀਕ ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਸਧਨਾ ਜੀ, ਭਗਤ ਰਾਮਾਨੰਦ ਜੀ, ਭਗਤ ਪਰਮਾ ਨੰਦ ਜੀ ਅਤੇ ਭਗਤ ਸੂਰ ਦਾਸ ਜੀ ਦਾ ਇੱਕ ਇੱਕ ਸ਼ਬਦ ਦਰਜ ਹੈ।

ਤਿੰਨ ਗੁਰਸਿੱਖ: ਬਾਬਾ ਸੁੰਦਰ ਜੀ, ਭਾਈ ਸੱਤਾ ਜੀ ਅਤੇ ਭਾਈ ਵਲਵੰਡ ਜੀ ਦੇ ਸ਼ਬਦ ਵੀ ਦਰਜ ਹਨ।

ਗਿਆਰਾਂ ਭੱਟਾਂ ਦੀ ਬਾਣੀ : (ੳ) ਕੱਲ੍ਹ /ਕਲਸਹਾਰ ਜੀ, ਜਾਲਪ/ਜਲ੍ਹ ਜੀ, ਕੀਰਤ ਜੀ, ਭਿੱਖਾ ਜੀ, ਸਲ੍ਹ ਜੀ, ਭਲ੍ਹ ਜੀ, ਨਲ ਜੀ, ਗਯੰਦ ਜੀ, ਮਥੁਰਾ ਜੀ, ਬਲ੍ਹ ਜੀ ਅਤੇ ਹਰਿਬੰਸ ਜੀ।

(ਅ) ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਦਮਦਮਾ ਸਾਹਿਬ ਠਹਿਰੇ ਹੋਏ ਸਨ, ਆਦਿ ਗ੍ਰੰਥ ਦੀ ਬੀੜ ਸਾਹਿਬ ਵਿੱਚ ਨੌਂਵੇਂ ਨਾਨਕ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਉਚਾਰੀ ਹੋਈ ਬਾਣੀ ਜੋ ਦਸਵੇਂ ਪਾਤਸ਼ਾਹ ਪਾਸ ਮੌਜੂਦ ਸੀ, ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾਈ ਗਈ ਸੀ। ਇੱਥੇ ਹੀ ਬਾਬਾ ਦੀਪ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕੀਤੇ ਅਤੇ ਦੂਸਰੇ ਗੁਰੂ ਸਥਾਨਾਂ ਉੱਪਰ ਭੇਜੇ ਗਏ ਸਨ। ਨੌਂਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 59 ਸ਼ਬਦ ਅਤੇ 57 ਸਲੋਕ ਵੀ ਮਹੱਲਾ ਨੌਂਵਾਂ ੯ ਅਤੇ ਗੁਰੂ ਨਾਨਕ ਜੀ ਦੇ ਨਾਮ ਨਾਲ ਹੀ ਸੰਬੋਧਨ ਕੀਤੇ ਹਨ।

ਇਸ ਤਰਾਂ ਛੇ ਗੁਰੂਆਂ, ਪੰਦਰਾਂ ਭਗਤਾਂ, ਤਿੰਨ ਗੁਰਸਿੱਖਾਂ ਅਤੇ ਗਿਆਰਾਂ ਭੱਟਾਂ ਦੀ ਬਾਣੀ ਸਦਕਾ ਆਦਿ ਗ੍ਰੰਥ ਸਾਹਿਬ ਜੀ ਸੰਪੂਰਨ ਹੋਏ।

(ੲ) ਜਦੋਂ ਗੁਰੂ ਜੀ ਦੱਖਣ ਦੇਸ਼ ਮਹਾਰਾਸ਼ਟਰ ਨਾਂਦੇੜ ਅਬਚਲ-ਨਗਰ ਪਹੁੰਚੇ ਤਾਂ ਗੋਦਾਵਰੀ ਨਦੀ ਦੇ ਪਾਸ ਡੇਰਾ ਲਾਇਆ। ਇੱਥੇ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਨੇ ਆਪਣੇ ਆਖਰੀ ਸਮੇਂ 1708 ਈ:ਵਿੱਚ ਖ਼ਾਲਸਾ ਪੰਥ ਨੂੰ , ਸਭ ਨਾਨਕ ਨਾਮ ਲੇਵਾ ਸੰਗਤਾਂ ਨੂੰ ਹੁਕਮ ਕੀਤਾ, ਮੇਰੇ ਤੋਂ ਬਾਅਦ ਆਪ ਸਭਨਾਂ ਦਾ ਗੁਰੂ, ਗੁਰੂ ਗ੍ਰੰਥ ਸਾਹਿਬ ਹੀ ਹੋਵੇਗਾ।
"ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓਂ ਗ੍ਰੰਥ"।

ਕੀ ਪੰਦਰਾਂ ਭਗਤਾਂ ਦੀ ਬਾਣੀ ਦਰਜ਼ ਕਰਨਾ ਮਿਥਹਾਸਕ ਹੈ ਜਾਂ ਇਤਿਹਾਸਕ?

(1) ਸਿੱਖ ਧਰਮ ਇਤਿਹਾਸਕ ਧਰਮ ਹੈ, ਪ੍ਰਚਾਰਕ ਧਰਮ ਹੈ ਅਤੇ ਨਵਾਂ ਧਰਮ ਹੋਣ ਦੇ ਬਾਵਜੂਦ ਵੀ ਕਿਉ ਮਿਥਹਾਸਕ ਅਤੇ ਕਰਾਮਾਤੀ ਸਾਖੀਆਂ ਸੁਣਾਈਆਂ ਜਾਂਦੀਆਂ ਹਨ।
(2) ਕਈ ਪ੍ਰਚਾਰਕ ਕਹਿੰਦੇ, ਕਰਾਮਾਤ ਕਹਿਰ ਦਾ ਨਾਮ ਹੈ, ਸਿੱਖਾਂ ਵਾਸਤੇ ਕੋਈ ਕਰਾਮਾਤ ਨਹੀਂ ਪ੍ਰੰਤੂ ਕਰਾਮਾਤੀ ਸਾਖੀਆਂ ਵੀ ਸਣਾਈ ਜਾਂਦੇ ਹਨ।
(3) ਮਿਥਿਹਾਸਕ ਸਾਖੀਆਂ ਸਾਰੇ ਧਰਮਾਂ ਵਿੱਚ ਹਨ ,ਕਿਸੇ ਵਿੱਚ ਵੱਧ ਅਤੇ ਕਿਸੇ ਵਿੱਚ ਘੱਟ।

ਮਿਥਿਹਾਸਕ ਸਾਖੀਆਂ ਭਗਤ ਬਾਣੀ ਬਾਰੇ:- ਸੰਤਾਂ ਮਹਾਂਪੁਰਸ਼ਾਂ , ਰਾਗੀਆਂ ਢਾਢੀਆਂ ਅਤੇ ਕਥਾਕਾਰਾਂ ਪਾਸੋਂ ਬਚਪਨ ਤੋਂ ਹੀ ਸੁਣਦਾ ਆ ਰਿਹਾ ਸੀ, ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਭਗਤਾਂ ਦੀਆਂ ਰੂਹਾਂ ਨੂੰ ਬਲਾਇਆ ਗਿਆ ਜਿਵੇਂ:-
(ੳ) ਤੰਬੂ ਵਿੱਚ ਗੁਰੂ ਅਰਜਨ ਦੇਵ ਜੀ ਸਮਾਧੀ ਲੀਨ ਹੋ ਜਾਂਦੇ, ਭਗਤਾਂ ਦੀਆਂ ਰੂਹਾਂ ਵਾਰੋ ਵਾਰੀ ਗੁਰੂ ਵਿੱਚ ਆ ਜਾਂਦੀਆਂ, ਜੋ ਬਾਣੀ ਦੇ ਸ਼ਬਦ ਜਿਸ ਭਗਤ ਦੇ ਨਾਮ ਉਚਾਰੇ ਜਾਂਦੇ ਭਾਈ ਗੁਰਦਾਸ ਜੀ ਉਸੇ ਤ੍ਰਰਾਂ ਹੀ ਲਿਖੀ ਜਾਂਦੇ।
(ਅ) ਭਗਤਾਂ ਦੀਆਂ ਰੂਹਾਂ ਨੂੰ ਸਾਖਸ਼ਾਤ ਤੰਬੂ ਵਿੱਚ ਬੁਲਾਇਆ ਗਿਆ ਜਾਂ ਰੂਹਾਂ ਨੇ ਆਪ ਹਾਜ਼ਰ ਹੋ ਕੇ ਆਪਣੀ ਆਪਣੀ ਬਾਣੀ ਲਿਖਵਾਈ।
(ੲ) ਸਾਡੇ ਬਾਬੇ ਵੀ ਕਈ ਕਰਾਮਾਤੀ ਸਾਖੀਆਂ ਸਣਾਉਦੇ ਹਨ ਜਿਹੜੀਆਂ ਸਾਡੀਆਂ ਧਾਰਮਿਕ ਕਿਤਾਬਾਂ ਵਿੱਚ ਦਰਜ ਹਨ ਜਿਵੇਂ ਸੂਰਜ ਪ੍ਰਕਾਸ਼ ਅਤੇ ਨਿਰਮਲੇ ਸੰਸਥਾ ਦਾ ਗ੍ਰੰਥ ਆਦਿ। ਇਸੇ ਕਰਕੇ ਸਨਾਤਨ ਮੱਤ ਵਾਲੇ ਕਹਿੰਦੇ ਹਨ, ਗੁਰੂ ਅਰਜਨ ਦੇਵ ਜੀ ਨੇ ਆਪਣੇ ਵੱਲੋਂ ਬਾਣੀ ਉਚਾਰੀ ਤੇ ਭਗਤਾਂ ਦੇ ਨਾਮ ਦਰਜ ਕਰ ਦਿੱਤੀ।
(ਸ) ਪਿਛਲੇ ਤੀਹ ਸਾਲਾਂ ਤੋਂ ਰੂਹਾਂ ਨੂੰ ਬਲਾਉਣ ਦਾ ਦਾਸ ਖੰਡਨ ਕਰਦਾ ਸੀ। ਬੜੀ ਹੈਰਾਨੀ ਹੋਈ ਜਦੋਂ 28 ਅਗਸਤ 2022 ਨੂੰ ਮੰਜੀ ਸਾਹਿਬ ਤੋਂ ਹੁਕਮਨਾਮਾ ਦਰਬਾਰ ਸਾਹਿਬ ਅਤੇ ਪਹਿਲਾ ਪ੍ਰਕਾਸ਼ ਦਿਹਾੜਾ ਗੁਰੂ ਗ੍ਰੰਥ ਸਾਹਿਬ ਦਾ ਪੂਰਬ ਦੀ ਕੱਥਾ ਸੁਣੀ ਜੋ ਭਗਤਾਂ ਬਾਰੇ ਇਸ ਤਰਾਂ ਸੀ: ਜਦੋਂ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ, ਕੱਲ ਤੋਂ ਭਗਤਾਂ ਦੀਆਂ ਬਾਣੀਆਂ ਲਿਖਾਂਗੇ ।ਭਾਈ ਗੁਰਦਾਸ ਜੀ ਨੇ ਸਵਾਲ ਕੀਤਾ, ਮਹਾਰਾਜ ਜੀ, ਪੰਜ ਸੌ ਸਾਲ ਪਹਿਲਾਂ ਹੋਏ ਭਗਤਾਂ ਦੀ ਬਾਣੀ ਕਿਵੇਂ ਲਿਖਾਂਗੇ?

ਅਗਲੇ ਦਿਨ ਜਿਸ ਤਰਾਂ ਹੀ ਤੰਬੂ ਵਿੱਚ ਦਾਖਲ ਹੋਏ ਭਾਈ ਗੁਰਦਾਸ ਜੀ ਕੀ ਵੇਖਦੇ ਹਨ! ਪੰਦਰਾਂ ਦੇ ਪੰਦਰਾਂ ਭਗਤ ਚਿੱਟੇ ਵਸਤਰ ਪਾਈ ਹਾਜ਼ਰ ਸਨ। ਕੱਥਾ ਦੀ ਰਿਕਾਰਡਿੰਗ ਦਾਸ ਪਾਸ ਹੈ। ਸਿੰਘ ਸਾਹਿਬ ਨੇ ਬਹੁਤ ਹੀ ਵਿਸਥਾਰ ਵਿੱਚ ਵਿਆਖਿਆ ਕੀਤੀ ਹੈ ਜੋ ਸੁਣਨ ਵਾਲੀ ਹੈ। ਕੇਵਲ ਰੂਹਾਂ ਨੂੰ ਬਲਉਣ ਦਾ ਸਵਾਲ ਹੈ। ਕੌਣ ਇਸ ਦਾ ਹੱਲ ਕਰੇਗਾ? ਗ਼ੈਬੀ ਸ਼ਕਤੀਆਂ ਹਨ, ਦਾਸ ਇਨਕਾਰੀ ਨਹੀਂ, ਇੱਥੇ ਤਾਂ ਭਗਤਾਂ ਦੀ ਬਾਣੀ ਬਾਰੇ ਪ੍ਰਮਾਣ ਹਨ ਜਿਵੇਂ:-

ਇਤਿਹਾਸਕ ਸਬੂਤ- (1) ਗੁਰੂ ਨਾਨਕ ਜੀ ਦੀਆਂ ਚਾਰ ਯਾਤਰਾਵਾਂ / ਉਦਾਸੀਆਂ ਚਾਰਾਂ ਦਿਸ਼ਾਵਾਂ ਵਿੱਚ, ਦੇਸ਼ਾਂ ਵਿਦੇਸ਼ਾਂ ਵਿੱਚ ਛੱਬੀ ਸਾਲ ਦੇ ਕਰੀਬ ਭ੍ਰਮਣ ਕੀਤਾ ਅਤੇ ਇਨਸਾਨਾਂ ਨੂੰ ਸੱਚ ਦਾ ਰਸਤਾ ਦੱਸਿਆ। ਬਾਬੇ ਨਾਨਕ ਜੀ ਤੋਂ ਢਾਈ ਤੋਂ ਤਿੰਨ ਸੌ ਸਾਲ ਪਹਿਲਾਂ ਜਨਮੇਂ ਭਗਤ ਸਨ ਜੈ ਦੇਵ ਜੀ ਬੰਗਾਲ ਤੋਂ ਸੀ ਅਤੇ ਬਾਬਾ ਫ਼ਰੀਦ ਜੀ ਪਾਕਪਟਨ ਤੋਂ ਸਨ। ਗੁਰੂ ਨਾਨਕ ਜੀ ਨੇ ਬਾਬਾ ਫ਼ਰੀਦ ਜੀ ਦੇ ਗਯਾਰਵੇਂ ਗੱਦੀ ਨਸ਼ੀਨ ਦੇ ਡੇਰੇ ਤੋਂ ਬਾਣੀ ਹਾਸਲ ਕੀਤੀ ਤੇ ਨਾਲ ਲੈ ਕੇ ਆਏ ਸਨ। ਸੋ ਏਸੇ ਤਰਾਂ ਯਾਤਰਾ ਦੌਰਾਨ ਸਮਕਾਲੀ ਅਤੇ ਗੱਦੀ ਤੇ ਬਿਰਾਜਮਾਨ ਭਗਤਾਂ ਦੇ ਡੇਰਿਆਂ ਤੋਂ ਬਾਣੀ ਆਪ ਜੀ ਨੇ ਲਿਆਂਦੀ। ਫਿਰ ਸਾਰੀ ਬਾਣੀ ਦੂਸਰੇ ਗੁਰੂ, ਤੀਸਰੇ ਗੁਰੂ, ਚੌਥੇ ਗੁਰੂ ਅਤੇ ਗੁਰੂਆਂ ਵੱਲੋਂ ਉਚਾਰੀ ਬਾਣੀ ਪੰਜਵੇਂ ਗੁਰੂ ਅਰਜਨ ਦੇਵ ਜੀ ਤੱਕ ਪਹੁੰਚ ਗਈ।

(2) ਸਾਇੰਸ, ਹਿਸਟਰੀ ਅਤੇ ਅੱਜ ਦੀ ਨਵੀਂ ਪ੍ਰੀੜੀ ਮਿਥਿਹਾਸਕ ਅਤੇ ਕਰਾਮਾਤਾਂ ਨੂੰ ਨਹੀਂ ਮੰਨਦੀ। ਮੇਰੇ ਵੀ ਅਚਾਨਕ 1994-95 ਈ: ਵਿੱਚ ਬਾਬੇ ਨਾਨਕ ਜੀ ਦੀਆਂ ਲੰਬੀਆਂ ਲੰਬੀਆਂ ਯਾਤਰਵਾਂ ਦਾ ਨਕਸ਼ਾ, ਸਿੱਧਾਂ, ਜੋਗੀਆਂ, ਪੀਰਾਂ-ਫ਼ਕੀਰਾਂ ਅਤੇ ਤੀਰਥਾਂ ਆਦਿ ਡੇਰਿਆਂ ਤੇ ਜਾਣ ਦੇ ਸਬੂਤ ਨੇ ਰੂਹਾਂ ਨੂੰ ਬਲਾਉਣਾਂ ਇਕ ਮਿੱਥ ਹੀ ਸਮਝਿਆ ਹੈ।

(3) ਭਾਈ ਗੁਰਦਾਸ ਜੀ ਦੀ ਵਾਰ ਪਹਿਲੀ, ਪਾਉੜੀ ੩੨ ਵੀਂ :-
ਬਾਬਾ ਫਿਰ ਮੱਕੇ ਗਿਆ ਨੀਲ ਬਸਤਰ ਧਾਰੇ ਬਨਵਾਰੀ॥
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ ॥
ਪਾਉੜੀ ੩੩ਵੀਂ :-
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ॥

ਬਾਬਾ ਨਾਨਕ ਜੀ ਜਦੋਂ ਮੱਕੇ ਦੀ ਯਾਤਰਾ ਤੇ ਗਏ ਬਾਬਾ ਜੀ ਦੇ ਪਾਸ ਕਿਤਾਬ ਸੀ, ਜਾਂ ਕਹਿ ਲਵੋ ਇੱਕ ਨੋਟ ਬੁੱਕ ਸੀ, ਜਿਸ ਵਿੱਚ ਆਪਣੀ ਬਾਣੀ ਲਿਖਦੇ ਅਤੇ ਭਗਤਾਂ ਦੀ ਬਾਣੀ ਜਿੰਨਾਂ ਦੀ ਵਿਚਾਰਧਾਰਾ ਮੇਲ ਖਾਂਦੀ ਉੁਨ੍ਹਾਂ ਦੀ ਬਾਣੀ ਗੁਰੂ ਜੀ ਆਪ ਲੈ ਕਿ ਆਏ।

(4) ਗੁਰੂ ਗ੍ਰੰਥ ਸਾਹਿਬ ਵਿੱਚੋਂ ਸਬੂਤ:- ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫ਼ਰੀਦ ਜੀ ਦੇ ਠੇਠ ਪੰਜਾਬੀ ਬੋਲੀ ਵਿੱਚ ਚਾਰ ਸ਼ਬਦ ਅਤੇ 130 ਸਲੋਕ ਹਨ। ਸਲੋਕਾਂ ਵਿੱਚ ਦੋ ਸਲੋਕ ਮਹਲਾ ਤੀਜਾ ਦੇ ਅਤੇ ਹੋਰ ਵੀ ਹਨ। ਮਿਸਾਲ ਦੇ ਤੌਰ 'ਤੇ ਸਲੋਕ ਨੂੰ: 51:-
ਫਰੀਦਾ ਰਤੀ ਰੱਤ ਨ ਨਿਕਲੇ ਜੇ ਤਨਿ ਚੀਰੇ ਕੋਇ॥
ਜੋ ਤਨ ਰਤੇ ਰੱਬ ਸਿਓ ਤਿਨ ਤਨਿ ਰਤੁ ਨ ਹੋਇ॥
ਗੁ. ਗ. ਅੰਗ 1380

ਉੱਪਰਲਾ ਸਲੋਕ ਜਦੋਂ ਤੀਸਰੇ ਗੁਰੂ ਅਮਰਦਾਸ ਜੀ ਨੇ ਪੜਿਆ ਤਾਂ ਵਿਚਾਰ ਆਇਆ, ਰੱਤ, ਖ਼ੂਨ, ਲਹੂ ਬਿਨਾਂ ਤਾਂ ਕੋਈ ਜੀਵਨ ਨਹੀਂ ਹੈ। ਗੁਰੂ ਜੀ ਨੇ ਬਾਬਾ ਫ਼ਰੀਦ ਜੀ ਦੇ ਸਲੋਕ ਦਾ ਅੰਤਰੀਵ ਭਾਵਨਾ ਨੂੰ ਸਮਝਿਆ ਕਿ ਪਾਪੀ ਲੋਭ ਵੱਲ ਇਸ਼ਾਰਾ ਹੈ, ਅਗਲਾ ਸਲੋਕ ਗੁਰੂ ਜੀ ਨੇ ਆਪ ਦਰਜ ਕੀਤਾ ਤਾਂ ਕਿ ਅਗਲੀ ਪ੍ਰੀੜੀ ਕਿੰਤੂ ਨਾ ਕਰੇ।
ਸਲੋਕ ਨੂੰ: 52 ਮਹਲਾ ੩ (ਗੁਰੂ ਅਮਰ ਦਾਸ ਜੀ ):-
ਇਹ ਤਨੁ ਸਭੋ ਰੱਤ ਹੈ ਰਤੁ ਬਿਨ ਤਨੁ ਨ ਹੋਇ॥
ਜੋ ਸਹਿ ਰਤੇ ਆਪਣੇ ਤਿਤ ਤਨ ਲੋਭ ਰਤੁ ਨ ਹੋਇ॥
ਇਸ ਸਲੋਕ ਤੋਂ ਸਾਬਤ ਹੁੰਦਾ ਹੈ ਕਿ ਭਗਤਾਂ ਦੀ ਬਾਣੀ ਗੁਰੂ ਅਮਰਦਾਸ ਜੀ ਪਾਸ ਮੌਜ਼ੂਦ ਸੀ।

(5) ਪਾਲਕੀ ਸਾਹਿਬ :- ਅੱਜ ਵੀ ਉਹ ਪਾਲਕੀ ਗੋਇੰਦਵਾਲ ਸਾਹਿਬ ਮੌਜ਼ੂਦ ਹੈ, ਜਿਸ ਉੱਪਰ ਗੁਰਬਾਣੀ ਦੀਆਂ ਸਾਰੀਆਂ ਪੋਥੀਆਂ ਰੱਖ ਕੇ, ਚਾਰ ਸੇਵਕਾਂ ਆਪਣੇ ਮੋਢਿਆਂ ਉੱਪਰ ਚੁੱਕ, ਪੈਦਲ ਸੰਗਤੀ ਰੂਪ ਵਿੱਚ ਚੱਲ ਕੇ ਅਮ੍ਰਿਤਸਰ ਪਹੁੰਚਾਈਆਂ ਸਨ।

ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਸੇਵਕਾਂ ਨੂੰ ਭੇਜਿਆ ਗੋਇੰਦਵਾਲ ਸਾਹਿਬ ਬਾਬਾ ਮੋਹਨ ਜੀ ਪਾਸੋਂ ਬਾਣੀ ਦੀਆਂ ਪੋਥੀਆਂ ਲੈਣ। ਗੁਰਬਾਣੀ ਦੀਆਂ ਪੋਥੀਆਂ ਨਾ ਮਿਲਣ ਤੇ ਗੁਰੂ ਸਾਹਿਬ ਆਪ ਆਏ ਅਤੇ ਬਾਬਾ ਮੋਹਨ ਜੀ ਦੀ ਸਿਫ਼ਤ ਵਿੱਚ ਸ਼ਬਦ ਉਚਾਰੇ, ਬਾਬਾ ਜੀ ਚੁਬਾਰੇ ਤੋਂ ਥੱਲੇ ਆਏ, ਸਤਿਕਾਰ ਸਾਹਿਤ ਗੁਰਬਾਣੀ ਦੀਆਂ ਪੋਥੀਆਂ ਦਿੱਤੀਆਂ ਗਈਆਂ।

ਬੇਨਤੀ :- ਬਾਉਲੀ ਸਾਹਿਬ ਤੋਂ ਦੋ ਸੌ ਗਜ਼ ਦੀ ਦੂਰੀ ਉੱਪਰ ਹੈ ਰਹਾਇਸ਼ੀ ਮਕਾਨ ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਜਨਮ ਸਥਾਨ ਗੁਰੂ ਅਰਜਨ ਦੇਵ ਜੀ, ਪਾਲਕੀ ਸਾਹਿਬ ਦਾ ਕਮਰਾ ਅਤੇ ਬਾਬਾ ਮੋਹਨ ਜੀ ਦਾ ਚੁਬਾਰਾ। ਇਹ ਸਾਰੇ ਇੱਕ ਥਾਂ / ਇੱਕ ਵੇਹੜੇ ਵਿੱਚ ਮੌਜ਼ੂਦ ਹਨ । ਵੀਹ ਪੱਚੀ % ਸੰਗਤ ਹੀ ਇਸ ਸਥਾਨ ਦੇ ਦਰਸ਼ਨ ਕਰਦੀ ਹੈ, ਬਾਕੀ ਸੰਗਤਾਂ ਬਾਉਲੀ ਸਾਹਿਬ, ਵੱਡਾ ਗੁਰਦੁਆਰਾ ਅਤੇ ਲੰਗਰ ਹਾਲ ਤੋਂ ਹੀ ਵਾਪਸ ਆ ਜਾਂਦੀਆਂ ਹਨ। ਪਾਲਕੀ ਸਾਹਿਬ, ਜਨਮ ਸਥਾਨ ਆਦਿ ਦੇ ਜ਼ਰੂਰ ਦਰਸ਼ਨ ਕਰੋ ਜੀ।

ਲਿਖਣ ਦਾ ਕਾਰਨ:- ਛੋਟੀ ਉਮਰ ਤੋਂ ਕੱਥਾ ਸੁਣਨੀ, ਪਾਠ ਸੁਣਨਾ ਚੰਗਾ ਲੱਗਦਾ, ਫਿਰ ਗੁਰਬਾਣੀ ਕੀਰਤਨ ਦਾ ਅਨੰਦ ਵੀ ਆਉਣ ਲੱਗਾ। ਪਾਠ ਕਰਨਾ ਸ਼ੁਰੂ ਕੀਤਾ। ਸੰਨ 1970-71 ਵਿੱਚ ਪਹਿਲੀ ਵਾਰ ਸਹਿਜ ਪਾਠ ਕੀਤਾ। ਛੁੱਟੀ ਵਾਲੇ ਦਿਨ 3 ਕਿੱਲੋਮੀਟਰ ਦੂਰ ਏਅਰਫੋਰਸ ਦੇ ਗੁਰਦੁਆਰੇ ਪੈਦਲ ਜਾਂਦਾ, ਪਾਠ ਕਰਨਾ ਚੰਗਾ ਲੱਗਦਾ, ਪਰ ਸਿੱਖਿਆ ਕੁਝ ਵੀ ਨਾ। ਸੰਨ 2012-13 ਵਿੱਚ ਦੂਸਰੀ ਵਾਰ ਸਹਿਜ ਪਾਠ ਕੀਤਾ, ਭੋਗ ਪਾਇਆ 13-14 ਮਹੀਨਿਆਂ ਵਿੱਚ, ਅਮਰੀਕਾ 'ਚ ਸ਼ੁਰੂ ਕੀਤਾ, ਪੰਜਾਬ 'ਚ ਤਿੰਨ ਗੁਰੂ ਘਰਾਂ 'ਚ, ਫਿਰ ਇੱਥੇ ਘਰੇ ਭਾਈ ਸਾਹਿਬ ਸਿੰਘ ਜੀ ਦੇ ਟੀਕੇ ਦੀ ਸੈਂਚੀ ਤੋਂ ਪਾਠ ਕੀਤਾ, ਬਹੁਤ ਗਿਆਨ ਦੀਆਂ ਗੱਲਾਂ ਡਾਇਰੀ ਵਿੱਚ ਲਿਖੀਆਂ ਜਿਵੇਂ ਸ਼ੇਖ ਫਰੀਦ ਦੇ ਸਲੋਕਾਂ ਵਿੱਚ ਮਹਲਾ ੩ ਜਾਂ ਪਵਾਂ ਕਿਉਂ, ਇੱਕ ਅੱਖਰ ਉੱਪਰ ਦੋ ਮਾਤਰਾਂ ਆਦਿ ਬਾਰੇ ਕਦੇ ਧਿਆਨ ਹੀ ਨਹੀਂ ਕੀਤਾ ਸੀ।

ਗੋਇੰਦਵਾਲ ਸਾਹਿਬ ਪਾਲਕੀ ਸਾਹਿਬ ਦੇ ਕਈ ਵਾਰ ਦਰਸ਼ਨ ਕੀਤੇ ਸਨ ਪ੍ਰੰਤੂ 22 ਅਕਤੂਬਰ 2022 ਦੇ ਦਰਸ਼ਨਾਂ ਨੇ ਹਾਜ਼ਰ ਨਾਜ਼ਰ ਗੁਰੂ ਜੀ ਦੀ ਸੰਪਾਦਨਾ ਬਾਰੇ ਲਿਖਣ ਦੀ ਹਿੰਮਤ ਦਿੱਤੀ।

# ਹਲਕਾ ਘਨੌਰ ਦਾ ਮਾਣ ਜਸਵਿੰਦਰ ਚਪੜ੍ਹ ਸਟੇਟ ਅਵਾਰਡੀ ਦਾ ਖੇਡ ਕਮੇਟੀ ਘਨੌਰ ਵੱਲੋਂ ਸਨਮਾਨ

**ਘਨੌਰ-** ਹਲਕਾ ਘਨੌਰ (ਪਟਿਆਲਾ) ਦੇ ਉਲਾਣਾ ਪਿੰਡ ਦੇ ਸਰਕਾਰੀ ਸਕੂਲ ਵਿਚ ਬਤੌਰ ਸਰੀਰਕ ਸਿੱਖਿਆ ਅਧਿਆਪਕ ਅਤੇ ਖੇਡ ਸਕੱਤਰ ਘਨੌਰ ਸ. ਜਸਵਿੰਦਰ ਸਿੰਘ ਚਪੜ੍ਹ ਨੂੰ ਪੰਜਾਬ ਸਰਕਾਰ - ਸਿੱਖਿਆ ਵਿਭਾਗ ਵੱਲੋਂ ਅਧਿਆਪਕ ਦਿਵਸ ਮੌਕੇ ਹੁਸ਼ਿਆਰਪੁਰ ਵਿਖੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ, ਸਿੱਖਿਆ ਸਕੱਤਰ ਸ੍ਰੀ ਕਮਲ ਕਿਸ਼ੋਰ ਯਾਦਵ ਜੀ ਨੇ ਅਧਿਆਪਕ ਰਾਜ ਪੁਰਸਕਾਰ (ਸਟੇਟ ਅਵਾਰਡ ਪੰਜਾਬ) ਨਾਲ ਸਨਮਾਨਿਤ ਕੀਤਾ ਹੈ। ਖੇਡ ਸਕੱਤਰ ਸ. ਜਸਵਿੰਦਰ ਸਿੰਘ ਜਦੋਂ ਖੇਡਾਂ ਘਨੌਰ ਵਿਖੇ ਪਹੁੰਚੇ ਤਾਂ ਜ਼ੋਨ ਖੇਡ ਕਮੇਟੀ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ, ਕੈਸ਼ੀਅਰ ਸ੍ਰੀ ਵਿਕਾਸ਼ ਜਿੰਦਲ - ਸਮੂਹ ਸਰੀਰਕ ਸਿੱਖਿਆ ਅਧਿਆਪਕਾਂ ਨੇ ਭਰਵਾਂ ਸੁਆਗਤ ਅਤੇ ਵਿਸ਼ੇਸ਼ ਸਨਮਾਨ ਕੀਤਾ। ਪ੍ਰਿੰਸੀਪਲ ਰਾਜ ਕੁਮਾਰ ਨੌਗਾਵਾਂ ਨੇ ਵਧਾਈਆਂ ਦਿੰਦੇ ਕਿਹਾ ਕਿ ਜਸਵਿੰਦਰ ਚਪੜ੍ਹ ਨੂੰ ਐਵਾਰਡ ਮਿਲਣਾ-ਸਰੀਰਕ ਸਿੱਖਿਆ ਅਧਿਆਪਕਾਂ ਦਾ ਅਤੇ ਘਨੌਰ ਹਲਕੇ ਲਈ ਵੱਡੇ ਮਾਣ ਵਾਲੀ ਗੱਲ ਹੈ। ਇਹ ਸਕੂਲ ਸੇਵਾ



ਤੋ ਇਲਾਵਾ ਗੱਤਕਾ ਅਬਜਰਬਰ ਪੰਜਾਬ, ਖੇਡ ਸਕੱਤਰ ਘਨੌਰ, ਖੇਡ ਸਟੇਡੀਅਮ ਉਲਾਣਾ ਦੀ ਸੇਵਾ, ਨੋਡਲ ਅਫ਼ਸਰ ਇਲੈਕਸ਼ਨ 113 ਹਲਕਾ ਘਨੌਰ, ਸਰੀਰਕ ਸਿੱਖਿਆ ਅਧਿਆਪਕ ਯੂਨੀਅਨ-ਪੰਜਾਬ, ਐਸ.ਸੀ,ਬੀ.ਸੀ. ਕਰਮਚਾਰੀ ਫੈਡਰੇਸ਼ਨ ਪੰਜਾਬ ਦੀ ਸੇਵਾ ਬਾਕਮਾਲ ਕਰ ਰਹੇ ਹਨ। ਇਹ ਇਕ ਇਨਸਾਨ ਨਹੀ ਵੱਡੀ ਸੰਸਥਾ ਬਣ ਚੁੱਕੇ ਹਨ। ਅੱਜ ਸਾਰਿਆਂ ਨੂੰ ਬਹੁਤ ਖੁਸ਼ੀ ਹੋ ਰਹੀ ਸੀ ਕਿਉਂਕਿ ਇੱਕ ਸੰਘਰਸ਼ੀ - ਮਿਹਨਤੀ ਅਧਿਆਪਕ ਨੂੰ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨੇ ਇਸ ਸਨਮਾਨ ਨਾਲ ਨਿਵਾਜਿਆ ਹੈ। ਸਟੇਟ ਅਵਾਰਡੀ ਜਸਵਿੰਦਰ ਚਪੜ੍ਹ ਦਾ ਫੁੱਲਾਂ ਦੇ ਹਾਰਾਂ, ਬੁੱਕਿਆਂ ਨਾਲ, ਕੇਕ ਕਟਾ ਕੇ, ਗਿਫ਼ਟ ਦੇ ਕੇ ਵਿਸ਼ੇਸ਼ ਪਿਆਰ - ਸਤਿਕਾਰ ਕੀਤਾ। ਬਾਅਦ ਵਿਚ ਸਾਰਿਆਂ ਨੇ ਰਲ ਕੇ ਭੰਗੜਾ /ਗਿੱਧਾ ਪਾ ਕੇ ਖੁਸ਼ੀ ਮਨਾਈ। ਇਸ ਮੌਕੇ ਸ. ਗੁਰਪ੍ਰੀਤ ਸਿੰਘ, ਹਰਮਹਿੰਦਰ ਸਿੰਘ, ਪਰਦੀਪ ਕੁਮਾਰ, ਅਸ਼ਵਨੀ ਕੁਮਾਰ, ਸ੍ਰੀ ਅਲਬਰਟ, ਬਾਗ ਸਿੰਘ, ਹਰਨੇਕ ਸਿੰਘ, ਇੰਦਰਜੀਤ ਰਾਜ, ਸੰਜੀਵ ਸੋਹਲ, ਕਰਮਜੀਤ ਸਿੰਘ, ਹਰਪ੍ਰੀਤ ਸਿੰਘ, ਅਰੁਣ ਕੁਮਾਰ, ਰਣਜੀਤ ਸਿੰਘ, ਮੈਡਮ ਪ੍ਰਦੀਪ ਕੌਰ ਸੁਪਤਨੀ ਜਸਵਿੰਦਰ ਚਪੜ੍ਹ, ਮੈਡਮ ਰਾਜਵਿੰਦਰ ਕੌਰ-ਬਹਾਦਰਗੜ੍ਹ - ਉਲਾਣਾ, ਜਸਵੰਤ ਕੌਰ, ਹਰਮੀਤ ਕੌਰ, ਪਰਮਜੀਤ ਕੌਰ ਕਪੂਰੀ - ਚਪੜ੍ਹ, ਅਮਨਦੀਪ ਕੌਰ, ਦਰਸ਼ਨ ਕੌਰ, ਰੁਪਿੰਦਰ ਕੌਰ, ਕਵਲਪ੍ਰੀਤ ਕੌਰ, ਵਰਿੰਦਰਜੀਤ ਕੌਰ, ਰਾਧਾ ਰਾਣੀ, ਹਰਪ੍ਰੀਤ ਕੌਰ, ਨਵਜੋਤ ਕੌਰ, ਨਵਦੀਪ ਕੌਰ, ਤੋਂ ਇਲਾਵਾ ਵੱਡੀ ਗਿਣਤੀ ਵਿਚ ਸਰੀਰਕ ਸਿੱਖਿਆ ਅਧਿਆਪਕ ਅਤੇ ਖਿਡਾਰੀ ਹਾਜ਼ਰ ਰਹੇ। ਸ਼੍ਰੀ ਪਰਦੀਪ ਕੁਮਾਰ ਗਦਾਪੁਰ ਨੇ ਮੰਚ ਸੰਚਾਲਨ ਖੂਬਸੂਰਤ ਤਰੀਕੇ ਨਾਲ ਨਿਭਾਇਆ।

**- ਮੇਜਰ ਸਿੰਘ ਨਾਭਾ**

# ਕਰੀਬ 20 ਸਾਲ ਦੇ ਇੰਤਜਾਰ ਤੋਂ ਬਾਅਦ ਕੀਤਾ ਜਾ ਰਿਹਾ ਸੜਕ ਦਾ ਨਿਰਮਾਣ, 35-40 ਪਿੰਡਾਂ ਨੂੰ ਹੋਵੇਗਾ ਇਸ ਦਾ ਲਾਭ- ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਵਿਧਾਨ ਸਭਾ ਹਲਕਾ ਭੋਆ ਦੇ ਸਰਨਾਂ ਤੋਂ ਵਾਇਆ ਫਰੀਦਾਨਗਰ ਭੀਮਪੁਰ ਜਾਣ ਵਾਲੇ ਮਾਰਗ ਦਾ ਅੱਜ ਨਿਰਮਾਣ ਕਾਰਜ ਸ਼ੁਰੂ ਕੀਤਾ ਗਿਆ ਹੈ ਇਸ ਰੋਡ ਤੇ ਕਰੀਬ 15।15 ਕਰੋੜ ਰੁਪਏ ਦੀ ਲਾਗਤ ਨਾਲ ਰੋਡ ਦਾ ਨਿਰਮਾਣ ਕੀਤਾ ਜਾਵੇਗਾ ਜਿਸ ਦਾ ਸਿੱਧੇ ਤੋਰ ਤੇ ਕਰੀਬ 35-40 ਪਿੰਡਾਂ ਨੂੰ ਲਾਭ ਹੋਵੇਗਾ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਫਰੀਦਾਨਗਰ ਨਜਦੀਕ ਸਰਨਾ ਤੋਂ ਭੀਮਪੁਰ ਜਾਣ ਵਾਲੇ ਮਾਰਗ ਦੇ ਨਿਰਮਾਣ ਕਾਰਜ ਦਾ ਸੁਭਆਰੰਭ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ ਪਠਾਨਕੋਟ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੁਰਿੰਦਰ ਕੁਮਾਰ, ਬਲਦੇਵ ਸਿੰਘ, ਸਰਪੰਚ ਬਲਜੀਤ ਕੌਰ, ਜਗਤਾਰ ਸਿੰਘ, ਰਜਿੰਦਰ ਸਿੰਘ, ਸਤੀਸ ਕੁਮਾਰ, ਕੁਲਜੀਤ ਸਿੰਘ, ਸੰਸਾਰ ਸਿੰਘ, ਜਸਵਿੰਦਰ ਸਿੰਘ ਜੱਗੀ, ਭੁਪਿੰਦਰ ਸਿੰਘ, ਅੰਕਿਤ ਚੋਧਰੀ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜ਼ਰ ਸਨ।



ਇਸ ਮੌਕੇ ਤੇ ਸੰਬੋਧਿਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਹਰ ਰੋਜ ਕਿਸੇ ਨਾ ਕਿਸੇ ਪਾਸੇ ਕਰੋੜਾ ਰੁਪਏ ਦੀ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਪਿਛਲੇ ਦਿਨ੍ਹਾਂ ਦੋਰਾਨ ਉਨ੍ਹਾਂ ਵੱਲੋਂ ਕਰੀਬ 1 ਕਰੋੜ 90 ਲੱਖ ਰੁਪਏ ਦੀ ਲਾਗਤ ਨਾਲ ਨਰੋਟ ਮਹਿਰਾ ਵਿਖੇ ਵਾਟਰ ਸਪਲਾਈ ਦੇ ਕਾਰਜ ਦਾ ਸੁਭਾਆਰੰਭ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਅੱਜ ਸਰਨਾ ਤੋਂ ਵਾਇਆ ਫਰੀਦਾਨਗਰ ਹੋ ਕੇ ਭੀਮਪੁਰ ਨੂੰ ਜਾਣ ਵਾਲੀ ਸੜਕ ਜੋ ਕਿ ਕਾਫੀ ਖਸਤਾ ਹਾਲਤ ਸੀ ਅਤੇ ਪਿਛਲੇ ਕਰੀਬ 20 ਸਾਲ ਪਹਿਲਾ ਬਣਾਈ ਗਈ ਸੀ ਜੋ ਬਹੁਤ ਹੀ ਜਲਦੀ ਟੁੱਟ ਗਈ ਸੀ, ਇਸ ਮਗਰੋਂ ਹੁਣ ਇਸ ਮਾਰਗ ਦਾ ਨਿਰਮਾਣ ਕਾਰਜ ਸੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ 12 ਕਿਲੋਮੀਟਰ ਲੰਮੀ ਸੜਕ ਚੋਂ 2 ਕਿਲੋਮੀਟਰ ਕੰਕਰੀਟ ਅਤੇ 10 ਕਿਲੋਮੀਟਰ ਪ੍ਰੀਮਿਕਸ ਵਾਲੀ ਸੜਕ , ਜਿਸ ਦੀ ਚੋੜਾਈ ਕਰੀਬ 12.5 ਫੁੱਟ ਹੋਵੇਗੀ ਜਿਸ ਦਾ ਨਿਰਮਾਣ ਕਾਰਜ ਅੱਜ ਸੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਰੋਡ ਦੇ ਨਿਰਮਾਣ ਹੋਣ ਤੋਂ ਬਾਅਦ ਕਰੀਬ 35-40 ਪਿੰਡਾਂ ਨੂੰ ਇਸ ਦਾ ਲਾਭ ਹੋਵੇਗਾ।

ਉਨ੍ਹਾਂ ਕਿਹਾ ਕਿ ਇਸ ਰੋਡ ਦੀ ਖਸਤਾ ਹਾਲਤ ਹੋਣ ਕਰਕੇ ਲੋਕਾਂ ਨੇ ਲਗਭਗ ਇਸ ਮਾਰਗ ਤੇ ਆਉਂਣਾ ਜਾਣਾ ਹੀ ਬੰਦ ਕਰ ਦਿੱਤਾ ਸੀ ਜਦੋਂ ਕਿ ਇਹ ਰੋਡ ਕਰੀਬ 40 ਪਿੰਡਾਂ ਨੂੰ ਜੋੜਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਸੜਕ ਦਾ ਨਿਰਮਾਣ ਕਰ ਰਹੇ ਠੇਕੇਦਾਰ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਸੜਕ ਦੇ ਨਿਰਮਾਣ ਕਾਰਜ ਕਰਦਿਆਂ ਸੜਕ ਦੀ ਕਵਾਲਿਟੀ ਦਾ ਵਿਸੇਸ ਧਿਆਨ ਰੱਖਿਆ ਜਾਵੈ। ਇਸ ਮੋਕੇ ਤੇ ਉਨ੍ਹਾਂ ਪਿੰਡ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਸਮੱਸਿਆਵਾਂ ਵੀ ਸੁਣੀਆਂ ਉਨ੍ਹਾਂ ਫਰੀਦਾਨਗਰ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਵੀ ਜਲਦੀ ਹੀ ਹੱਲ ਕੀਤਾ ਜਾਵੇਗਾ।

# ਔਰਤਾਂ ਨੂੰ 2000 ਰੁਪਏ ਪ੍ਰਤੀ ਮਹੀਨਾ, 300 ਯੂਨਿਟ ਬਿਜਲੀ ਅਤੇ 25 ਲੱਖ ਰੁਪਏ ਦਾ ਮੁਫ਼ਤ ਇਲਾਜ- ਕਾਂਗਰਸ

**ਚੰਡੀਗੜ੍ਹ–** ਹਰਿਆਣਾ ਦੀ ਚੋਣ ਜੰਗ ਵਿੱਚ ਉਤਰੀ ਕਾਂਗਰਸ ਨੇ ਸੂਬੇ ਦੀ ਜਨਤਾ ਨਾਲ ਸੱਤ ਵੱਡੇ ਵਾਅਦੇ ਕੀਤੇ ਹਨ। ਕਾਂਗਰਸ ਨੇ 18 ਤੋਂ 60 ਸਾਲ ਦੀ ਉਮਰ ਦੀਆਂ ਸਾਰੀਆਂ ਔਰਤਾਂ ਨੂੰ ਦੋ ਹਜ਼ਾਰ ਰੁਪਏ ਮਹੀਨਾ ਦੇਣ ਦਾ ਵੱਡਾ ਵਾਅਦਾ ਕੀਤਾ ਹੈ। ਹਰ ਪਰਿਵਾਰ ਵਿੱਚ ਖੁਸ਼ਹਾਲੀ ਲਿਆਉਣ ਦਾ ਦਾਅਵਾ ਕਰਦਿਆਂ ਕਾਂਗਰਸ ਨੇ ਸੂਬੇ ਦੇ ਲੋਕਾਂ ਨੂੰ 300 ਯੂਨਿਟ ਮੁਫਤ ਬਿਜਲੀ ਅਤੇ 25 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਦੇਣ ਦਾ ਵੀ ਵਾਅਦਾ ਕੀਤਾ ਹੈ। ਰਾਜਸਥਾਨ ਵਿੱਚ ਅਸ਼ੋਕ ਗਹਿਲੋਤ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਚਿਰੰਜੀਵ ਯੋਜਨਾ ਦੇ ਤਹਿਤ ਉੱਥੋਂ ਦੇ ਲੋਕਾਂ ਨੂੰ 25 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਦਿੰਦੀ ਸੀ। ਕਾਂਗਰਸ ਨੇ ਸੂਬੇ ਵਿੱਚ ਜਾਤੀ ਸਰਵੇਖਣ ਕਰਵਾਉਣ ਦਾ ਵਾਅਦਾ ਕਰਦਿਆਂ ਜਾਤੀ ਦੇ ਹਿਸਾਬ ਨਾਲ ਸਾਰਿਆਂ ਨੂੰ ਉਨ੍ਹਾਂ ਦੇ ਹੱਕ ਦੇਣ ਦੀ ਗੱਲ ਵੀ ਕਹੀ ਹੈ।

ਨਵੀਂ ਦਿੱਲੀ ਸਥਿਤ ਕਾਂਗਰਸ ਹੈੱਡਕੁਆਰਟਰ 'ਚ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਸੰਗਠਨ ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਖਜ਼ਾਨਚੀ ਅਜੈ ਮਾਕਨ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੂਪੇਂਦਰ ਸਿੰਘ ਹੁੱਡਾ, ਸੂਬਾ ਪ੍ਰਧਾਨ ਚੌਧਰੀ ਉਦੈਭਾਨ, ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ, ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਜੀ। ਸਿੰਘ ਬਾਜਵਾ, ਚੋਣ ਮੈਨੀਫੈਸਟੋ ਕਮੇਟੀ ਦੀ ਚੇਅਰਪਰਸਨ ਗੀਤਾ ਭੁੱਕਲ, ਬੁਲਾਰੇ ਪਵਨ ਖੇੜਾ ਅਤੇ ਕਾਂਗਰਸੀ ਆਗੂ ਟੀ.ਐੱਸ. ਸਿੰਘਦੇਵ ਨੇ ਸਾਂਝੇ ਤੌਰ 'ਤੇ ਹਰਿਆਣਾ ਦੇ ਲੋਕਾਂ ਲਈ ਕਾਂਗਰਸ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ। ਇਸ ਮਤਾ ਪੱਤਰ ਵਿੱਚ ਕਾਂਗਰਸ ਨੇ ਸੱਤ ਵਾਅਦੇ ਕੀਤੇ ਹਨ ਅਤੇ ਉਨ੍ਹਾਂ ਨੂੰ ਸੂਬੇ ਦੇ ਲੋਕਾਂ ਲਈ ਆਪਣੀ ਗਾਰੰਟੀ ਦੱਸਿਆ ਹੈ। ਇਸ ਗਾਰੰਟੀ ਕਾਰਡ 'ਤੇ ਸਾਬਕਾ ਮੁੱਖ ਮੰਤਰੀ ਭੂਪੇਂਦਰ ਸਿੰਘ ਹੁੱਡਾ ਅਤੇ ਪਾਰਟੀ ਦੇ ਸੂਬਾ ਪ੍ਰਧਾਨ ਉਦੈ ਭਾਨ ਦੇ ਡਿਜੀਟਲ ਦਸਤਖਤ ਵੀ ਹਨ। ਕਾਂਗਰਸ ਨੇ ਫਿਲਹਾਲ ਸੱਤ ਗਾਰੰਟੀ ਜਾਰੀ ਕੀਤੀਆਂ ਹਨ, ਜਦਕਿ 53 ਪੰਨਿਆਂ ਦਾ ਚੋਣ ਮੈਨੀਫੈਸਟੋ ਚੰਡੀਗੜ੍ਹ ਵਿੱਚ ਵੱਖਰੇ ਤੌਰ 'ਤੇ ਜਾਰੀ ਕੀਤਾ ਜਾਵੇਗਾ। ਕਾਂਗਰਸ ਪ੍ਰਧਾਨ ਮਲਿਕਾਅਰਜੁਨ ਖੜਗੇ ਨੇ ਸੱਤ ਗਾਰੰਟੀ ਜਾਰੀ ਕਰਦੇ ਹੋਏ ਸੂਬੇ ਵਿੱਚ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਸ ਅੰਦੋਲਨ ਵਿੱਚ ਮਰਨ ਵਾਲੇ ਸਾਰੇ ਕਿਸਾਨਾਂ ਨੂੰ ਸ਼ਹੀਦਾਂ ਦਾ ਦਰਜਾ ਦਿੱਤਾ ਜਾਵੇਗਾ ਅਤੇ ਹਰਿਆਣਾ ਵਿੱਚ ਕਿਸੇ ਵੀ ਥਾਂ 'ਤੇ ਸ਼ਹੀਦੀ ਸਮਾਰਕ ਬਣਾਇਆ ਜਾਵੇਗਾ। ਕਾਂਗਰਸ ਦੀ ਤਰਫੋਂ ਖੜਗੇ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਸ਼ਹੀਦ ਐਲਾਨੇ ਗਏ ਇਨ੍ਹਾਂ ਕਿਸਾਨਾਂ ਦੇ ਪਰਿਵਾਰਾਂ ਨੂੰ ਸਰਕਾਰ ਨੌਕਰੀ ਵੀ ਦੇਵੇਗੀ।

## ਨੈਸ਼ਨਲ ਅਵਾਰਡੀ ਅਧਿਆਪਕ

# ਲੜਕੀਆਂ ਦੀ ਸਿੱਖਿਆ ਨੂੰ ਸਮਰਪਿਤ ਹੈ ਪੰਕਜ ਕੁਮਾਰ ਗੋਇਲ

ਜਦੋਂ ਅਸੀਂ ਲੋਕਾਂ ਦੇ ਦਰਦ ਨੂੰ ਖਤਮ ਕਰਨ ਵਾਸਤੇ ਉਹਨਾਂ ਦੇ ਹਮਦਰਦ ਬਣ ਜਾਂਦੇ ਹਾਂ ਤਾਂ ਇਨਸਾਨੀਅਤ ਦਾ ਝੰਡਾ ਬੁਲੰਦ ਹੁੰਦਾ ਹੈ। ਧਰਮ ਦੇ ਨਾਂ ਤੇ ਬਹੁਤ ਕੁਝ ਕੀਤਾ ਜਾ ਰਿਹਾ ਹੈ ਪਰੰਤੂ ਜਿਹੜੀ ਸਿੱਖਿਆ ਮਹਾਂਪੁਰਖਾਂ ਦੁਆਰਾ ਨੇਕ ਕਰਮ ਦੀ ਸਾਨੂੰ ਦਿੱਤੀ ਗਈ ਹੈ ਉਸ ਤੋਂ ਅਸੀਂ ਪਿੱਛੇ ਰਹਿ ਜਾਂਦੇ ਹਾਂ। ਜੇਕਰ ਇਹ ਦੇਸ਼ ਕੌਮ ਤਰੱਕੀ ਦੀ ਲੀਹ ਤੇ ਪਈ ਹੋਈ ਹੈ ਤਾਂ ਉਸ ਵਿੱਚ ਉਹਨਾਂ ਸੱਜਣ ਪੁਰਸ਼ਾਂ ਦਾ ਯੋਗਦਾਨ ਹੈ ਜੋ ਹਮੇਸ਼ਾ ਆਪੇ ਤੋਂ ਉਪਰ ਉੱਠ ਕੇ ਇਹ ਸਮਾਜ ਦੇ ਭਲੇ ਲਈ ਕਾਰਜ ਕਰ ਰਹੇ ਹਨ।ਦੇਸ਼ ਦੇ ਬੌਨੇ ਅੰਗਾਂ ਨੂੰ ਵਿਕਸਿਤ ਕਰਨ ਅਤੇ ਹਨੇਰੇ ਕੋਨਿਆਂ ਨੂੰ ਰੌਸ਼ਨ ਕਰਨ ਵਾਲੇ ਕੌਮੀ ਅਧਿਆਪਕ ਪੁਰਸਕਾਰ ਜੇਤੂ ਪੰਕਜ ਕੁਮਾਰ ਗੋਇਲ ਇਹਨਾਂ ਕਰਮਯੋਗੀ ਸੱਜਣਾਂ ਵਿੱਚ ਸ਼ਾਮਿਲ ਹਨ। ਸਿੱਖਿਆ ਜਗਤ ਵਿੱਚ ਉਹਨਾਂ ਵੱਲੋਂ ਪਾਈਆਂ ਸੰਦਲੀ ਪੈੜਾਂ ਦਾ ਮਾਣ ਕਰਦਿਆਂ ਭਾਰਤ ਸਰਕਾਰ ਵੱਲੋਂ ਉਸਨੂੰ 5 ਸਤੰਬਰ, 2024 ਨੂੰ ਭਾਰਤ ਦੇ ਰਾਸ਼ਟਰਪਤੀ ਦਰੋਪਤੀ ਮੁਰਮੁ ਵਲੋਂ ਕੌਮੀ ਅਧਿਆਪਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਪੁਰਸਕਾਰ ਤੋਂ ਪਹਿਲਾਂ ਉਹ ਪੰਜਾਬ ਅਤੇ ਕੌਮੀ ਪੱਧਰ ਦੇ ਅਨੇਕਾਂ ਹੋਰ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਮਾਣ ਸਨਮਾਨ ਪ੍ਰਾਪਤ ਕਰ ਚੁਕਾ ਹੈ। ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਹ ਕਲਰਕ ਵਜੋਂ ਭਰਤੀ ਹੋਏ ਤਾਂ ਉਸਨੇ ਆਪਣੇ ਜੀਵਨ ਮਨੋਰਥ ਦਾ ਉੱਚਾ ਟੀਚਾ ਮਿਥ ਕੇ ਅੱਗੇ ਤੋਂ ਅੱਗੇ ਡਿਗਰੀਆਂ ਪ੍ਰਾਪਤ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮਿਹਨਤ ਤੇ ਲਗਨ ਨਾਲ ਪ੍ਰਾਪਤ ਕੀਤੀਆਂ ਡਿਗਰੀਆਂ ਦੇ ਸਹਾਰੇ ਉਹ ਐਸ ਐਸ ਮਾਸਟਰ ਵਜੋਂ ਤਰੱਕੀ ਕਰ ਗਏ। ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਵਿੱਚ ਆਪਣੀਆਂ ਕਲਾਤਮਿਕ ਜੁਗਤਾਂ ਨਾਲ ਵਿਦਿਆਰਥਣਾਂ ਨੂੰ ਅੱਗੇ ਤੋਂ ਅਗੇਰੇ ਤੋਰਨ ਵਿੱਚ ਸਫਲ ਹੋਏ ਪੰਕਜ ਕੁਮਾਰ ਗੋਇਲ ਦੀਆਂ ਪ੍ਰਾਪਤੀਆਂ ਦੀਆਂ ਕਹਾਣੀਆਂ ਸਕੂਲ ਦੀ ਹਰ ਕੰਧ ਅਤੇ ਹਰ ਕੋਨਾ ਪੇਸ਼ ਕਰ ਰਿਹਾ ਹੈ। ਉਹ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਸਿੱਖਿਆ ਜਗਤ ਦੀਆਂ ਨਵੀਆਂ ਤੇ ਨਰੋਈਆਂ ਯੋਜਨਾਵਾਂ ਨੂੰ ਸਿਰੇ ਚੜ੍ਹਾਉਣ ਵਿੱਚ ਦਿਨ ਰਾਤ ਇੱਕ ਕਰ ਰਿਹਾ ਹੈ।





ਜੂਨ 2016 ਤੋਂ ਪੰਕਜ ਕੁਮਾਰ ਗੋਇਲ ਸਰਕਾਰੀ ਕੰਨਿਆ ਸੈਕੰਡਰੀ ਸਕੂਲ ਬਰਨਾਲਾ ਵਿਖੇ ਆਪਣੀ ਮਿਹਨਤ ਤੇ ਲਗਨ ਦੀਆਂ ਪੈੜਾਂ ਪਾ ਰਿਹਾ ਹੈ। ਵਿਦਿਆਰਥਣਾਂ ਨੂੰ ਸਮੇਂ ਦਾ ਹਾਣੀ ਗਿਆਨ ਪ੍ਰਦਾਨ ਕਰਨ ਦੇ ਨਾਲ ਨਾਲ ਉਹਨਾਂ ਦੇ ਜੀਵਨ ਪੱਧਰ ਨੂੰ ਸੁਆਰਨ ਦਾ ਬੀੜਾ ਵੀ ਚੁਕਿਆ ਹੋਇਆ ਹੈ। ਆਪਣੇ ਵਿਸ਼ੇ ਸਮਾਜਿਕ ਵਿਗਿਆਨ ਨੂੰ ਬੱਚਿਆਂ ਲਈ ਰੌਚਕ, ਅਨੰਦਮਈ ਅਤੇ ਦਿਲਚਸਪ ਬਣਾਉਣ ਲਈ, ਸਕੂਲ ਵਿਖੇ ਵਿਸ਼ੇ ਨਾਲ ਸੰਬਧਿਤ ਵਰਕਿੰਗ ਮਾਡਲ, ਗਲੋਬ, ਸੋਲਰ ਸਿਸਟਮ, ਭਾਰਤ ਦਾ ਮੈਪ ਅਤੇ ਸਮਾਜਿਕ ਵਿਗਿਆਨ ਦਾ ਪਾਰਕ ਸਥਾਪਤ ਕੀਤਾ ਹੋਇਆ ਹੈ। ਬੱਚਿਆਂ ਨੂੰ ਰੋਲ ਪਲੇਅ, ਸਟੋਰੀ ਟੈਲਿੰਗ, ਲਰਨਿੰਗ ਬਾਈ ਡੂਇੰਗ ਨਾਲ ਪੜ੍ਹਾਇਆ ਜਾਂਦਾ ਹੈ। ਇਹਨਾਂ ਯਤਨਾਂ ਸਦਕਾ ਬੱਚਿਆਂ ਦੀ ਦਿਲਚਸਪੀ ਸਿੱਖਣ ਵਿਚ ਵਧਦੀ ਹੈ। ਲੋੜਵੰਦ ਲੜਕੀਆਂ ਦੀ ਆਰਥਿਕ ਮੱਦਦ ਦਾ ਪ੍ਰਬੰਧ ਨੈਸ਼ਨਲ ਮੀਨਜ਼ ਮੈਰਿਟ ਸਕਾਲਰਸ਼ਿੱਪ ਦੀ ਪ੍ਰੀਖਿਆ ਪਾਸ ਕਰਵਾ ਕੇ ਕੀਤਾ ਜਾ ਰਿਹਾ ਹੈ। ਅਜ ਤਕ 60 ਦੇ ਕਰੀਬ ਵਿਦਿਆਰਥਣਾ ਇਹ ਪ੍ਰੀਖਿਆ ਪਾਸ ਕਰਕੇ ਅਗਲੀ ਪੜ੍ਹਾਈ ਜਾਰੀ ਰੱਖ ਰਹੀਆਂ ਹਨ। ਇਸ ਕਾਰਜ ਨਾਲ ਵਿਦਿਆਰਥਣਾਂ ਦੀ ਪੜ੍ਹਾਈ ਵਿਚਕਾਰੋਂ ਛੱਡਣ ਦੇ ਰੁਝਾਨ ਵਿਚ ਵੀ ਗਿਰਾਵਟ ਆਈ। ਉਹ ਇਸ ਪਰੀਖਿਆ ਦੀ ਤਿਆਰੀ ਵਾਸਤੇ ਓਵਰ ਟਾਈਮ ਸ਼ਾਮ ਸਵੇਰੇ ਲਗਾਉਂਦਾ ਹੈ। ਉਸਦੀ ਕਰੜੀ ਮਿਹਨਤ ਸਦਕਾ ਹਰ ਸਾਲ ਵਿਦਿਆਰਥਣਾਂ ਇਹ ਪ੍ਰੀਖਿਆ ਸਿਰਫ ਪਾਸ ਹੀ ਨਹੀਂ ਕਰਦੀਆਂ ਸਗੋਂ ਪੰਜਾਬ ਵਿਚੋਂ ਪਹਿਲੀਆਂ ਥਾਵਾਂ ਵੀ ਪ੍ਰਾਪਤ ਕਰਦੀਆਂ ਹਨ। ਸਾਲ 2023-24 ਦੌਰਾਨ ਸਕੂਲ ਦੀਆਂ 17 ਲੜਕੀਆਂ ਨੇ ਜਿੱਥੇ ਇਹ ਪ੍ਰੀਖਿਆ ਪਾਸ ਕੀਤੀ ਉੱਥੇ ਪੰਜਾਬ ਵਿੱਚੋਂ ਪਹਿਲਾ, ਤੀਸਰਾ ਅਤੇ ਚੌਥਾ ਸਥਾਨ ਵੀ ਹਾਸਲ ਕੀਤਾ। ਲੜਕੀਆਂ ਨੂੰ ਸਮਾਜ ਵਿੱਚ ਆਪਣੇ ਪੈਰਾਂ ਤੇ ਖੜੇ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਕਜ ਨੇ ਆਪਣੀ ਜ਼ਿੰਦਗੀ ਦਾ ਇਹੀ ਉਦੇਸ਼ ਬਣਾਇਆ ਹੈ ਕਿ ਲੜਕੀਆਂ ਦੇ ਸਰਵਪੱਖੀ ਵਿਕਾਸ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

ਬੱਚਿਆਂ ਨੂੰ ਉਹਨਾਂ ਦੇ ਮਾਨਸਿਕ ਪੱਧਰ ਤੇ ਜਾ ਕੇ ਪੜ੍ਹਾਉਣ ਦੀ ਕੋਸ਼ਿਸ਼ ਨਾਲ ਨਤੀਜਿਆਂ ਵਿਚ ਬਿਹਤਰੀ ਆਈ ਹੈ। ਪਿਛਲੇ 10 ਸਾਲਾਂ ਤੋਂ ਉਸਦੇ ਸਮਾਜਿਕ ਵਿਸ਼ੇ ਦਾ ਨਤੀਜਾ ਹਮੇਸ਼ਾ 100% ਰਿਹਾ ਅਤੇ 2012 ਤੋਂ ਸਾਰੀਆਂ ਗੁਪਤ ਰਿਪੋਰਟਾਂ ਵੀ ਉੱਤਮ ਦਰਜੇ ਦੀਆਂ ਹਨ। ਉਸਦਾ ਖਿਆਲ ਹੈ ਕਿ ਬੱਚੇ ਨੂੰ ਕੇਂਦਰ ਵਿੱਚ ਰੱਖ ਕੇ ਕਾਰਜ ਕਰਨਾ ਚਾਹੀਦਾ ਹੈ। ਸਿੱਖਿਆ ਦਾ ਮਨੋਰਥ ਬੱਚਿਆਂ ਨੂੰ ਆਦਰਸ਼ ਨਾਗਰਿਕ ਬਨਾਉਣਾ ਹੈ। ਬੱਚਿਆਂ ਨੂੰ ਇਹ ਨਾ ਸਿਖਾਇਆ ਜਾਵੇ ਕਿ ਪੜ੍ਹਾਈ ਦਾ ਮਕਸਦ ਪੜ੍ਹ ਲਿਖ ਕੇ ਕਿਸੇ ਚੰਗੀ ਨੌਕਰੀ ਦੇ ਯੋਗ ਬਣਨਾ ਹੁੰਦਾ ਹੈ।ਉਹਨਾਂ ਦੀ ਸ਼ਖਸੀਅਤ ਦਾ ਅਜਿਹੇ ਢੰਗ ਨਾਲ ਨਿਰਮਾਣ ਕੀਤਾ ਜਾਵੇ ਕਿ ਉਹ ਆਦਰਸ਼ ਨਾਗਰਿਕ ਬਣ ਸਕਣ। ਉਸਦਾ ਯਤਨ ਉਹਨਾਂ ਦੇ ਬੌਧਿਕ, ਮਾਨਸਿਕ, ਸਰੀਰਕ ਵਿਕਾਸ ਅਤੇ ਮਾਨਵੀ ਗੁਣਾਂ ਨੂੰ ਪ੍ਰਫੁੱਲਿਤ ਕਰਨਾ ਹੈ।

ਪੰਕਜ ਕੁਮਾਰ ਗੋਇਲ ਦਾ ਜਨਮ ਸੰਗਰੂਰ ਵਿਚ ਪਿਤਾ ਰਾਮ ਲਾਲ ਅਤੇ ਮਾਤਾ ਕਾਂਤਾ ਕੁਮਾਰੀ ਦੇ ਘਰ 28 ਸਤੰਬਰ 1979 ਨੂੰ ਹੋਇਆ। ਬਚਪਨ ਵਿਚ ਹੀ ਹੋਣਹਾਰ ਹੋਣ ਕਰਕੇ ਹਰ ਕਾਰਜ ਨੂੰ ਬੜੀ ਤਰਤੀਬ ਨਾਲ ਕਰਦਾ ਸੀ। ਪੰਕਜ ਨੇ ਮਿਹਨਤ ਦੀ ਗੁੜ੍ਹਤੀ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ ਜੋ ਸਾਰੀ ਉਮਰ ਬੱਚਿਆ ਦੀ ਬਿਹਤਰੀ ਲਈ ਕਾਰਜਸ਼ੀਲ ਰਹੇ। ਇਸੇ ਤਰ੍ਹਾਂ ਪੰਜਾਬੀ ਦੀ ਸੇਵਾ ਮੁਕਤ ਲੈਕਚਰਾਰ ਮਾਤਾ ਨੇ ਵੀ ਉਸਦੀ ਨਰੋਈ ਸ਼ਖਸ਼ੀਅਤ ਘੜਨ ਵਿਚ ਅਹਿਮ ਯੋਗਦਾਨ ਪਾਇਆ। ਵਿਗਿਆਨਕ ਸੋਚ ਵਾਲੀ ਜੀਵਨ ਸਾਥਣ ਅਨੀਤਾ ਗਰਗ ਸਕੂਲ ਦੇ ਕਾਰਜਾਂ ਵਿਚ ਉਸ ਨਾਲ ਮੋਢਾ ਜੋੜ ਕੇ ਚੱਲਦੀ ਹੈ। ਉਹ ਦਸੰਬਰ ਦੀਆਂ ਛੁੱਟੀਆਂ ਦੌਰਾਨ ਸਕੂਲ ਦੇ ਬੱਚਿਆਂ ਨੂੰ ਸਪੈਸ਼ਲ ਕੋਚਿੰਗ ਦਿੰਦਾ ਹੈ ਜਿਸ ਨਾਲ ਪਰਿਵਾਰਕ ਜ਼ਿੰਮੇਵਾਰੀਆਂ ਅਨੀਤਾ ਵਲੋਂ ਹੀ ਨਿਭਾਈਆਂ ਜਾਂਦੀਆਂ ਹਨ।

ਗਾਂਧੀ ਆਰਿਆ ਹਾਈ ਸਕੂਲ ਬਰਨਾਲਾ ਤੋਂ ਦਸਵੀਂ ਪਾਸ ਕਰਕੇ ਪਿਤਾ ਜੀ ਦੀ ਮੌਤ ਕਾਰਨ 2001 ਵਿੱਚ ਕਲਰਕ ਵਜ਼ੋਂ ਭਰਤੀ ਹੋ ਗਿਆ। ਨੌਕਰੀ ਦੌਰਾਨ ਗ੍ਰੈਜੂਏਸ਼ਨ ਅਤੇ ਬੀ ਐਡ ਦੀ ਪੜ੍ਹਾਈ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਕਰਕੇ ਜੂਨ 2010 ਵਿੱਚ ਐਸ ਐਸ ਮਾਸਟਰ ਬਣ ਗਿਆ। ਇਸ ਤੋਂ ਬਾਅਦ ਇੰਗਲਿਸ਼ ਅਤੇ ਪੋਲੀਟੀਕਲ ਸਾਇੰਸ ਦੀਆਂ ਮਾਸਟਰ ਡਿਗਰੀਆਂ ਵੀ ਪਾਸ ਕਰ ਲਈਆਂ। ਪਰਿਵਾਰਕ ਫੁਲਵਾੜੀ ਵਿਚ ਬੇਟੀ ਧਰਿਤੀ ਗੁਪਤਾ ਐਮ ਬੀ ਬੀ ਐਸ ਅਤੇ ਬੇਟਾ ਜੀਵਿਤੇਸ਼ ਗੋਇਲ ਮੈਡੀਕਲ ਦੀ ਪੜ੍ਹਾਈ ਕਰ ਰਿਹਾ ਹੈ। ਪੰਕਜ ਜੂਨ 2016 ਤੋਂ ਬਰਨਾਲੇ ਦੇ ਕੰਨਿਆ ਸਕੂਲ ਵਿਚ ਆਪਣੇ ਨਿਵੇਕਲੇ ਕਾਰਜਾਂ ਦੀ ਮਹਿਕ ਵੰਡ ਰਿਹਾ ਹੈ। ਸਕੂਲ ਦਾ ਹਰ ਕੋਨਾ ਉਸ ਦੁਆਰਾ ਸਿੱਖਿਆ ਪੱਖੀ ਸਿਰਜੇ ਵਾਤਾਵਰਣ ਦੀ ਬਾਤ ਪਾਉਂਦਾ ਹੈ।

ਇਸ ਮੁਕਾਮ ਤੱਕ ਪਹੁੰਚਾਉਣ ਵਿਚ ਉਸਦੇ ਰਹਿਬਰ ਡਾ. ਰਾਕੇਸ਼ ਜਿੰਦਲ ਨੇ ਅਹਿਮ ਭੂਮਿਕਾ ਨਿਭਾਈ ਹੈ। ਪ੍ਰਿੰਸੀਪਲ ਵਿਨਸੀ ਜਿੰਦਲ ਵਲੋਂ ਮਿਲੀ ਪ੍ਰੇਰਨਾ ਅਤੇ ਸਰਪਰਸਤੀ ਨੇ ਉਸਨੂੰ ਇਹਨਾਂ ਬੁਲੰਦੀਆਂ ਤੇ ਪਹੁੰਚਾਇਆ ਹੈ। ਉਸਨੂੰ ਸੰਗੀ ਸਾਥੀਆਂ ਦਾ ਸਹਿਯੋਗ ਕਰਨਾ ਅਤੇ ਸਹਿਯੋਗ ਲੈਣਾ ਵੀ ਆਉਂਦਾ ਹੈ।ਇਸੇ ਕਰਕੇ ਉਹ ਮਾਪਿਆਂ, ਅਧਿਆਪਕਾਂ ਅਤੇ ਬੱਚਿਆਂ ਵਿਚ ਬਰਾਬਰ ਸਤਿਕਾਰਿਆਂ ਜਾਣ ਵਾਲਾ ਹਰਮਨ ਪਿਆਰਾ ਅਧਿਆਪਕ ਹੈ।

ਉਹ ਵੱਡੇ ਵੀਰਾਂ ਵਰਗੇ ਦੋਸਤ ਰਵਿੰਦਰ ਸ਼ਰਮਾ ਅਤੇ ਪਰਦੀਪ ਕੁਮਾਰ ਦੇ ਸਹਿਯੋਗ ਨੂੰ ਕਦੀ ਨਹੀਂ ਭੁਲਾਉਂਦਾ। ਉਸਦੇ ਮੁੱਖ ਸ਼ੌਂਕ ਬੱਚਿਆਂ ਨੂੰ ਪੜਾਉਣਾ, ਪੀ ਪੀ ਟੀ ਤਿਆਰ ਕਰਨਾ, ਸਮੇਂ ਤੋਂ ਬਾਅਦ ਸਕੂਲ ਵਿਖੇ ਕਾਰਜਸ਼ੀਲ ਰਹਿਣਾ, ਯੂ ਟਿਊਬ ਲਈ ਸਮਾਜਿਕ ਵਿਗਿਆਨ ਦੀਆਂ ਵੀਡੀਓਜ਼ ਤਿਆਰ ਕਰਨਾ, ਕ੍ਰਿਕਟ ਖੇਡਣਾ ਅਤੇ ਆਮ ਗਿਆਨ ਦੀਆਂ ਕਿਤਾਬਾਂ ਪੜ੍ਹਨਾ ਹੈ। ਪੰਕਜ ਗੋਇਲ ਦੇ ਜੀਵਨ ਦਾ ਮਨੋਰਥ ਮਹਿਲਾਵਾਂ ਨੂੰ ਆਤਮ ਨਿਰਭਰ ਬਨਾਉਂਣਾ ਹੈ ਜਿਸ ਵਾਸਤੇ ਉਹ ਲੜਕੀਆਂ ਨੂੰ ਬੁਧੀਮਾਨ ਅਤੇ ਹਿੰਮਤੀ ਬਨਾਉਣ ਵਿਚ ਜੁਟਿਆ ਹੋਇਆ ਹੈ। ਉਸਦੀ ਹਿੰਮਤ ਅਤੇ ਲਗਨ ਅਧਿਆਪਕਾਂ ਅਤੇ ਵਿਭਾਗ ਲਈ ਇਕ ਰਾਹ ਦਸੇਰੇ ਦਾ ਕੰਮ ਕਰ ਰਹੀ ਹੈ।

**– ਬਲਜਿੰਦਰ ਮਾਨ 98150 18947**

# ਬਲਜਿੰਦਰ ਮਾਨ ਦੀ ਵਰਤਕ ਪੁਸਤਕ 'ਗਿਆਨ ਦੇ ਗਹਿਣੇ ' ਖਾਲਸਾ ਕਾਲਜ ਮਾਹਿਲਪੁਰ ਵਿੱਚ ਜਾਰੀ

**ਮਾਹਿਲਪੁਰ (ਮਾਨ)–** ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ (ਇਕਾਈ ਮਾਹਿਲਪੁਰ) ਦੇ ਸਹਿਯੋਗ ਨਾਲ ਕਰਵਾਏ ਸਾਹਿਤਕ ਸਮਾਰੋਹ ਮੌਕੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਦੀ ਵਾਰਤਕ ਪੁਸਤਕ 'ਗਿਆਨ ਦੇ ਗਹਿਣੇ' 'ਦਾ ਲੋਕ ਅਰਪਣ ਅਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵੱਜੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਸ਼ਿਰਕਤ ਕੀਤੀ। ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿੱਚ ਸਿੱਖ ਵਿੱਦਿਅਕ ਕੌਂਸਲ ਦੇ ਸਕੱਤਰ ਪ੍ਰੋ ਅਪਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਬੈਂਸ,ਕੁਲਵਿੰਦਰ ਸਿੰਘ ਜੰਡਾ, ਪ੍ਰਿੰ ਡਾ. ਪਰਵਿੰਦਰ ਸਿੰਘ, ਡਾ. ਧਰਮਪਾਲ ਸਾਹਿਲ, ਲੇਖਕ ਬਲਜਿੰਦਰ ਮਾਨ ਅਤੇ ਪ੍ਰਿੰ ਜਗਮੋਹਨ ਸਿੰਘ ਬੱਡੋਂ ਹਾਜ਼ਰ ਹੋਏ।




ਸਮਾਰੋਹ ਦੇ ਆਰੰਭ ਮੌਕੇ ਕਾਲਜ ਦੇ ਪ੍ਰਿੰ ਪਰਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਅਜਿਹੇ ਸਮਾਰੋਹਾਂ ਦਾ ਹਿੱਸਾ ਬਣ ਕੇ ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਦਾ ਸੱਦਾ ਦਿੱਤਾ। ਸਮਾਰੋਹ ਦੇ ਮੁੱਖ ਬੁਲਾਰੇ ਵੱਜੋਂ ਹਾਜ਼ਰ ਲੇਖਕ ਡਾ ਧਰਮਪਾਲ ਸਾਹਿਲ ਨੇ ਕਿਹਾ ਕਿ ਇਹ ਪੁਸਤਕ ਗਿਆਨ, ਵਿਗਿਆਨ, ਸਾਹਿਤ ਅਤੇ ਸਮਾਜ ਦੇ ਵੱਖ ਵੱਖ ਸਰੋਕਾਰਾਂ ਨਾਲ ਜੁੜੀ ਜੁੜੀ ਹੈ ਜਿਹੜਾ ਹਰ ਵਰਗ ਦੇ ਪਾਠਕਾਂ ਲਈ ਲਾਹੇਵੰਦ ਹੈ। ਉਨ੍ਹਾਂ ਕਿਹਾ ਕਿ ਕਿਤਾਬ ਚੰਗਾ ਸਮਾਜ ਸਿਰਜਣ ਦਾ ਸੁਨੇਹਾ ਦਿੰਦੀ ਖੂਬਸੂਰਤ ਵਾਰਤਕ ਸ਼ੈਲੀ ਦਾ ਪ੍ਰਗਟਾਵਾ ਵੀ ਕਰਦੀ ਹੈ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁੱਖੀ ਡਾ ਜੇ ਬੀ ਸੇਖੋਂ ਨੇ ਬਲਜਿੰਦਰ ਮਾਨ ਦੀ ਸੰਪਾਦਨਾ ਹੇਠ 1995 ਤੋਂ ਛੱਪ ਰਹੇ ਬਾਲ ਮੈਗਜ਼ੀਨ 'ਨਿੱਕੀਆਂ ਕਰੂੰਬਲਾਂ' ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਿਹਾ ਕਿ ਲਹਿੰਦੇ ਪੰਜਾਬ ਵਿੱਚ 1996 ਤੋਂ ਅਸ਼ਰਫ ਸੁਹੇਲ 'ਪੰਖੇਰੂ' ਮੈਗਜ਼ੀਨ ਅਤੇ ਚੜ੍ਹਦੇ ਪੰਜਾਬ ਵਿੱਚ ਬਲਜਿੰਦਰ ਮਾਨ ਆਪਣੇ ਮੈਗਜ਼ੀਨ ਨਾਲ ਪੰਜਾਬੀ ਬਾਲ ਸੰਸਾਰ ਨੂੰ ਵੱਡਾ ਯੋਗਦਾਨ ਪਾ ਰਹੇ ਹਨ।

# ਵੈਨਿਸ ਸ਼ਹਿਰ ਦਾ ਪਹਿਚਾਣ ਚਿੰਨ੍ਹ ਗੌਂਡਲਾ ਕਿਸ਼ਤੀਆਂ

ਬਲਰਾਜ ਸਿੰਘ ਸਿੱਧੂ, ਯੂ. ਕੇ.

ਗੌਂਡਲਾ (ਅਸਲ ਸ਼ਬਦ ਗੰਡੋਲਾ), ਇੱਕ ਪਰੰਪਰਾਗਤ, ਚਪਟੇ-ਤਲ ਵਾਲੀ ਵੈਨੀਸ਼ੀਅਨ ਲੱਕੜ ਦੀ ਚੱਪੂ ਕਿਸ਼ਤੀ ਹੈ, ਜੋ ਵੈਨੀਸ਼ੀਅਨ ਝੀਲ ਦੀਆਂ ਸਥਿਤੀਆਂ ਦੇ ਅਨੁਕੂਲ ਹੈ। ਵੈਨਿਸ ਵਿੱਚ ਸੜਕਾਂ ਦੀ ਅਣਹੋਂਦ ਕਾਰਨ ਸਥਾਨਕ ਨਿਵਾਸੀ ਘੋੜਿਆਂ ਦੀ ਵਰਤੋਂ ਨਹੀਂ ਕਰ ਸਕਦੇ ਸਨ। ਤੰਗ ਨਹਿਰਾਂ ਲਈ ਇੱਕ ਪਤਲੇ ਅਤੇ ਸਮਤਲ ਤਲੇ ਵਾਲੀ ਗਤੀਵਾਨ ਕਿਸ਼ਤੀ ਦੀ ਲੋੜ ਸੀ। ਵੈਨੀਸ਼ੀਅਨ ਗੌਂਡਲਾ ਨਿਸ਼ਚਤ ਤੌਰ 'ਤੇ ਉਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਜਵਾਬ ਦਿੰਦਾ ਹੈ। ਵਰਣਨਯੋਗ ਹੈ ਕਿ ਅੱਜ ਵੀ ਵੈਨਿਸ ਦੀਆਂ ਭੀੜੀਆਂ ਗਲੀਆਂ ਵਿੱਚ ਕਾਰਾਂ ਜਾਂ ਮੋਟਰਸਾਇਕਲ ਨਹੀਂ ਚੱਲਦੇ ਹਨ, ਬਲਕਿ ਪੈਦਲ ਹੀ ਤਰਨਾ ਪੈਂਦਾ ਹੈ। ਐਂਮਬੂਲੈਂਸ, ਫਇਰਬ੍ਰਿਗੇਡ, ਪੁਲਿਸ, ਡਾਕ ਸੇਵਾ, ਸਫਾਈ ਸੇਵਾ ਆਦਿਕ ਸਭ ਕੰਮ ਕਿਸ਼ਤੀਆਂ ਰਾਹੀਂ ਹੀ ਹੁੰਦੇ ਹਨ। ਇੱਥੋਂ ਤੱਕ ਕਿ ਵੱਡੇ ਨੌਕਰੀ ਤੇ ਬੱਚੇ ਸਕੂਲ ਵੀ ਕਿਸ਼ਤੀ ਰਾਹੀਂ ਰੋਜ ਸਫਰ ਕਰਕੇ ਜਾਂਦੇ ਹਨ। ਵੈਨੀਸ਼ੀਅਨਾਂ ਦੇ ਵਿਆਹਾਂ ਅਤੇ ਮੌਤ ਸਮੇਂ ਵੀ ਗੌਂਡਲਾ ਹੀ ਵਰਤਿਆ ਜਾਂਦਾ ਹੈ। ਇੱਥੋਂ ਤੱਕ ਕਿ ਵੈਨੀਸ਼ਅਨ ਚੋਬਰ ਟਾਇਮ ਚੁੱਕਣ ਵੀ ਕਿਸ਼ਤੀਆਂ ’ਤੇ ਜਾਂਦੇ ਹਨ। ਗੌਂਡਲਾ ਵਿੱਚ ਇੱਕ ਸਮੇਂ ਵੱਧ-ਵੱਧ ਛੇ ਸਵਾਰੀਆਂ ਬੈਠ ਸਕਦੀਆਂ ਹਨ।








ਗੌਂਡਲਾ ਦੀ ਬਣਤਰ ਕੇਲੇ ਵਰਗੀ ਹੁੰਦੀ ਹੈ। ਇਸ ਪਾਸੇ ਤੋਂ ਦੇਖਣ ਨੂੰ ਇਸ ਕਿਸ਼ਤੀ ਦੇ ਦੋਨੋਂ ਕਿਨਾਰੇ ਇੰਝ ਲੱਗਦੇ ਹੁੰਦੇ ਹਨ ਜਿਵੇਂ ਕਿਸੇ ਸ਼ੌਕੀਨ ਨੇ ਮੁੱਛ-ਮਰੋੜ ਲਗਾਕੇ ਮੁੱਛਾਂ ਕੁੰਢੀਆਂ ਕੀਤੀਆਂ ਹੋਣ। ਗੌਂਡਲਾ, ਮਹਿਜ਼ ਕਿਸ਼ਤੀ ਨਾ ਹੋ ਕੇ ਵੈਨਿਸ ਦਾ ਪ੍ਰਤੀਕ ਹੈ। ਗੌਂਡਲਾ ਦੀ ਵਿਲੱਖਣਤਾ ਇਸਦੇ ਸੀਮਿਤ ਅਕਾਰ ਵਿੱਚ ਹੈ। ਵੈਨਿਸ ਦੀਆਂ ਤੰਗ ਨਹਿਰਾਂ ਅਤੇ ਕੱਸੀਆਂ ਵਿੱਚ ਜਦੋਂ ਗੌਂਡਲਾ ਕਿਸ਼ਤੀ ਸੱਪ ਵਾਂਗ ਮੇਲਦੀ ਜਾਂਦੀ ਹੈ ਤਾਂ ਇੱਕ ਵੱਖਰਾ ਹੀ ਨਜ਼ਾਰਾ ਸਿਰਜਦੀ ਹੈ। ਸਦੀਆਂ ਤੋਂ ਗੌਂਡਲਾ ਆਵਾਜਾਈ ਦਾ ਇੱਕ ਪ੍ਰਮੁੱਖ ਸਾਧਨ ਅਤੇ ਵੈਨਿਸ ਦੇ ਅੰਦਰ ਸਭ ਤੋਂ ਆਮ ਜਲ-ਸ਼ਿਲਪਕਾਰੀ ਰਿਹਾ ਹੈ। ਗੌਂਡਲਾ ਵੈਨੀਸ਼ੀਅਨਾਂ ਦੀ ਅਨਮੋਲ ਵਿਰਾਸਤ ਹੈ।

ਗੌਂਡਲਾ ਕਿਸ਼ਤੀਆਂ ਦੀ ਉਤਪਤੀ ਦਾ ਅਸਲ ਸਮਾਂ ਇਤਿਹਾਸਕਾਰਾਂ ਲਈ ਅਜੇ ਵੀ ਰਹੱਸ ਵਿੱਚ ਘਿਰਆ ਹੋਇਆ ਹੈ, ਹਾਲਾਂਕਿ ਵਿਦਵਾਨ ਸੁਝਾਅ ਦਿੰਦੇ ਹਨ ਕਿ ਇਸਦੀ ਪਹਿਲੀ ਵਾਰ ਵਰਤੋਂ ਛੇਵੀਂ ਸਦੀ ਤੋਂ ਆਰੰਭ ਹੋਈ ਸੀ। ਤੁਰਕੀ, ਗ੍ਰੀਸ ਅਤੇ ਮਾਲਟਾ ਆਦਿਕ ਬਹੁਤ ਦੇਸ਼ ਸਾਰੇ ਦਾਅਵਾ ਕਰਦੇ ਹਨ ਕਿ ਗੰਡੋਲਾ ਉਨ੍ਹਾਂ ਦੀ ਧਰਤੀ ਤੋਂ ਪੈਦਾ ਹੋਇਆ ਸੀ। ਲੇਕਿਨ ਵੈਨਿਸ ਦਾ ਤਾਂ ਗੌਂਡਲਾ ਪਹਿਚਾਣ ਚਿੰਨ੍ਹ ਹੈ। ਗੌਂਡਲਾ ਬਿਨਾ ਤਾਂ ਤੁਸੀਂ ਵੈਨਿਸ ਸ਼ਹਿਰ ਦਾ ਤਸੱਵਰ ਵੀ ਨਹੀਂ ਕਰ ਸਕਦੇ।

ਗੌਂਨ ਅਤੇ ਗੌਂਡ ਸ਼ਬਦ ਦਾ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਅਰਥ ਪ੍ਰਕ੍ਰਿਤੀ ਤੋਂ ਜਾਣੂ ਪਹਾੜਾਂ ਜਾਂ ਵਾਦੀਆਂ ਵਿੱਚ ਰਹਿਣ ਵਾਲਾ ਮਨੁੱਖ ਹੁੰਦਾ ਹੈ। ਭਾਰਤ ਵਿੱਚ ਡੋਲਾ ਅਤੇ ਡੋਲੀ ਸ਼ਬਦ ਫਾਰਸੀ ਭਾਸ਼ਾ ਵਿੱਚੋਂ ਆਏ ਹਨ। ਡੋਲਾ ਪਰਦੇ ਵਾਲਾ ਕਖਸ਼ ਜਾਂ ਕੈਬਿਨ ਹੁੰਦਾ ਹੈ। ਇਸ ਪ੍ਰਕਾਰ ਗੌਂਡਲਾ ਸ਼ਬਦ ਦਾ ਅਰਥ ਬਣਦਾ ਹੈ ਕਿ ਕਿਸੇ ਵਿਅਕਤੀ, ਜੀਵ ਜਾਂ ਵਸਤੂ ਨੂੰ ਅਰਾਮਦਾਇਕ ਸਥਿਤੀ ਵਿੱਚ ਇੱਕ ਥਾਂ ਤੋਂ ਦੂਜੀ ਜਗ੍ਹਾ ਲਿਜਾਣ ਵਾਲੀ ਸਵਾਰੀ ਜਾਂ ਸਾਧਨ।

ਇਹ ਮੰਨਿਆ ਜਾਂਦਾ ਹੈ ਕਿ 1094 ਈ: ਵਿੱਚ ਵੈਨਿਸ ਦੇ ਡੋਜ਼ੇ (ਸ਼ਾਸਕ) ਵਿਟਾਲੇ ਫਾਲੀਏਰੋ (Vitale Faliero) ਨੇ ਲੋਕਾਂ ਨੂੰ ਲਿਖੇ ਇੱਕ ਸੰਦੇਸ਼ ਪੱਤਰ ਵਿੱਚ ਇੱਕ ਗੌਂਡੋਲਮ ਦਾ ਜ਼ਿਕਰ ਕੀਤਾ ਸੀ, ਜਿੱਥੇ ਨਾਗਰਿਕਾਂ ਨੂੰ ਨਹਿਰਾਂ ਵਿੱਚ ਆਵਾਜਾਈ ਕਰਨ ਲਈ ਗੌਂਡਲਾ ਕਿਸ਼ਤੀਆਂ ਦਿੱਤੀਆਂ ਗਈਆਂ ਸਨ। ਸ਼ੁਰੂ ਵਿੱਚ ਇਹ ਗੌਂਡਲਾ ਸਿਰਫ ਕੁਲੀਨ ਅਤੇ ਉੱਚ-ਵਰਗ ਲੋਕਾਂ ਨੂੰ ਦਿੱਤੇ ਜਾਦੇ ਸਨ। ਗੌਂਡਲਾ ਅਮੀਰੀ ਅਤੇ ਰੁਤਬੇ ਦਾ ਚਿੰਨ੍ਹ ਮੰਨਿਆ ਜਾਂਦਾ ਸੀ। ਗੌਂਡਲਾ ਦੀ ਸਵਾਰੀ ਦੀ ਤਲਨਾ ਤੁਸੀਂ ਲਿਮੋਜ਼ੀਨ ਨਾਲ ਕਰ ਸਕਦੇ ਹੋ ਤੇ ਵੈਨਿਸ ਵਿੱਚ ਅੱਜ ਵੀ ਨਿੱਜੀ ਕਿਸ਼ਤੀ ਰੱਖਣਾ ਪ੍ਰਾਇਵੇਟ ਜੈੱਟ ਰੱਖਣ ਸਮਾਨ ਹੈ। ਕਿਉਂਕਿ ਕਿਸ਼ਤੀ ਨੂੰ ਰਾਤ ਸਮੇਂ ਪਾਰਕ ਕਰਨ ਦੀ ਇੱਕ ਵੱਡੀ ਸਮੱਸਿਆ ਹੈ। ਵੈਸੇ ਕੁਝ ਅਮੀਰ ਲੋਕਾਂ ਨੇ ਆਪਣੇ ਘਰਾਂ ਵਿੱਚ ਗੈਰਾਜ ਬਣਾ ਕੇ ਨਿੱਜੀ ਕਿਸ਼ਤੀਆਂ ਰੱਖੀਆਂ ਵੀ ਹੋਈਆਂ ਹਨ।

ਆਧੁਨਿਕ ਸਮਿਆਂ ਵਿੱਚ, ਵੈਨਿਸ ਸ਼ਹਿਰ ਵਿੱਚ ਜਨਤਕ ਆਵਾਜਾਈ ਲਈ ਗੌਂਡਲਾ ਕਿਸ਼ਤੀਆਂ ਦੀ ਅਜੇ ਵੀ ਅਹਿਮ ਭੂਮਿਕਾ ਹੈ, ਜੋ ਕਿ ਸਮੁੰਦਰੀ ਜਹਾਜ਼ਾਂ ਦੁਆਰਾ ਸੰਚਾਲਿਤ ਗ੍ਰੈਂਡ ਕੈਨਾਲ (ਮੁੱਖ ਨਹਿਰ) ਉੱਤੇ ਟ੍ਰੈਗੇਟੀ (Regattas -ਛੋਟੀਆਂ ਕਿਸ਼ਤੀਆਂ) ਵਜੋਂ ਕੰਮ ਕਰਦੀਆਂ ਹਨ। ਹਾਲਾਂਕਿ, ਅੱਜ ਗੌਂਡਲਾ ਕਿਸ਼ਤੀਆਂ ਦਾ ਮੁੱਖ ਕਾਰਜ ਸੈਲਾਨੀਆਂ ਨੂੰ ਤੈਅ ਦਰਾਂ (ਇੱਕ ਸੌ ਦਸ ਯੂਰੋ ਪ੍ਰਤੀ ਘੰਟਾ) 'ਤੇ ਨਹਿਰਾਂ ਰਾਹੀਂ ਵੈਨਿਸ ਦੀ ਸੈਰ ਕਰਵਾਉਣਾ ਹੈ। ਲੇਕਿਨ ਸਥਾਨਕ ਲੋਕ ਗੌਂਡਲਾ ਦੀ ਸਵਾਰੀ ਮਹਿੰਗੀ ਹੋਣ ਕਰਕੇ ਨਹੀਂ ਕਰਦੇ। ਉਹ ਪਾਣੀ ਵਾਲੀ ਬੱਸ ਵੈਪਰੇਟੋ (ਵੱਡੀ ਮੋਟਰ ਕਿਸ਼ਤੀ) ਦਾ ਇਸਤਮਾਲ ਕਰਦੇ ਹਨ ਜਾਂ ਪਾਣੀ ਵਾਲੀ ਟੈਕਸੀ (ਛੋਟੀ ਮੋਟਰ ਕਿਸ਼ਤੀ) ਵਰਤ ਲੈਂਦੇ ਹਨ। ਇਹ ਜਨਤਕ ਕਿਸ਼ਤੀਆਂ ਅਕਸਰ, ਤੇਜ਼ ਅਤੇ ਬਹੁਤ ਸਸਤੀਆਂ ਹੁੰਦੀਆਂ ਹਨ। ਆਮ ਤੌਰ 'ਤੇ ਗੌਂਡਲਾ ਸਿਰਫ਼ ਸੈਲਾਨੀਆਂ ਦੇ ਸ਼ੌਂਕ ਪੂਰਾ ਕਰਨ ਅਤੇ ਆਨੰਦਮਈ ਸੈਰ ਲਈ ਹੀ ਰਹਿ ਗਿਆ ਹੈ।

ਅਤੀਤ ਵਿਚ ਗੌਂਡਲਾ ਵੱਖੋ-ਵੱਖਰੇ ਅਕਾਰ, ਸ਼ਕਲ ਅਤੇ ਰੰਗਾਂ ਦੇ ਹੁੰਦੇ ਸਨ। ਸੋਲਵੀਂ ਸਦੀ ਤੱਕ, ਗੌਂਡਲਾ ਇੰਨੇ ਬੇਮਿਸਾਲ ਅਤੇ ਸਜਾਵਟੀ ਬਣ ਗਏ ਸਨ ਕਿ ਵੈਨਿਸ਼ੀਅਨ ਅਧਿਕਾਰੀਆਂ ਨੇ ਕਿਸੇ ਵੀ ਤਰ੍ਹਾਂ ਦੇ ਸਾਰੇ ਵਿਖਾਵੇ 'ਤੇ ਪਾਬੰਦੀ ਲਗਾ ਦਿੱਤੀ ਸੀ। ਉਦੋਂ ਤੋਂ ਗੌਂਡਲਾ ਕਿਸ਼ਤੀਆਂ ਇਕਸਾਰ ਕਾਲੀਆਂ ਹਨ। ਹਾਲਾਂਕਿ, ਕੁਝ ਨੂੰ ਰਚਨਾਤਮਕ ਲਾਇਸੈਂਸ ਲੈਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਮਸਲਨ ਗੌਂਡਲਾ ਦੀ ਤਿਰਛੀ ਪੂਛ ਰੱਖਣੀ, ਸਮੁੰਦਰੀ ਘੋੜਿਆਂ ਦੀ ਜੋੜੀ ਨਾਲ ਸਜਾਉਣਾ ਜਾਂ ਵੰਨ-ਸੁਵੱਨੇ ਫੇਰੋ ਰੱਖਣਾ। ਲੇਕਿਨ ਇਸ ਲਈ ਅਗਾਉਂ ਸਲਾਨਾ ਜੁਰਮਾਨਾ ਭਰਨਾ ਪੈਂਦਾ ਹੈ। ਇਹ ਸਜਾਵਟੀ ਵਿਸ਼ੇਸ਼ਤਾਵਾਂ ਅੱਜ ਦੇਖੀਆਂ ਜਾਣ ਵਾਲੀਆਂ ਕਿਸ਼ਤੀਆਂ ਵਿੱਚ ਆਮ ਹਨ। ਕਿਉਂਕਿ ਫੋਟੋਆਂ ਅਤੇ ਵਿਡੀਉ ਬਣਾਉਣ ਦੇ ਸ਼ੌਂਕਨ ਸੁੰਦਰ ਦਿੱਖ ਵਾਲੇ ਗੌਂਡਲਾ ਦੀ ਚੋਣ ਕਰਦੇ ਹਨ। ਇਸੇ ਲਈ ਗੌਂਡੀਲੀਅਰ ਜੁ-ਰਮਾਨਾ ਭਰਕੇ ਆਪਣੀਆਂ ਕਿਸ਼ਤੀਆਂ ਨੂੰ ਸੀਮਿਤ ਹੱਦ ਤੱਕ ਸਜਾਉਣਾ ਘਾਟੇ ਦਾ ਸੌਦਾ ਨਹੀਂ ਸਮਝਦੇ।



ਗੌਂਡਲਾ, ਸਤਾਰਵੀਂ ਅਤੇ ਅਠਾਰਵੀਂ ਸਦੀ ਤੱਕ ਤੇਜ਼ੀ ਨਾਲ ਮਕਬੂਲ ਹੋਈਆਂ ਸਨ ਅਤੇ ਵੈਨਿਸ ਵਿੱਚ ਲਗਭਗ ਦਸ ਹਜ਼ਾਰ ਗੌਂਡਲਾ ਵਰਤੇ ਜਾ ਰਹੇ ਸਨ। ਉਨੀਵੀਂ ਸਦੀ ਦੇ ਅੰਤ ਤੱਕ ਮੋਟਰ ਕਿਸ਼ਤੀਆਂ ਆਉਣ ਨਾਲ ਗੌਂਡਲਿਆਂ ਦਾ ਆਕਰਸ਼ਨ ਘੱਟਣ ਲੱਗ ਪਿਆ ਸੀ। ਹਾਲਾਂਕਿ ਬਹੁਤ ਸਾਰੇ ਗੌਂਡਲਾ ਗੁੰਝਲਦਾਰ ਢੰਗ ਨਾਲ ਸਜਾਏ ਗਏ ਸਨ ਅਤੇ ਦੇਖਣ ਲਈ ਸੁੰਦਰ ਸਨ, ਲੇਕਿਨ ਮੋਟਰ ਕਿਸ਼ਤੀਆਂ ਉਹਨਾਂ ਦਾ ਇੱਕ ਨਵਾਂ ਵਿਰੋਧੀ ਸੀ। ਭਾਫ਼ ਨਾਲ ਚੱਲਣ ਵਾਲੀਆਂ ਕਿਸ਼ਤੀਆਂ ਤੇਜ਼ ਸਨ ਅਤੇ ਜ਼ਿਆਦਾ ਲੋਕਾਂ ਨੂੰ ਲੈ ਜਾਂਦੇ ਸਨ। ਤਕਨਾਲੋਜੀ ਨੇ ਗੌਂਡਲਿਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਗਿਰਾਵਟ ਪੈਦਾ ਕਰਨੀ ਆਰੰਭ ਦਿੱਤੀ ਸੀ।

ਇਸ ਸਮੇਂ (ਮਾਰਚ 2024) ਵੈਨਿਸ ਵਿੱਚ ਲਗਭਗ 430 ਲਾਇਸੰਸਸ਼ੁਦਾ ਗੌਂਡਲੀਅਰ ਅਤੇ 400 ਗੌਂਡਲਾ ਕਿਸ਼ਤੀਆਂ ਹਨ। ਇੱਕ ਸਮੇਂ ਸਿਰਫ 100 ਗੌਂਡਲਾ ਹੀ ਵੈਨਿਸ ਦੀਆਂ ਨਹਿਰਾਂ ਵਿੱਚ ਠਿੱਲ ਸਕਦੀਆਂ ਹਨ। ਇਸ ਲਈ ਸਾਰੇ ਗੌਂਡਲੀਅਰਾਂ ਨੂੰ ਰੋਜਗਾਰ ਦਾ ਮੌਕਾ ਬਰਾਬਰ ਮੁਹੱਈਆਂ ਕਰਵਾਉਣ ਲਈ ਸਰਕਾਰ ਨੇ ਸੌ-ਸੌ ਦੇ ਟੋਲੇ ਬਣਾ ਕੇ ਉਨ੍ਹਾਂ ਦੇ ਸਮੇਂ ਵੰਡੇ ਹੋਏ ਹਨ। ਬਾਕੀ ਦੇ ਬੱਚਦੇ 30 ਗੌਂਡਲੀਅਰਾਂ ਨੂੰ ਕਿਸੇ ਦੇ ਬਿਮਾਰ ਜਾਂ ਛੁੱਟੀ ਲੈਣ ’ਤੇ ਮੌਕਾ ਦਿੱਤਾ ਜਾਂਦਾ ਹੈ।

ਗੌਂਡਲਾ ਦੀ ਬਣਤਰ ਵਿੱਚ ਸਾਇੰਸ ਦੇ ਸਿੰਧਾਤਾਂ ਦੀ ਵਰਤੋਂ ਕੀਤੀ ਗਈ ਹੈ ਤੇ ਉਹ ਇਕਪਾਸੜ ਹਨ। ਜੇ ਤੁਸੀਂ ਪਾਣੀ ਵਿੱਚ ਬਿਨਾ ਸਵਾਰੀਆਂ ਦੇ ਖੜੇ ਗੌਂਡਲਾ ਨੂੰ ਦੇਖਦੇ ਹੋ ਤਾਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਇਸ ਦਾ ਝੁਕਾਅ ਇੱਕ ਪਾਸੇ ਵੱਲ ਨੂੰ ਹੈ। ਇਹ ਜਾਣਬੁੱਝ ਕੇ ਕੀਤਾ ਗਿਆ ਹੈ। ਕਿਸ਼ਤੀ ਦਾ ਇੱਕ ਪਾਸੇ ਭਾਰ, ਗੌਂਡਲੀਅਰ ਦੇ ਭਾਰ ਨੂੰ ਸੰਤੁਲਿਤ ਕਰਨ ਵਿੱਚ ਕਾਊਂਟਰਵੇਟ ਵਜੋਂ ਮਦਦ ਕਰਦੀ ਹੈ, ਜੋ ਇੱਕ ਪਾਸੇ ਖੜ੍ਹੇ ਹੁੰਦੇ ਹਨ। ਇੱਥੇ ਹੀ ਬਸ ਨਹੀਂ ਗੌਂਡਲਾ ਦੀ ਚੁੰਝ (ਦੰਦਾਂ ਵਾਲਾ ਫੈਰੋ) ਵੀ ਗਹਿਰੇ ਅਰਥ ਸਿਰਜਦੀ ਹੈ। ਕਿਸ਼ਤੀ ਦੇ ਅਗਲੇ ਹਿੱਸੇ 'ਤੇ ਗਹਿਣੇ ਨੂੰ ਫੈਰੋ (ਮਤਲਬ ਲੋਹਾ) ਕਿਹਾ ਜਾਂਦਾ ਹੈ ਅਤੇ ਇਹ ਪਿੱਤਲ, ਸਟੀਲ ਜਾਂ ਅਲਮੀਨੀਅਮ ਤੋਂ ਬਣਾਇਆ ਜਾ ਸਕਦਾ ਹੈ। ਇਹ ਸਜਾਵਟ ਦੇ ਤੌਰ 'ਤੇ ਕੰਮ ਕਰਦਾ ਹੈ। ਚੁੰਝ ਦੀ ਸ਼ਕਲ ਗ੍ਰੈਂਡ ਕੈਨਾਲ "ਟ" ਵਰਗੀ ਹੈ। ਚੁੰਝ ਦਾ ਉੱਪਰਲਾ ਹਿੱਸਾ ਵੈਨਿਸ ਦੇ ਸ਼ਾਸਕ ਦੇ ਮੁੱਕਟ ਦਾ ਸੂਚਕ ਹੈ, ਉਸ ਵਿੱਚਲਾ ਅਰਧ-ਚੱਕਰ ਰਿਆਲਟੋ ਪੁਲ ਦਾ ਪ੍ਰਤੀਕ ਹੈ, ਮੂਹਰਲੀਆਂ ਮੁੱਖ ਬਲੇਡ ਦੇ ਹੇਠਾਂ ਛੇ ਦੰਦਾਂ ਜਾਂ ਖੰਭਿਆਂ ("ਰੇਬੀ") ਦੇ ਨਾਲ ਇੱਕ ਕਿਸਮ ਦੀ ਕੰਘੀ ਹੁੰਦੀ ਹੈ ਜੋ ਛੇ ਆਇਤਾਕਾਰ ਪੱਤੀਆਂ ਵੈਨਿਸ ਦੇ ਛੇ ਜ਼ਿਲ੍ਹਿਆਂ ਜਾਂ ਵੈਨਿਸ ਦੇ "ਸੇਸਟੇਰੀ" ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਹਨਾਂ ਛੇ ਪੱਤੀਆਂ ਵਿੱਚਲੇ ਡਿਜ਼ਾਇਨਦਾਰ ਕਿੱਲ ਤਿੰਨ ਵੈਨੀਸ਼ੀਅਨ ਸੁਤੰਤਰ ਟਾਪੂ ਮੂਰਾਨੋ, ਬੂਰਾਨਅਿਤੇ ਟ੍ਰੈਸੋਲੋ ਨੂੰ ਦਰਸਾਉਂਦੇ ਹਨ। ਇੱਕ ਕਿਸਮ ਦਾ ਦੰਦ ਗੰਡੋਲਾ ਦੇ ਕੇਂਦਰ ਵੱਲ ਪਿੱਛੇ ਵੱਲ ਨਿਕਲਦਾ ਹੈ, ਜੋ ਕਿ ਗਿਉਡੇਕਾ ਟਾਪੂ ਦਾ ਪ੍ਰਤੀਕ ਹੈ।

ਅਜੋਕਾ ਗੌਂਡਲਾ 350 ਕਿਲੋਗ੍ਰਾਮ ਦੇ ਪੁੰਜ ਦੇ ਨਾਲ, 11 ਮੀਟਰ ਲੰਬਾ ਅਤੇ 1.6 ਮੀਟਰ ਚੌੜਾ ਹੁੰਦਾ ਹੈ। ਉਹ ਅੱਠ ਕਿਸਮਾਂ ਦੀ ਲੱਕੜ (ਚੂਨਾ, ਓਕ, ਮਹੋਗਨੀ, ਅਖਰੋਟ, ਚੈਰੀ, ਫ਼ਰ, ਲਾਰਚ ਅਤੇ ਐਲਮ) ਦੀ ਵਰਤੋਂ ਕਰਕੇ 280 ਹੱਥਾਂ ਨਾਲ ਬਣੇ ਟੁੱਕੜਿਆਂ ਦੇ ਸਮੂਹ ਨੂੰ ਜੋੜ ਕੇ ਆਪਣੇ ਵਜੂਦ ਵਿੱਚ ਆਉਂਦਾ ਹੈ। ਇਸ ਪ੍ਰਕਿਰਿਆ ਨੂੰ ਘੱਟ ਤੋਂ ਘੱਟ ਲਗਭਗ ਦੋ ਮਹੀਨੇ ਲੱਗਦੇ ਹਨ ਤੇ ਰੂਹ ਨਾਲ ਬਣਾਉਣ ਲਈ ਛੇ ਮਹੀਨੇ ਅਤੇ ਸਾਲ ਤੱਕ ਦਾ ਸਮਾਂ ਵੀ ਕਈ ਮਿਸਤਰੀ ਲੱਗਾ ਦਿੰਦੇ ਹਨ। 2013 ਵਿੱਚ ਇੱਕ ਗੌਂਡਲਾ ਦੀ ਕੀਮਤ ਲਗਭਗ 38,000 ਯੂਰੋ ਸੀ ਤੇ ਅਜੋਕੇ ਸਮੇਂ 40,000 ਤੋਂ 50,000 ਹਜ਼ਾਰ ਯੂਰੋ ਵਿੱਚ ਮੁਕੰਮਲ ਤਿਆਰ ਹੁੰਦਾ ਹੈ।

ਗੌਂਡਲੇ ਦਾ ਨਿਰਮਾਣ ਕਰਨ ਵਾਲੀ ਵਿਸ਼ੇਸ਼ ਵਰਕਸ਼ਾਪ ਨੂੰ ਸਕੁਏਰੀ ਕਹਿੰਦੇ ਹਨ। ਗੌਂਡਲੀਅਰ ਆਪਣੀਆਂ ਕਿਸ਼ਤੀਆਂ ਦੇ ਮਾਲਕ ਹਨ ਅਤੇ ਉਹਨਾਂ ਦੀ ਸਾਂਭ-ਸੰਭਾਲ ਕਰਦੇ ਹਨ। ਹਰ ਗੌਂਡਲੀਅਰ ਨੂੰ ਆਪਣਾ ਗੌਂਡਲਾ ਪੁੱਤਾਂ ਵਾਂਗ ਪਿਆਰਾ ਹੁੰਦਾ ਹੈ। ਤਕਰੀਬਨ ਸਾਰੇ ਗੌਂਡਲੀਅਰਾਂ ਦਾ ਇਹ ਜੱਦੀ-ਪੁਸ਼ਤੀ ਕਿੱਤਾ ਹੈ। ਗੌਂਡਲਾ ਕਿਸ਼ਤੀਆਂ ਦੀਆਂ ਵੱਖ-ਵੱਖ ਕਿਸਮਾਂ ਦੀਆਂ ਵਿਸ਼ੇਸ਼ ਰੇਗਾਟਾ (ਰੋਇੰਗ ਰੇਸ) ਵਿੱਚ ਵੀ ਵਰਤੀਆਂ ਜਾਂਦੀਆਂ ਹਨ ਜੋ ਹਰ ਸਾਲ ਗੌਂਡਲੀਅਰਾਂ ਵਿੱਚ ਹੁੰਦੀਆਂ ਹਨ।

ਬੀਹਵੀਂ ਸਦੀ ਦੇ ਅਰੰਭ ਤੱਕ, ਜਿਵੇਂ ਕਿ ਬਹੁਤ ਸਾਰੀਆਂ ਤਸਵੀਰਾਂ ਪ੍ਰਮਾਣਿਤ ਕਰਦੀਆਂ ਹਨ, ਗੌਂਡਲਾ ਉੱਤੇ ਅਕਸਰ ਇੱਕ "ਫੇਲਜ਼" (ਛੋਟੇ ਕੈਬਿਨ) ਫਿੱਟ ਕੀਤੇ ਜਾਂਦੇ ਸਨ, ਤਾਂ ਜੋ ਮੁਸਾਫਰਾਂ ਨੂੰ ਮੌਸਮ ਦੀ ਮਾਰ ਤੋਂ ਬਚਾਇਆ ਜਾ ਸਕੇ ਤੇ ਨਿੱਜਤਾ ਪ੍ਰਦਾਨ ਕੀਤੀ ਜਾ ਸਕੇ। ਇਸ ਦੀਆਂ ਖਿੜਕੀਆਂ ਨੂੰ ਲੂਵਰਡ ਸ਼ਟਰਾਂ (ਵੈਨੀਅਨ ਪਰਦੇ) ਨਾਲ ਬੰਦ ਕੀਤਾ ਜਾ ਸਕਦਾ ਸੀ। ਲੇਕਿਨ ਇਹਨਾਂ ਕਾਰਨ ਸੈਲਾਨੀਆਂ ਨੂੰ ਵੈਨਿਸ ਦੇ ਨਜ਼ਰੇ ਦੇਖਣ ਵਿੱਚ ਦਿੱਕਤ ਆਉਂਦੀ ਹੋਣ ਕਰਕੇ ਸਰਕਾਰ ਵੱਲੋਂ ਹਟਵਾ ਦਿੱਤੇ ਗਏ ਸਨ।

ਇਸ ਗੌਂਡਲਾ ਕਿਸ਼ਤੀ ਨੂੰ ਚਲਾਉਣ ਵਾਲੇ ਚਾਲਕ (ਮਲਾਹ) ਨੂੰ ਗੌਂਡਲੀਅਰ ਕਿਹਾ ਜਾਂਦਾ ਹੈ, ਜੋ ਇੱਕ ਚੱਪੂ ਦੀ ਵਰਤੋਂ ਕਰਦਾ ਹੈ। ਇਹ ਵਿਸ਼ੇਸ਼ ਕਿਸਮ ਦਾ ਚੱਪੂ, ਆਮ ਕਿਸ਼ਤੀਆਂ ਵਾਂਗ ਹੁੱਲ (ਫੋਰਕਲਾ) ਨਾਲ ਬੰਨ੍ਹਿਆ ਨਹੀਂ ਜਾਂਦਾ, ਬਲਕਿ ਇੱਕ ਸਿੱਖਿਅਤ ਤਰੀਕੇ ਨਾਲ ਪਤਵਾਰ ਵਜੋਂ ਵੀ ਕੰਮ ਕਰਦਾ ਹੈ। ਵਰਣਨਯੋਗ ਹੈ ਕਿ ਗੌਂਡਲੀਅਰ ਕੇਵਲ ਇੱਕ ਚੱਪੂ ਨਾਲ ਹੀ ਗੌਂਡਲੇ ਨੂੰ ਹਰ ਦਿਸ਼ਾ ਵਿੱਚ ਮੋੜਨ ਦੀ ਮੁਹਾਰਤ ਰੱਖਦਾ ਹੁੰਦਾ ਹੈ। ਓਅਰ ਜਾਂ ਰੇਮੋ ਨੂੰ ਇੱਕ ਓਰਲੌਕ ਵਿੱਚ ਰੱਖਿਆ ਜਾਂਦਾ ਹੈ ਜਿਸਨੂੰ ਫਰਕੋਲਾ ਕਿਹਾ ਜਾਂਦਾ ਹੈ। ਫੋਰਕੋਲਾ ਇੱਕ ਗੁੰਝਲਦਾਰ ਆਕਾਰ ਦਾ ਹੁੰਦਾ ਹੈ, ਜੋ ਹੌਲੀ ਫਾਰਵਰਡ ਰੋਇੰਗ, ਸ਼ਕਤੀਸ਼ਾਲੀ ਫਾਰਵਰਡ ਰੋਇੰਗ, ਮੋੜਨ, ਹੌਲੀ ਹੋਣ, ਪਿੱਛੇ ਵੱਲ ਰੋਇੰਗ ਅਤੇ ਰੁਕਣ ਲਈ ਓਰ ਦੀਆਂ ਕਈ ਸਥਿਤੀਆਂ ਦੀ ਆਗਿਆ ਦਿੰਦਾ ਹੈ। ਇਸ ਦੀ ਸ਼ਕਲ ਆਦਮੀ ਦੀ ਮੁੜੀ ਹੋਈ ਕੂਹਣੀ ਵਰਗੀ ਹੁੰਦੀ ਹੈ।

ਗੌਂਡਲਾ ਕਿਸ਼ਤੀ ਨੂੰ ਇੱਕ ਵਿਅਕਤੀ/ਮਲਾਹ (ਗੌਂਡਲੀਅਰ) ਦੁਆਰਾ ਚਲਾਇਆ ਜਾਂਦਾ ਹੈ। ਗੌਂਡਲੀਅਰ ਦਾ ਇਕੋ-ਇੱਕ ਹਥਿਆਰ ਊਰ (ਚੱਪੂ) ਇੱਕ ਵਿਸਤ੍ਰਿਤ ਰੂਪ ਵਿੱਚ ਉੱਕਰੀ ਹੋਈ ਲੱਕੜ ਦੇ ਹੱਥੇ (ਫੋਰਕੋਲਾ) ਵਿੱਚ ਟਿਕਆ ਹੋਇਆ ਹੁੰਦਾ ਹੈ, ਜਿਸਦਾ ਆਕਾਰ ਸ਼ਿਲਪਕਾਰ ਮੁੜੀ ਹੋਈ ਮਨੁੱਖੀ ਕੂਹਣੀ ਵਰਗਾ ਬਣਾਉਂਦੇ ਹਨ ਤਾਂ ਜੋ ਹਰ ਇੱਕ ਵਾਪਸੀ ਸਟ੍ਰੋਕ ਦੀ ਮਾਮੂਲੀ ਖਿੱਚ ਨਾਲ ਧਨੁਸ਼ ਨੂੰ ਇਸਦੇ ਅੱਗੇ ਵੱਲ ਵਾਪਸ ਖਿੱਚਿਆ ਜਾ ਸਕੇ। ਪਹਿਲਾਂ ਗੌਂਡਲਾ ਦੇ ਰੰਗ ਨਾਲ ਮੇਲ ਕਰਨ ਲਈ ਗੌਂਡੀਲੀਅਰਜ਼ ਜ਼ਿਆਦਾਤਰ ਕਾਲੇ ਕੱਪੜੇ ਪਹਿਨਦੇ ਸਨ ਜਾਂ ਕਈਆਂ ਨੇ ਸਾਰਾ ਚਿੱਟਾ ਲਿਬਾਸ ਪਹਿਿਨਆ ਹੁੰਦੀ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਧਾਰੀਆਂ ਵਾਲੀਆਂ ਟੀ ਸ਼ਰਟਾਂ ਗੌਂਡੀਲੀਅਰਾਂ ਦੀ ਵਰਦੀ ਦਾ ਹਿੱਸਾ ਬਣ ਗਈਆਂ ਸਨ। ਕੁਝ ਸਥਾਨਕ ਲੋਕ ਕਹਿੰਦੇ ਹਨ ਕਿ ਉਹ ਵਿਸ਼ਾਲ ਨਹਿਰ 'ਤੇ ਸਥਿਤ ਪਲਾਜ਼ੋ (ਮਹਿਲ) ਦੇ ਸਾਹਮਣੇ ਧਾਰੀਦਾਰ ਖੰਭਿਆਂ ਨਾਲ ਮੇਲ ਕਰਨ ਲਈ ਸਨ। ਗ੍ਰੈਂਡ ਕਨਾਲ ਦੇ ਇੱਕ ਪਾਸੇ ਵਾਲੇ ਗੌਂਡਲੀਅਰ ਨੀਲੀਆਂ ਧਾਰੀਆਂ ਵਾਲੀਆਂ ਟੀਸ਼ਰਟਾਂ ਪਹਿਨਦੇ ਹਨ ਤੇ ਦੂਜੇ ਪਾਸੇ ਵਾਲੇ ਲਾਲ ਧਾਰੀਆਂ ਵਾਲੀਆਂ ਟੀਸ਼ਰਟਾਂ ਪਾਉਂਦੇ ਹਨ। ਪਹਿਲੇ ਪਹਿਲ ਗੌਂਡੀਲਰ ਟੋਪੀ ਨਹੀਂ ਸੀ ਪਹਿਨਦੇ। ਲੇਕਿਨ ਇੱਕ ਹਾਲੀਵੁੱਡ ਦੀ ਫਿਲਮ ਵਿੱਚ ਗੌਂਡੀਲੀਅਰ ਦੇ ਟੋਪੀ ਲਈ ਹੋਈ ਦੇਖ ਕੇ ਅਕਸਰ ਸੈਲਾਨੀ ਗੌਂਡੀਲੀਅਰਾਂ ਨੂੰ ਸਵਾਲ ਕਰਨ ਲੱਗ ਜਾਂਦੇ ਸਨ ਕਿ ਤੇਰੀ ਟੋਪੀ ਕਿੱਥੇ ਗਈ? ਉਸ ਤੋਂ ਬਾਅਦ ਛੱਤੇਦਾਰ ਟੋਪੀ ਗੌਂਡੀਲੀਅਰਾਂ ਦੀ ਵਰਦੀ ਦਾ ਹੀ ਇੱਕ ਹਿੱਸਾ ਬਣ ਗਈ ਸੀ। ਗੌਂਡਲੀਅਰ ਗੂੜੇ ਰੰਗ ਦੇ ਜੁੱਤੇ ਪਹਿਨਦੇ ਹਨ।

ਪਹਿਲੇ ਸਮਿਆਂ ਵਿੱਚ ਗੌਂਡਲੀਅਰ ਆਪਣੀਆਂ ਸਵਾਰੀਆਂ ਦਾ ਮੰਨੋਰੰਜਣ ਕਰਨ ਲਈ ਗੀਤ ਵੀ ਗਾਇਆ ਕਰਦੇ ਸਨ। ਲੇਕਿਨ ਹੁਣ ਅਜਿਹਾ ਨਹੀਂ ਹੁੰਦਾ। ਹੁਣ ਗੌਂਡਲੀਅਰ ਕੇਵਲ ਗਾਇਡ ਦਾ ਕੰਮ ਕਰਦੇ ਹਨ ਤੇ ਸਥਾਨਕ ਇਮਾਰਤਾਂ ਬਾਰੇ ਜਾਣਕਾਰੀ ਦਿੰਦੇ ਹਨ।

ਗੌਂਡਲੀਅਰ ਦਾ ਲਾਇਸੈਂਸ ਲੈਣ ਲਈ ਕਾਫੀ ਕਠਿਨ ਇਮਤਿਹਾਨ ਵਿੱਚੋਂ ਗੁਜ਼ਰਨਾ ਪੈਂਦਾ ਹੈ। ਇਸ ਵਿੱਚ 400 ਘੰਟਿਆਂ ਤੋਂ ਵੱਧ ਦੀ ਸਿਖਲਾਈ ਲੱਗ ਜਾਂਦੀ ਹੈ। ਲਾਇਫ-ਸੇਵਰ ਕੋਰਸ ਪਾਸ ਕਰਨਾ ਪੈਂਦਾ ਹੈ। ਵੈਨਿਸ ਬਾਰੇ ਭੰਗੋਲਿਕ ਅਤੇ ਇਤਿਹਾਸਕ ਜਾਣਕਰੀ ਸਾਬਿਤ ਕਰਨੀ ਪੈਂਦੀ ਹੈ ਤੇ ਇਟੈਲੀਅਨ ਤੋਂ ਬਿਨਾਂ ਘੱਟੋ-ਘੱਟ ਦੋ ਹੋਰ ਭਾਸ਼ਾਵਾ ਦਾ ਗਿਆਨ ਸਾਬਿਤ ਕਰਨਾ ਪੈਂਦਾ ਹੈ। ਮਹੱਤਵਪੂਰਨ ਸਿਖਲਾਈ ਨੂੰ ਪੂਰਾ ਕਰਨ ਤੋਂ ਬਾਅਦ ਗੋਂਡੋਲੀਅਰਾਂ ਨੂੰ ਲਿਖਤੀ ਪ੍ਰੀਖਿਆ ਪਾਸ ਕਰਨੀ ਚਾਹੀਦੀ ਹੈ। ਟੈਸਟ ਵਿੱਚ ਗੰਡੋਲਾ ਨੂੰ ਕਿਵੇਂ ਚਲਾਉਣਾ ਹੈ, ਵੈਨੀਸ਼ੀਅਨ ਭੂਮੀ ਚਿੰਨ੍ਹ ਅਤੇ ਇਤਿਹਾਸ ਅਤੇ ਭਾਸ਼ਾ ਦੇ ਹੁਨਰ ਨਾਲ ਸਬੰਧਤ ਸਵਾਲ ਸ਼ਾਮਲ ਹੁੰਦੇ ਹਨ। ਇਹ ਇੱਕ ਬਹੁਤ ਹੀ ਪ੍ਰਤੀਯੋਗੀ ਸਥਿਤੀ ਹੈ, ਹਰ ਸਾਲ ਸਿਰਫ ਤਿੰਨ ਜਾਂ ਚਾਰ ਨਵੇਂ ਲਾਇਸੈਂਸ ਦਿੱਤੇ ਜਾਂਦੇ ਹਨ।

ਵੈਨਿਸ ਵਿੱਚ ਵੱਧ ਤੋਂ ਵੱਧ 433 ਲਾਇਸੰਸਸ਼ੁਦਾ ਗੌਂਡਲੀਅਰ ਹਨ ਅਤੇ ਇਹ ਗਿਣਤੀ ਵਧਾਈ ਨਹੀਂ ਜਾ ਸਕਦੀ। ਲਾਇਸੈਂਸ ਪ੍ਰਾਪਤ ਕਰਨ ਦਾ ਇੱਕੋ ਇੱਕ ਤਰੀਕਾ ਪਰਿਵਾਰ ਦੇ ਇੱਕ ਮੈਂਬਰ ਦੁਆਰਾ ਹੁੰਦਾ ਹੈ ਅਤੇ ਇਹ ਆਮ ਤੌਰ 'ਤੇ ਪਿਤਾ ਤੋਂ ਪਹਿਲੇ ਜਨਮੇ ਪੁੱਤਰ ਨੂੰ ਦਿੱਤਾ ਜਾਂਦਾ ਹੈ। ਜੇਕਰ ਕੋਈ ਪੁੱਤਰ ਪਾਸ ਨਹੀਂ ਹੁੰਦਾ ਤਾਂ ਇਸ ਨੂੰ ਧੀਆਂ ਸਮੇਤ ਪਰਿਵਾਰ ਦੇ ਕਿਸੇ ਹੋਰ ਮੈਂਬਰ ਨੂੰ ਸੌਂਪਿਆ ਜਾ ਸਕਦਾ ਹੈ।

ਵੈਨਿਸ ਵਿੱਚ ਕੁਝ ਕੁ ਮਾਦਾ ਗੌਂਡਲੀਅਰ ਵੀ ਹਨ। ਪਹਿਲੀ ਮਹਿਲਾ ਗੌਂਡਲੀਅਰ ਨੂੰ ਆਪਣੇ ਪਿਤਾ ਦੇ ਨਕਸ਼ੇ-ਕਦਮਾਂ 'ਤੇ ਚੱਲਣ ਤੋਂ ਬਾਅਦ 2010 ਵਿੱਚ ਲਾਇਸੈਂਸ ਦਿੱਤਾ ਗਿਆ ਸੀ। ਟੈਸਟ ਪਾਸ ਕਰਨ ਵਾਲੀਆਂ ਔਰਤਾਂ ਦੇ ਵਿਰੁੱਧ ਕੋਈ ਕਾਨੂੰਨ ਨਹੀਂ ਸੀ ਹਾਲਾਂਕਿ ਪਰੰਪਰਾ ਨੇ ਪਹਿਲਾਂ ਇਹ ਲਾਜ਼ਮੀ ਕੀਤਾ ਸੀ ਕਿ ਗੋਂਡੋਲੀਅਰ ਮਰਦ ਸਨ। ਜਿਵੇਂ ਬਾਣੀ ਹੱਟੀ ਤੇ ਜੱਟ ਆਪਣੇ ਪੁੱਤਾਂ ਨੂੰ ਜਮੀਨ ਛੱਡ ਕੇ ਜਾਂਦਾ ਹੈ, ਇੰਝ ਹੀ ਗੌਂਡਲੀਅਰ ਆਪਣੀ ਸੰਤਾਨ ਲਈ ਪਿੱਛੇ ਗੌਂਡਲਾ ਛੱਡ ਕੇ ਮਰਦਾ ਹੈ।

# ਮਾੜੇ ਪ੍ਰਬੰਧਾਂ ਕਾਰਨ ਹਾਲਾਤ ਵਿਗੜ ਰਹੇ ਹਨ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸ਼ਹਿਰਾਂ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ, ਜਿਸ ਕਾਰਨ ਦਿੱਲੀ ਵਿੱਚ ਸਰਕਾਰ ਪਾਣੀ ਦੀ ਨਿਕਾਸੀ ਲਈ ਹਰ ਸਾਲ ਵਧੀਆ ਉਪਰਾਲੇ ਕਰਨ ਦਾ ਭਰੋਸਾ ਦਿੰਦੀ ਹੈ, ਪਰ ਇਹ ਕੰਮ ਸਿਰੇ ਨਹੀਂ ਚੜ੍ਹਦਾ। ਦਿੱਲੀ ਸਰਕਾਰ ਨੇ ਪਾਣੀ ਭਰਨ ਅਤੇ ਹੜ੍ਹਾਂ ਨਾਲ ਹੋਣ ਵਾਲੇ ਨੁਕਸਾਨ ਨਾਲ ਨਜਿੱਠਣ ਲਈ ਫਿਰ ਤੋਂ ਲੰਬੀ ਮਿਆਦ ਦੀਆਂ ਯੋਜਨਾਵਾਂ ਬਣਾਈਆਂ ਹਨ, ਜਿਸ ਵਿੱਚ ਡਰੇਨੇਜ ਪ੍ਰਣਾਲੀ ਦੀ ਨਿਗਰਾਨੀ ਕਰਨ ਲਈ ਤਕਨਾਲੋਜੀ ਨੂੰ ਵਧਾਉਣਾ, ਅਧਿਕਾਰੀਆਂ ਵਿਚਾਲੇ ਟਕਰਾਅ ਨੂੰ ਖਤਮ ਕਰਨਾ ਆਦਿ ਸ਼ਾਮਲ ਹਨ।ਇਸ ਵਿੱਚ ਟਿਕਾਊ ਹੱਲ ਲੱਭਣਾ, ਕਬਜ਼ੇ ਹਟਾਉਣਾ ਅਤੇ ਉਸਾਰੀ, ਢਾਹੁਣ ਅਤੇ ਡੇਅਰੀ ਰਹਿੰਦ-ਖੂੰਹਦ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨਾ ਸ਼ਾਮਲ ਹੈ। ਇਨ੍ਹਾਂ ਯਤਨਾਂ ਤੋਂ ਉਮੀਦ ਮਿਲਦੀ ਹੈ ਕਿ ਮੌਜੂਦਾ ਬੁਨਿਆਦੀ ਢਾਂਚੇ ਅਤੇ ਵੱਖ-ਵੱਖ ਏਜੰਸੀਆਂ ਵਿਚਕਾਰ ਤਾਲਮੇਲ ਵਿੱਚ ਸੁਧਾਰ ਕਰਕੇ, ਪਾਣੀ ਭਰਨ ਨੂੰ ਰੋਕਣਾ ਸੰਭਵ ਹੋਵੇਗਾ। ਇਸ ਸਾਲ ਦਿੱਲੀ ਵਿੱਚ ਪਾਣੀ ਦੀ ਨਿਕਾਸੀ ਲਈ 1600 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਸੀ। ਇਸ ਦੇ ਬਾਵਜੂਦ ਦਿੱਲੀ ਵਿੱਚ ਘੱਟੋ-ਘੱਟ ਪੰਜਾਹ ਪੈਸੇ ਥਾਵਾਂ 'ਤੇ ਪਾਣੀ ਭਰਨ ਵਰਗੇ ਗੰਭੀਰ ਹਾਲਾਤ ਪੈਦਾ ਹੋ ਗਏ। ਦਰਅਸਲ, ਦਿੱਲੀ ਵਿਚ ਦੁਰਪ੍ਰਬੰਧ ਸਿਰਫ ਸੜਕਾਂ 'ਤੇ ਬਰਸਾਤ ਦੇ ਪਾਣੀ ਨਾਲ ਨਹੀਂ ਹੈ।ਨਾਕਾਬੰਦੀ, ਇਧਰ-ਉਧਰ ਕੂੜਾ ਸੁੱਟਣਾ ਅਤੇ ਕਿਤੇ ਵੀ ਮਨਮਾਨੇ ਢੰਗ ਨਾਲ ਝੁੱਗੀਆਂ-ਝੌਂਪੜੀਆਂ ਦੀ ਉਸਾਰੀ ਦਿੱਲੀ ਦੀ ਪਛਾਣ ਬਣ ਗਈ ਹੈ। ਜਨਵਰੀ 'ਚ ਕਰਵਾਏ ਗਏ ਸਵੱਛਤਾ ਸਰਵੇਖਣ 'ਚ ਦਿੱਲੀ ਦਾ 1446 ਸ਼ਹਿਰਾਂ 'ਚੋਂ 90ਵਾਂ ਸਥਾਨ ਹੋਣਾ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਦਿੱਲੀ 'ਚ ਕਈ ਪੱਧਰਾਂ 'ਤੇ ਕੁਪ੍ਰਬੰਧ ਹੈ, ਜਿਸ ਦਾ ਪੂਰਾ ਹੱਲ ਕੱਢਣਾ ਜ਼ਰੂਰੀ ਹੈ। ਜੇਕਰ ਬਾਰਿਸ਼ ਦਿੱਲੀ ਵਰਗੇ ਮਹਾਂਨਗਰ ਲਈ ਆਫ਼ਤ ਬਣ ਜਾਂਦੀ ਹੈ ਤਾਂ ਇਸ ਨੂੰ ਕਿਸ ਦੀ ਅਸਫਲਤਾ ਮੰਨਿਆ ਜਾਵੇਗਾ? ਘਰਾਂ, ਦਫਤਰਾਂ ਅਤੇ ਸਰਕਾਰੀ ਇਮਾਰਤਾਂ ਵਿੱਚ ਪਾਣੀ ਦਾਖਲ ਹੋਣਾ ਦਿੱਲੀ ਵਰਗੇ ਸ਼ਹਿਰ ਦੀ ਸਿਹਤ ਲਈ ਠੀਕ ਨਹੀਂ ਹੈ।ਜਾ ਸਕਦਾ ਹੈ। ਹੁਣ ਜਦੋਂ ਭਾਰਤ ਨੂੰ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਆਰਥਿਕ ਸ਼ਕਤੀ ਬਣਨ ਦੀ ਦਲੀਲ ਦਿੱਤੀ ਜਾ ਰਹੀ ਹੈ, ਤਾਂ ਕੁਪ੍ਰਬੰਧਨ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਵਿਸ਼ਵ ਮੀਡੀਆ ਦਾ ਧਿਆਨ ਜ਼ਰੂਰ ਖਿੱਚਦੀਆਂ ਹਨ। ਸਵਾਲ: ਕੀ ਰਾਜਧਾਨੀ ਵਿੱਚ ਸੇਮ ਦੀ ਸਮੱਸਿਆ ਦਾ ਹੱਲ ਹੋਵੇਗਾ? ਦਰਅਸਲ, ਦਿੱਲੀ ਦੇ ਗੈਰ-ਯੋਜਨਾਬੱਧ ਬੰਦੋਬਸਤ ਕਾਰਨ ਇੱਥੇ ਟ੍ਰੈਫਿਕ ਅਤੇ ਜਾਮ ਦੀ ਸਮੱਸਿਆ, ਸੜਕਾਂ ਦਾ ਘੰਟਿਆਂ ਬੱਧੀ ਪਾਣੀ ਨਾਲ ਭਰਿਆ ਰਹਿਣਾ, ਨੀਵੀਆਂ ਥਾਵਾਂ ਅਤੇ ਪੁਲਾਂ ਦਾ ਪਾਣੀ ਨਾਲ ਭਰ ਜਾਣਾ ਵਰਗੀਆਂ ਹੋਰ ਸਮੱਸਿਆਵਾਂ ਹਨ। ਗਰਮੀ ਤੋਂ ਰਾਹਤ ਪਾਉਣ ਲਈ ਲੋਕ ਮੀਂਹ ਦਾ ਇੰਤਜ਼ਾਰ ਕਰਦੇ ਹਨ ਅਤੇ ਜਦੋਂ ਮੀਂਹ ਪੈਂਦਾ ਹੈ ਤਾਂ ਪਾਣੀ ਘਰਾਂ ਦੇ ਅੰਦਰ ਵੜਨਾ ਸ਼ੁਰੂ ਹੋ ਜਾਂਦਾ ਹੈ ਅਤੇ ਰਾਹਤ ਤਬਾਹੀ ਵਿੱਚ ਬਦਲ ਜਾਂਦੀ ਹੈ।ਦਿੱਲੀ ਦੇ ਵਿਕਾਸ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।



ਦਿੱਲੀ ਦੇ ਟ੍ਰੈਫਿਕ, ਡਰੇਨੇਜ, ਡਰੇਨਾਂ ਦੀ ਸਫ਼ਾਈ ਅਤੇ ਕੂੜਾ ਪ੍ਰਬੰਧਨ ਦੀਆਂ ਸਮੱਸਿਆਵਾਂ ਦੇ ਹੱਲ ਨਾ ਹੋਣ ਦੇ ਕਾਰਨਾਂ ਨੂੰ ਲੱਭਣ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕੀਤੀ ਜਾਵੇ, ਇਹ ਉਦੋਂ ਤੱਕ ਕਾਮਯਾਬ ਨਹੀਂ ਹੋਵੇਗੀ, ਜਦੋਂ ਤੱਕ ਇਨ੍ਹਾਂ ਵਿਭਾਗਾਂ ਨਾਲ ਜੁੜੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਡੂੰਘਾਈ ਨਾਲ ਨਹੀਂ ਦੇਖਿਆ ਜਾਵੇਗਾ ਅਤੇ ਇਸ ਨਾਲ ਜੁੜੀ ਸੰਵੇਦਨਸ਼ੀਲਤਾ ਨਹੀਂ ਜਾਗਦੀ। ਭਾਰਤ ਦੇ ਸਾਰੇ ਮਹਾਨਗਰਾਂ ਵਿੱਚ ਆਵਾਜਾਈ, ਬਰਸਾਤੀ ਪਾਣੀ ਦੀ ਨਿਕਾਸੀ ਅਤੇ ਕੂੜੇ ਦੇ ਨਿਪਟਾਰੇ ਦੀਆਂ ਸਮੱਸਿਆਵਾਂ ਇੱਕੋ ਜਿਹੀਆਂ ਹਨ। ਡਬਲਯੂ।ਆਰ।ਆਈ ਇੰਡੀਆ ਦੁਆਰਾ ਇੱਕ ਖੋਜ ਪ੍ਰੋਜੈਕਟ ਦੇ ਸ਼ੁਰੂਆਤੀ ਨਤੀਜਿਆਂ ਤੋਂ ਪਤਾ ਚੱਲਦਾ ਹੈ ਕਿ ਭਾਰਤ ਦੇ ਦਸਸਭ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ (ਦਿੱਲੀ, ਮੁੰਬਈ, ਕੋਲਕਾਤਾ, ਪੁਣੇ, ਅਹਿਮਦਾਬਾਦ, ਜੈਪੁਰ, ਹੈਦਰਾਬਾਦ, ਚੇਨਈ, ਸੂਰਤ ਅਤੇ ਬੈਂਗਲੁਰੂ) ਵਿੱਚ 2000-2015 ਦੇ ਵਿਚਕਾਰ ਨਵਾਂ ਸ਼ਹਿਰੀ ਵਿਕਾਸ (ਸ਼ਹਿਰ ਦੇ ਕੇਂਦਰ ਦੇ ਦਸ ਕਿਲੋਮੀਟਰ ਦੇ ਅੰਦਰ) ਇਮਾਰਤਾਂ ਦਾ 35 ਪ੍ਰਤੀਸ਼ਤ (428 ਵਰਗ ਵਰਗ ਮੀਟਰ) ਕਮ) ਜ਼ਮੀਨ ਹੇਠਲੇ ਪਾਣੀ ਦੇ ਰੀਚਾਰਜ ਲਈ ਉੱਚ ਜਾਂ ਬਹੁਤ ਜ਼ਿਆਦਾ ਸੰਭਾਵਨਾ ਵਾਲੇ ਹੇਠਲੇ ਖੇਤਰਾਂ ਵਿੱਚ ਬਣਾਏ ਗਏ ਹਨ। ਇਹ ਸਾਰੇ ਸ਼ਹਿਰ ਕਈ ਸਾਲਾਂ ਤੋਂ ਹੜ੍ਹਾਂ ਜਾਂ ਪਾਣੀ ਵਿਚ ਡੁੱਬਣ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਜਾਪਦੇ ਹਨ। ਇਸ ਸਾਲ ਦੀ ਗਰਮੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਮੌਸਮ ਵਿਗਿਆਨੀਆਂ ਅਨੁਸਾਰ ਇਸ ਦਾ ਕਾਰਨ ਮੌਸਮੀ ਤਬਦੀਲੀ ਹੈ।, ਜਲਵਾਯੂ ਪਰਿਵਰਤਨ ਕਾਰਨ ਮੀਂਹ ਅਤੇ ਗਰਮੀਆਂ ਦੇ ਪੈਟਰਨ ਵਿੱਚ ਬਦਲਾਅ ਆਇਆ ਹੈ। ਪਿਛਲੇ ਕਈ ਸਾਲਾਂ ਤੋਂ ਦੇਖਿਆ ਜਾ ਰਿਹਾ ਹੈ ਕਿ ਜੋ ਔਸਤ ਵਰਖਾ ਇੱਕ ਮਹੀਨੇ ਜਾਂ ਪੂਰੇ ਸੀਜ਼ਨ ਵਿੱਚ ਹੋਣੀ ਚਾਹੀਦੀ ਸੀ, ਉਹ ਸਿਰਫ਼ ਇੱਕ ਜਾਂ ਕੁਝ ਦਿਨਾਂ ਵਿੱਚ ਹੀ ਹੋਈ। ਉਦਾਹਰਨ ਲਈ, ਦਿੱਲੀ ਵਿੱਚ 28 ਜੂਨ ਨੂੰ ਇੱਕ ਦਿਨ ਵਿੱਚ 228.1 ਮਿਲੀਮੀਟਰ ਬਾਰਿਸ਼ ਹੋਈ। ਇਸ ਤੋਂ ਪਹਿਲਾਂ 1235.5 ਮਿਲੀਮੀਟਰ ਬਾਰਿਸ਼ ਹੋਈ ਸੀ। ਸਪੱਸ਼ਟ ਹੈ ਕਿ 88 ਸਾਲ ਪਹਿਲਾਂ 24 ਜੂਨ 1936 ਨੂੰ ਦਿੱਲੀ ਦਾ ਸਰੂਪ ਅੱਜ ਵਰਗਾ ਨਹੀਂ ਸੀ। ਇੱਥੇ ਨਾ ਤਾਂ ਬਹੁਤ ਸਾਰੇ ਲੋਕ ਸਨ ਅਤੇ ਨਾ ਹੀ ਬਹੁਤ ਸਾਰੀਆਂ ਬਸਤੀਆਂ। ਸਰਕਾਰੀ ਅੰਕੜਿਆਂ ਅਨੁਸਾਰ 12 ਜੂਨ ਨੂੰ ਦਿੱਲੀ ਵਿੱਚ 128 ਬਾਰਸ਼ ਹੋਈ। ਪੰਜਾਹ ਥਾਵਾਂ 'ਤੇ ਪਾਣੀ ਭਰਨ ਦੇ ਗੰਭੀਰ ਹਾਲਾਤ ਦੇਖਣ ਨੂੰ ਮਿਲੇ। ਸੇਮ ਨਾਲ ਨਿਪਟਣ ਲਈ ਸਬੰਧਤ ਵਿਭਾਗਾਂ ਦੀਆਂ ਟੀਮਾਂ ਦਿਨ ਭਰ ਤਾਇਨਾਤ ਰਹਿਣ ਦੇ ਬਾਵਜੂਦ ਆਵਾਜਾਈ ਆਮ ਵਾਂਗ ਨਹੀਂ ਹੋ ਸਕੀ। ਪਿਛਲੇ ਸਾਲ ਇਹ ਅੱਜ ਸੀ। ਪਰ ਸ਼ਾਮ ਤੱਕ ਦਿੱਲੀ ਵਿੱਚ ਹੜ੍ਹਾਂ ਦੀਆਂ ਯਾਦਾਂ ਤਾਜ਼ਾ ਹੋ ਗਈਆਂ, ਜਦੋਂ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ ਗਿਆ ਅਤੇ ਉਨ੍ਹਾਂ ਨੂੰ ਬਾਹਰ ਤੰਬੂਆਂ ਵਿੱਚ ਸ਼ਰਨ ਲੈਣੀ ਪਈ। ਬਰਸਾਤ ਦੇ ਮੌਸਮ ਵਿੱਚ ਪਾਣੀ ਭਰਨ ਨਾਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਅਤੇ ਠੰਢ ਅਤੇ ਗਰਮੀ ਵਿੱਚ ਵੱਡੀ ਗਿਣਤੀ ਵਿੱਚ ਬੇਘਰੇ ਲੋਕਾਂ ਦੀ ਮੌਤ ਨਾ ਸਿਰਫ਼ ਦਿੱਲੀ ਦੇ ਵਿਕਾਸ ਦੇ ਸਹੀ ਢੰਗ ਦੀ ਘਾਟ ਨੂੰ ਦਰਸਾਉਂਦੀ ਹੈ, ਸਗੋਂ ਮਨੁੱਖੀ ਪੱਧਰ 'ਤੇ ਸਮਾਜ ਵਿੱਚ ਘਟ ਰਹੀ ਸਮਾਜਿਕਤਾ ਅਤੇ ਸੰਵੇਦਨਸ਼ੀਲਤਾ ਨੂੰ ਵੀ ਦਰਸਾਉਂਦੀ ਹੈ। ਪੈਸੇ ਦੀ ਕਮੀ ਵੀ ਦਿਖਾਉਂਦਾ ਹੈ। ਆਜ਼ਾਦੀ ਤੋਂ ਬਾਅਦ ਰਾਜਧਾਨੀ ਦੇ ਤੌਰ 'ਤੇ ਦਿੱਲੀ ਕਈ ਸਮੱਸਿਆਵਾਂ ਨਾਲ ਜੂਝ ਰਹੀ ਹੈ। ਜਲ ਮਾਫੀਆ ਦੀ ਮਨਮਾਨੀ, ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਰਕ ਅਤੇ ਰਾਤੋ-ਰਾਤ ਵੱਡੀ ਪੱਧਰ 'ਤੇ ਝੁੱਗੀਆਂ-ਝੌਂਪੜੀਆਂ ਦੀ ਉਸਾਰੀ ਵਰਗੀਆਂ ਘਟਨਾਵਾਂ ਨੇ ਦਿੱਲੀ ਨੂੰ ਦੁਨੀਆ ਦੀ ਸਭ ਤੋਂ ਵਧੀਆ ਰਾਜਧਾਨੀ ਅਤੇ ਸ਼ਹਿਰ ਬਣਾ ਦਿੱਤਾ ਹੈ। ਸਾਨੂੰ ਪਛਾਣ ਬਣਾਉਣ ਤੋਂ ਰੋਕਦੇ ਰਹੇ ਹਨ। ਹਰ ਸਾਲ ਸਰਦੀ ਅਤੇ ਬਰਸਾਤ ਦੇ ਮੌਸਮ ਵਿਚ ਡੇਂਗੂ, ਚਿਕਨਗੁਨੀਆ, ਮੌਸਮੀ ਬੁਖਾਰ, ਮਲੇਰੀਆ ਮੱਛਰ ਦੇ ਹਮਲੇ ਕਾਰਨ ਸੈਂਕੜੇ ਲੋਕ ਮਰ ਜਾਂਦੇ ਹਨ। ਪਾਣੀ ਭਰਨ ਕਾਰਨ ਇਹ ਬਿਮਾਰੀਆਂ ਤੇਜ਼ੀ ਨਾਲ ਫੈਲਦੀਆਂ ਹਨ।ਇਸ ਲਈ ਦਿੱਲੀ ਨੂੰ ਸਮੱਸਿਆ ਮੁਕਤ ਰਾਜਧਾਨੀ ਵਜੋਂ ਵਿਕਸਤ ਕਰਨ ਦੀ ਲੋੜ ਹੈ।

ਪਾਣੀ ਭਰਨ ਅਤੇ ਕਬਜ਼ਿਆਂ ਤੋਂ ਇਲਾਵਾ ਕੂੜਾ-ਕਰਕਟ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਦਾ ਕੰਮ ਇਕੱਲੀ ਸਰਕਾਰ ਵੱਲੋਂ ਨਹੀਂ ਕੀਤਾ ਜਾਵੇਗਾ। ਆਮ ਆਦਮੀ ਨੂੰ ਵੀ ਆਪਣੀਆਂ ਆਦਤਾਂ, ਲਾਪਰਵਾਹੀ ਅਤੇ ਗੈਰ-ਜ਼ਿੰਮੇਵਾਰਾਨਾ ਕੰਮ ਛੱਡਣੇ ਪੈਣਗੇ। ਦਿੱਲੀ ਵਿੱਚ ਹਰ ਸਾਲ ਵੱਧ ਰਹੇ ਲੱਖਾਂ ਵਾਹਨ, ਜੋ ਘੱਟ ਰਕਬੇ ਵਿੱਚ ਵੱਧ ਆਬਾਦੀ ਦਾ ਬੋਝ ਲੈ ਕੇ ਜਾ ਰਹੇ ਹਨ, ਦਿੱਲੀ ਦੀਆਂ ਸੜਕਾਂ ਦੀ ਮੌਜੂਦਾ ਹਾਲਤ ਵਿਗੜਨ ਅਤੇ ਪਾਣੀ ਭਰਨ ਜਾਂ ਟ੍ਰੈਫਿਕ ਜਾਮ ਜੋ ਸਮਰੱਥਾ ਤੋਂ ਵੱਧ ਹੋਣ ਕਾਰਨ ਆਵਾਜਾਈ ਦੇ ਠੱਪ ਹੋਣ ਲਈ ਵੀ ਜ਼ਿੰਮੇਵਾਰ ਹਨ। ਸੜਕ ਹਾਦਸੇ ਜ਼ਿਆਦਾ ਵਾਹਨਾਂ ਕਾਰਨ ਹੁੰਦੇ ਹਨ। ਇਸ ਲਈ ਨਿੱਜੀ ਵਾਹਨਾਂ ਦੀ ਵਰਤੋਂ ਕਰਨ ਦੀ ਬਜਾਏ ਜਨਤਕ ਵਾਹਨਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ। ਤਰੱਕੀ ਹੋਣੀ ਚਾਹੀਦੀ ਹੈ।

ਟ੍ਰੈਫਿਕ ਜਾਮ ਕਾਰਨ ਦਿੱਲੀ 'ਚ ਵਾਤਾਵਰਣ ਦੀ ਸਮੱਸਿਆ ਖਤਰਨਾਕ ਪੱਧਰ 'ਤੇ ਪਹੁੰਚ ਗਈ ਹੈ। ਇਸ ਲਈ ਦਿੱਲੀ ਦੇ ਲੋਕਾਂ ਨੂੰ ਵੀ ਸੜਕੀ ਆਵਾਜਾਈ ਵਿਵਸਥਾ, ਨਿਕਾਸੀ ਅਤੇ ਕਬਜ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਅੱਗੇ ਆਉਣਾ ਪਵੇਗਾ। ਮੁੜ ਦਿੱਲੀ ਦੀਆਂ ਸਮੱਸਿਆਵਾਂ ਨੂੰ ਪਾਰਟੀ ਭਾਵਨਾਵਾਂ ਤੋਂ ਪਰੇ ਦੇਖਣ ਦੀ ਲੋੜ ਹੈ। ਜਦੋਂ ਤੱਕ ਇਹ ਮਹਿਸੂਸ ਨਾ ਹੋਵੇ ਕਿ ਦਿੱਲੀ ਸਾਡੀ ਹੈ ਅਤੇ ਹਰ ਕੋਈ ਇਸਦੀ ਹਰ ਸਮੱਸਿਆ ਦੇ ਹੱਲ ਵਿੱਚ ਮਦਦ ਕਰ ਸਕਦਾ ਹੈ। ਜਦੋਂ ਤੱਕ ਵਿਅਕਤੀ ਜ਼ਿੰਮੇਵਾਰ ਨਹੀਂ ਹੁੰਦਾ, ਦਿੱਲੀ ਨੂੰ ਦੁਨੀਆ ਦੀ ਸਰਵੋਤਮ ਰਾਜਧਾਨੀ ਵਜੋਂ ਵਿਕਸਤ ਨਹੀਂ ਕੀਤਾ ਜਾ ਸਕਦਾ।

# ਵਿਰਸੇ ਨੂੰ ਸਮਰਪਿਤ ਲੇਖਕ ਜਸਵੀਰ ਸ਼ਰਮਾ ਦੱਦਾਹੂਰ



ਪਰਗਟ ਸਿੰਘ ਜੰਬਰ
8837726702

ਜਸਵੀਰ ਸ਼ਰਮਾ ਦੱਦਾਹੂਰ ਵਿਰਸਾ ਲਿਖਣ ਵਾਲਾ ਚਰਚਿਤ ਨਾਮ ਹੈ। ਆਪ ਵਿਰਸੇ ਨਾਲ ਸਬੰਧਤ ਸੱਤ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾ ਚੁੱਕੇ ਹਨ। ਵਿਰਸੇ ਦੀ ਲੋਅ, ਵਿਰਸੇ ਦੀ ਖੁਸ਼ਬੋ, ਵਿਰਸੇ ਦੀ ਸੌਗਾਤ, ਪੰਜਾਬੀ ਵਿਰਸੇ ਦੀਆਂ ਅਮੁੱਲੀਆਂ ਯਾਦਾਂ, ਵਿਰਸੇ ਦੀਆਂ ਪੌਣਾਂ, ਵਿਰਸੇ ਦੇ ਰਾਗ ਤੇ ਸਾਡਾ ਵਿਰਸਾ।

ਪੰਜ ਕਾਵਿ ਸੰਗ੍ਰਹਿ ਤੇ ਦੋ ਵਰਤਿਕ। ਇਨ੍ਹਾਂ ਪੁਸਤਕਾਂ ਵਿੱਚ ਲੇਖਕ ਨੇ ਉਮਰ ਮੁਤਾਬਕ ਜੋ ਕੁੱਝ ਵੇਖਿਆ ਓਸ ਨੂੰ ਕਲਮਬੱਧ ਕਰਕੇ ਪਾਠਕਾਂ ਦੀ ਝੋਲੀ ਪਾਉਣ ਦਾ ਸਫ਼ਲ ਯਤਨ ਕੀਤਾ ਹੈ। ਜੋ ਕਿ ਅਜੋਕੀ ਨੌਜਵਾਨੀ ਪੀੜ੍ਹੀ ਲਈ ਪ੍ਰੇਰਣਾਦਾਇਕ ਸਾਹਿਤ ਹੈ, ਜਿਸ ਤੋਂ ਸਾਡੀ ਨੌਜਵਾਨ ਪੀੜ੍ਹੀ ਨੂੰ ਸਾਡੇ ਆਪਣੇ ਪੁਰਖਿਆਂ ਦੀ ਜੀਵਨ ਸ਼ੈਲੀ ਦਾ ਪਤਾ ਲੱਗਦਾ ਹੈ ਤੇ ਆਪਣੇ ਪਿਛੋਕੜ ਅਤੇ ਅਪਣੇ ਵਿਰਸੇ ਨੂੰ ਸਮਝ ਸਕਦਾ ਹੈ। ਇਸ ਤੋਂ ਇਲਾਵਾ ਛੰਦਾਬੰਦੀ ਵਿਚ ਕਾਵਿ ਸ਼ੈਲੀ ਰਾਹੀਂ ਵੀ ਪੁਸਤਕਾਂ ਵਿੱਚ ਵਿਰਸਾ ਹੀ ਪਰੋਇਆ ਹੋਇਆ ਹੈ।





ਵਿਰਸੇ ਪ੍ਰਤੀ ਰਚਨਾਵਾਂ ਦਾ ਹਵਾਲਾ:

ਭੱਠੀਆਂ ਹੋਈਆਂ ਅਲੋਪ ਪਿੰਡਾਂ ਚੋਂ
ਭੁਣਾਉਂਦਾ ਨਾ ਕੋਈ ਦਾਣੇ।
ਛੋਲੇ ਮੱਕੀ ਜਵਾਰ ਭੁਣਾਉਣ ਦੇ ਹੋ ਗਏ ਰਿਵਾਜ ਪੁਰਾਣੇ॥
ਸਲੰਘ ਤੰਗਲੀ ਤੋਤਾ ਜੱਫਾ ਕੰਮ ਹਾੜ੍ਹੀ ਸਾਉਣੀ ਔਂਦੇ ਸੀ।
ਨਾ ਮੰਗ ਮੰਗ ਕੇ ਕੰਮ ਸੀ ਚੱਲਦਾ ਸਾਰੇ ਆਪ ਬਣਾਉਂਦੇ ਸੀ॥
ਚਰਖਾ ਤੱਕਲਾ ਮਾਲ੍ਹ ਤੇ ਮੁੰਨੇ ਨਾ ਹੀ ਪਤਾ ਮੰਝੇਰੂ ਦਾ।
ਡਬਲਬੈਡ ਦਾ ਰਿਵਾਜ ਆ ਗਿਆ ਪਤਾ ਨੀ ਮੰਜੇ ਦੇ ਸੇਰੂ ਦਾ॥
ਖੇਸ ਤਾਣੀ ਬੁਨਣਾ ਵੀ ਕਲਾ ਸੀ ਪੰਜਾਬਣਾਂ ਦੀ,
ਇਸੇ ਲਈ ਘਰਾਂ ਚ ਬਣਾਈ ਇਹੇ ਜਾਂਦੀ ਸੀ।
ਦਰੀਆਂ ਤੇ ਖੇਸ ਵਿੱਚ ਦਾਜ ਦੇ ਸੀ ਦਿੱਤੇ ਜਾਂਦੇ,
ਪ੍ਰੰਪਰਾ ਪੰਜਾਬ ਚ ਨਿਭਾਈ ਇਹੇ ਜਾਂਦੀ ਸੀ॥

ਇਸੇ ਤਰ੍ਹਾਂ ਹੋਰ ਵੀ ਸੈਂਕੜੇ ਵਿਰਸੇ ਨਾਲ ਸਬੰਧਤ ਰਚਨਾਵਾਂ ਅਤੇ ਗੀਤ ਜੋ ਓਹਨਾਂ ਦੀ ਖ਼ੁਦ ਦੀ ਆਵਾਜ਼ ਵਿੱਚ ਯੂ ਟਿਊਬ ਤੇ ਚਲਦੇ ਹਨ। ਲੱਗਦਾ ਹੈ ਕਿ ਵਿਰਸਾ ਲਿਖ਼ਣ ਦੀ ਗੁੜ੍ਹਤੀ ਸ਼ਰਮਾਂ ਜੀ ਨੂੰ ਆਪਣੇ ਪੁਰਖਿਆਂ ਤੋਂ ਹੀ ਮਿਲੀ ਹੈ

ਪਿੰਡ ਦੱਦਾਹੂਰ ਜ਼ਿਲ੍ਹਾ ਮੋਗਾ ਦਾ ਜੰਮਪਲ ਜਸਵੀਰ ਸ਼ਰਮਾਂ ਦੱਦਾਹੂਰ ਇਸ ਸਮੇਂ ਗੁਰੂਆਂ ਦੀ ਪਾਕਿ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਵਿਖੇ ਪਰਿਵਾਰ ਸਮੇਤ ਰਹਿ ਰਿਹਾ ਹੈ। ਪਾਠਕਾਂ ਵੱਲੋਂ ਇਨ੍ਹਾਂ ਦੀਆਂ ਲਿਖਤਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ।ਹਰ ਸਮੇਂ ਫੇਸਬੁੱਕ ਵਟਸਐਪ ਤੇ ਸਰਗਰਮ ਰਹਿਣ ਵਾਲੇ ਜਸਵੀਰ ਸ਼ਰਮਾਂ ਦੱਦਾਹੂਰ ਨੂੰ ਜਿਥੇ ਗਾਉਣ ਦੀ ਵੀ ਮੁਹਾਰਤ ਹਾਸਲ ਹੈ ਤੇ ਇਨ੍ਹਾਂ ਦੇ ਆਪਣੇ ਗਾਏ ਹੋਏ ਗੀਤ ਯੂ ਟਿਊਬ (jasveer Sharma Dadahur de ever-green songs) ਤੇ ਸੁਣੇ ਜਾ ਸਕਦੇ ਹਨ ਜੋ ਕਰੀਬ ਇੱਕ ਸੌ ਪੰਜਾਹ ਦੇ ਕਰੀਬ ਹਨ ਓਥੇ ਇਹ ਲੇਖਕ ਹਰ ਰੋਜ਼ ਹੀ ਕਿਸੇ ਔਨ ਲਾਈਨ ਅਖ਼ਬਾਰ ਵਿਚ ਜਾਂ ਪ੍ਰਿੰਟ ਅਖ਼ਬਾਰਾਂ ਵਿੱਚ ਵੀ ਛਪਦਾ ਰਹਿੰਦਾ ਹੈ ਹੁਣ ਤੱਕ ਹਜ਼ਾਰਾਂ ਰਚਨਾਵਾਂ ਜਿਨ੍ਹਾਂ ਵਿੱਚ ਲੇਖ ਕਵਿਤਾਵਾਂ ਸਮੇਂ ਦੇ ਅਨੁਸਾਰ ਸਮਾਜਿਕ ਅਤੇ ਦੁਨਿਆਵੀ ਲੇਖ ਛਪ ਚੁੱਕੇ ਹਨ।ਜਸਵੀਰ ਸ਼ਰਮਾਂ ਦੱਦਾਹੂਰ ਨੂੰ ਬਹੁਤ ਸਾਰੀਆਂ ਸਾਹਿਤ ਸਭਾਵਾਂ, ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਪਿੰਡ ਦੱਦਾਹੂਰ ਦੀ ਪੰਚਾਇਤ ਤੇ ਕਲੱਬ ਵੱਲੋਂ ਵੀ ਸਨਮਾਨਿਆ ਜਾ ਚੁੱਕਾ ਹੈ ਜਸਵੀਰ ਸ਼ਰਮਾ ਦੱਦਾਹੂਰ। ਇਨਾਂ ਨੇ ਬਹੁਤ ਸਾਰੀਆਂ ਸ਼ਾਰਟ ਮੂਵੀਜ਼ ਵਿੱਚ ਵੀ ਰੋਲ ਪਲੇਅ ਕੀਤਾ ਹੈ, ਜਿਨ੍ਹਾਂ ਵਿੱਚ ਰੱਬ ਦੀਆਂ ਰੱਖਾਂ,ਬਦਦੁਆ, ਭਰੂਣ ਹੱਤਿਆ ਤੇ ਕਈ ਫਿਲਮਾਂ ਹਨ। ਪਾਠਕਾਂ ਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਜਸਵੀਰ ਸ਼ਰਮਾ ਦੱਦਾਹੂਰ ਨੇ ਮਹਾਰਾਜਾ ਰਣਜੀਤ ਸਿੰਘ ਟੀ ਵੀ ਸੀਰੀਅਲ ਵਿੱਚ ਵੀ ਐਪੀਸੋਡ ਚਾਰ ਵਿੱਚ ਰੋਲ ਅਦਾ ਕੀਤਾ ਹੈ ਜੋ ਸੰਨ ਦੋ ਹਜ਼ਾਰ ਛੇ ਵਿੱਚ ਰਾਜ ਬੱਬਰ ਜੀ ਨੇ ਬਣਾਇਆ ਸੀ ਤੇ ਇਸ ਦੀ ਸ਼ੂਟਿੰਗ ਚੰਡੀਗੜ੍ਹ ਪਟਿਆਲਾ ਦੀਆਂ ਲੁਕੇਸਨਾਂ ਤੇ ਹੋਈ ਸੀ,ਇਸ ਤੋਂ ਇਲਾਵਾ ਵੀ ਜਸਵੀਰ ਸ਼ਰਮਾਂ ਦੱਦਾਹੂਰ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਨਾਲ ਜੁੜ ਕੇ ਸਮਾਜ ਭਲਾਈ ਨੂੰ ਸਦਾ ਸਮਰਪਿਤ ਰਹਿੰਦਾ ਹੈ, ਸਿਰਫ਼ ਪ੍ਰਾਈਵੇਟ ਡਰਾਈਵਰ ਕਿੱਤੇ ਨੂੰ ਆਪਣਾਏ ਇਸ ਪੰਜਾਬੀ ਮਾਂ ਬੋਲੀ ਦੇ ਹਰਮਨ ਪਿਆਰੇ ਸਪੂਤ ਤੋਂ ਪੰਜਾਬੀਆਂ ਨੂੰ ਹੋਰ ਵੀ ਬਹੁਤ ਸਾਰੀਆਂ ਆਸਾਂ ਹਨ। ਆਪਣੀ ਕਹੱਤਰ ਸਾਲ ਦੀ ਉਮਰ ਵਿੱਚ ਵੀ ਸਚਾਈ ਕਹਿਣ ਤੇ ਲਿਖਣ ਵਾਲਾ ਇਹ ਸ਼ਾਇਰ ਸਟੇਜ ਉਪਰ ਵੀ ਨਿਧੜਕ ਆਪਣੀ ਗੱਲ ਕਹਿਣ ਅਤੇ ਪਾਠਕਾਂ ਅਤੇ ਸਰੋਤਿਆਂ ਦੀਆਂ ਭਰਪੂਰ ਤਾੜੀਆਂ ਬਟੋਰਨ ਵਾਲਾ ਸ਼ਾਇਰ ਹੈ, ਵਾਹਿਗੁਰੂ ਇਨ੍ਹਾਂ ਨੂੰ ਲੰਬੀ ਉਮਰ ਦੇਵੇ ਤੇ ਇਸੇ ਤਰ੍ਹਾਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਾ ਰਹੇ।ਜਸਵੀਰ ਸ਼ਰਮਾਂ ਦੱਦਾਹੂਰ ਜ਼ਿੰਦਗੀ ਵਿੱਚ ਹੋਰ ਵੀ ਬੁਲੰਦੀਆਂ ਨੂੰ ਛੂਹੇ ਇਹੀ ਸਾਡੀ ਦਿਲੀ ਤਮੰਨਾ ਹੈ।

## .ਗ਼ਜ਼ਲ

ਕਿੰਨੇ ਸੱਜਣ ਦੂਰ ਗਏ ਨੇ ਕਿੰਨੇ ਕੁ ਨਜ਼ਦੀਕ ਰਹੇ।
ਸੋਚ ਰਿਹਾ ਹਾਂ ਕਿੰਨੇ ਤੁਰ ਗਏ ਕਿੰਨੇ ਬਾਕੀ ਠੀਕ ਰਹੇ।
ਅਗਰ ਜ਼ੁਰੂਰਤ ਪੈ ਗਈ ਏ ਆਪਾਂ ਸਭ ਦਾ ਸਾਥ ਨਿਭਾਇਆ,
ਜੀਵਨ ਦੇ ਵਿਚ ਬੇਸ਼ਕ ਆਪਾਂ ਹਾਸ਼ੀਏ ਵਾਲੀ ਲੀਕ ਰਹੇ।
ਜਿਹੜੇ ਲੋਕੀਂ ਰਾਹ ਦੁਸੇਰਾ ਉਹਨਾਂ ਸ਼ੋਭਾ ਪਾਉਣੀਂ ਏ,
ਜੁਗਣੂੰ, ਦੀਪਕ, ਸੂਰਜ, ਤਾਰੇ ਨੇਰ੍ਹੇ ਦੇ ਪ੍ਰਤੀਕ ਰਹੇ।
ਤੇਜ਼ ਹਵਾਵਾਂ ਨੇ ਰੁੱਖਾਂ ਨੂੰ ਏਦਾਂ ਦੀ ਆਵਾਜ਼ ਹੈ ਬਖ਼ਸ਼ੀ,
ਬੰਦ ਗੁਫਾਵਾਂ ਦੇ ਵਿਚ ਰਹਿ ਕੇ ਜਿੰਦਾਂ ਲੋਕੀ ਚੀਕ ਰਹੇ।
ਨਾ ਉਡੀਕਾਂ ਨਾ ਉਮੀਦਾਂ ਨਾ ਮੰਗੀ ਮਦਦ ਕਿਸੇ ਤੋਂ,
ਮੇਰੇ ਦੁੱਖ ਵਿਚ ਮੇਰੇ ਹਾਸੇ ਅਪਣੇ ਆਪ ਸ਼ਰੀਕ ਰਹੇ।
ਫੁੱਲਾਂ ਉਤੇ ਸ਼ਬਨਮ ਏਦਾਂ ਪੱਥਰ ਹੋ ਕੇ ਰਹਿ ਗਈ ਏ,
ਅੱਜ ਵੀ ਤੜਕ ਸਵੇਰੇ ਤੇਨੂੰ ਗੁਲਸ਼ਨ ਵਿਚ ਉਡੀਕ ਰਹੇ।
ਮੇਰੀ ਇਹ ਕਮਜ਼ੋਰੀ ਨਈਂ ਏ ਸਿਰਫ਼ ਤਿਰਾ ਰਾਜ ਛੁਪਾਇਆ,
ਮੇਰੇ ਹੰਝੂ ਤਾਂ ਹੀ ਦਿਲ ਵਿਚ ਰੁਕ ਕੇ ਪਲਕਾਂ ਤੀਕ ਰਹੇ।
ਹਾਕਮ ਦੇ ਦਰਬਾਰ 'ਚ ਸਾਰੇ ਨੇਤਾ ਅੰਨੇ ਬੋਲ਼ੇ ਨੇ,
ਬਸਤੀ ਦੇ ਵਿਚ ਕੀ ਕੁਝ ਹੋਇਆ ਕਿਉਂ ਲੋਕੀਂ ਫਿਰ ਚੀਕ ਰਹੇ।
ਬਾਲਮ ਉਹੋ ਹਰ ਸੱਚੇ ਵਿਚ ਢਲ ਨਾ ਹੋਏ ਆਖ਼ਿਰ ਤਕ,
ਜਿਹੜੇ ਲੋਕ ਵਿਚਾਰਾਂ ਅੰਦਰ ਰੇਤੇ ਵਾਂਗ ਬਾਰੀਕ ਰਹੇ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409



# ਸੱਥ ਵਿੱਚ ਗੱਲਾਂ ਹੁੰਦੀਆਂ.....



ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਪਿੰਡ ਦੀ ਸੱਥ ਕਿਸੇ ਵੀ ਪਿੰਡ ਦਾ ਕੇਂਦਰੀ ਸਥਾਨ ਹੁੰਦੀ ਹੈ ਤੇ ਸਭ ਵਾਸਤੇ ਸਾਂਝੀ ਤੇ ਜਾਣੀ-ਪਛਾਣੀ ਥਾਂ ਵਜੋਂ ਜਾਣੀ ਜਾਂਦੀ ਹੈ। ਕਹਿੰਦੇ ਹਨ ਕਿ ਪਿੰਡ ਦੀ ਸੱਥ ਵਿਚ ਪਿੰਡ ਦੀ ਅਸਲ ਰੂਹ ਧੜਕ ਰਹੀ ਹੁੰਦੀ ਹੈ। ਪ੍ਰਸਿੱਧ ਲੋਕਧਾਰਾ ਵਿਗਿਆਨੀ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ- "ਪਿੰਡ ਵਿਚ ਉਹ ਸਾਂਝੀ ਥਾਂ ਜਿਥੇ ਲੋਕੀਂ ਵਿਹਲੀਆਂ ਘੜੀਆਂ ਵਿਚ ਉੱਠਦੇ ਬੈਠਦੇ ਹਨ। ਪਿੰਡ ਦੀ ਪੰਚਾਇਤ, ਕਿਸੇ ਮਾਮਲੇ ਉੱਤੇ ਵਿਚਾਰ ਕਰਨ ਵੇਲੇ, ਸੱਥ ਵਿਚ ਹੀ ਜੁੜਦੀ ਹੈ ਅਤੇ ਪਿੰਡ ਦੇ ਬਹੁਤੇ ਝਗੜੇ ਸੱਥ ਵਿਚ ਹੀ ਨਜਿੱਠੇ ਜਾਂਦੇ ਹਨ... ਸਰਦੀਆਂ ਵਿਚ ਚੋਖੀ ਰਾਤ ਤੱਕ ਸੱਥ ਵਿਚ ਧੂਣੀ ਬਾਲ ਕੇ ਸੇਕੀ ਜਾਂਦੀ ਹੈ ਅਤੇ ਗੱਲਾਂ ਦੇ ਜਾਲ ਬੁਣ ਕੇ ਖੰਭਾਂ ਦੀਆਂ ਡਾਰਾਂ ਬਣਾਈਆਂ ਜਾਂਦੀਆਂ ਹਨ। ਇਸ ਦ੍ਰਿਸ਼ਟੀ ਤੋਂ ਸੱਥ ਪਿੰਡ ਦਾ ਰੰਗ ਮੰਚ ਹੈ, ਜਿਥੇ ਪਿੰਡ ਦੀ ਆਤਮਾ ਕਦੇ ਸਵਾਂਗ ਧਾਰ ਕੇ ਤੇ ਕਦੇ ਨੰਗੇ ਪਿੰਡੇ ਵਿਚਰਦੀ ਹੈ... "(ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨੇ 479-80)। ਪਿੰਡਾਂ ਵਿਚ ਅਕਸਰ ਕੋਈ ਨਾ ਕੋਈ ਸਾਂਝੀ ਥਾਂ ਹੁੰਦੀ ਹੀ ਹੈ। ਬਹੁਤੀਆਂ ਸਥਿਤੀਆਂ ਤੇ ਆਮ ਹਾਲਤਾਂ ਵਿੱਚ ਇਹ ਕਿਸੇ ਵੱਡੇ ਰੁੱਖ ਹੇਠਾਂ ਉਸ ਦੇ ਮੁੱਢ ਦੇ ਆਲੇ-ਦੁਆਲੇ ਬਣੇ ਥੜ੍ਹੇ ਵਾਲੀ ਥਾਂ ਹੁੰਦੀ ਹੈ, ਜਿੱਥੇ ਲੋਕ ਆਪਣੇ ਵਿਹਲ ਦੇ ਪਲ ਲੰਘਾਉਣ ਲਈ, ਗੱਪ-ਸ਼ੱਪ ਮਾਰਨ ਲਈ, ਕੁਝ ਕਹਿਣ-ਸੁਣਨ ਲਈ, ਆਪਣੇ ਆਪਣੇ ਵਿਚਾਰ ਸਾਂਝੇ ਕਰਨ ਲਈ ਆ ਬੈਠਦੇ ਹਨ। ਮੈਂ ਸੁਣਿਆ ਹੈ ਕਿ ਮਾਲਵੇ ਦੇ ਕਈ ਇਲਾਕਿਆਂ ਵਿਚ ਸੱਥ ਵਾਸਤੇ ਦਰਵਾਜ਼ਾ ਸ਼ਬਦ ਵੀ ਵਰਤ ਲਿਆ ਜਾਂਦਾ ਹੈ। ਉਂਜ ਤਾਂ ਲੋਕਾਂ ਨੂੰ ਆਪਣੇ ਖੇਤਾਂ-ਬੰਨ੍ਹਿਆਂ ਦੇ, ਘਰਾਂ ਦੇ ਅਨੇਕ ਕੰਮਾਂ, ਮਾਲ-ਡੰਗਰ ਨੂੰ ਸਾਂਭਣ ਦੇ ਕੰਮਾਂ ਤੋਂ ਵਿਹਲ ਹੀ ਘੱਟ ਮਿਲਦੀ ਹੈ, ਪਰ ਰੋਜ਼ਾਨਾ ਜੀਵਨ ਦੇ ਅਜਿਹੇ ਕੰਮਾਂ ਤੋਂ ਵਿਹਲ ਕੱਢ ਕੇ ਲੋਕ ਪਿੰਡ ਦੀ ਸੱਥ ਵਿਚ ਆ ਕੇ ਬੈਠਣਾ ਵੀ ਪਸੰਦ ਕਰਦੇ ਹਨ। ਸੱਥ ਵਿਚ ਬੈਠਣ, ਗੱਪ-ਸ਼ੱਪ ਮਾਰਨ ਤੇ ਕੁਝ ਕਹਿਣ-ਸੁਣਨ ਨੂੰ ਲੋਕ ਆਪਣੀ ਰੂਹ ਦੀ ਖ਼ੁਰਾਕ ਸਮਝਦੇ ਹਨ। ਸਰਸਰੀ ਤੇ ਓਪਰੀ ਨਜ਼ਰੇ ਵੇਖਿਆਂ ਕਈ ਵਾਰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪਿੰਡ ਦੇ ਬਜ਼ੁਰਗ, ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਆਏ ਲੋਕ ਤੇ ਵਿਹਲੜ ਇਸ ਥਾਂ 'ਤੇ ਆ ਕੇ ਬੈਠਦੇ ਹਨ ਤੇ ਆਪਣੇ ਵਿਹਲ ਦੇ ਪਲਾਂ ਨੂੰ ਦਿਲਚਸਪ ਤੇ ਮਨੋਰੰਜਕ ਬਣਾ ਕੇ ਗੁਜ਼ਾਰਦੇ ਹਨ। ਵੱਡੇ/ਬੁੱਢੇ ਬੋਹੜ ਹੇਠਾਂ ਜੁੜ ਬੈਠੇ, ਗੱਲਾਂ-ਬਾਤਾਂ ਕਰਦੇ, ਹਾਸਾ ਮਜ਼ਾਕ ਕਰਦੇ, ਆਪਣੇ ਤਜਰਬੇ ਸਾਂਝੇ ਕਰਦੇ ਲੋਕ ਖੇਤਾਂ, ਫ਼ਸਲਾਂ, ਪਸ਼ੂਆਂ, ਖੇਤੀ ਸੰਦਾਂ, ਮੰਡੀਆਂ, ਆੜ੍ਹਤੀਆਂ, ਵਪਾਰੀਆਂ, ਜਿਣਸਾਂ ਦੇ ਭਾਅ, ਨਫ਼ੇ-ਨੁਕਸਾਨ, ਪਿੰਡ ਦੇ ਲੜਾਈ-ਝਗੜਿਆਂ, ਪੰਚਾਇਤਾਂ ਆਦਿ ਦੀਆਂ ਗੱਲਾਂ ਕਰਨ ਵਿਚ ਮਸਤ ਰਹਿੰਦੇ ਹਨ। ਅਖ਼ਬਾਰਾਂ ਦੀਆਂ ਖ਼ਬਰਾਂ, ਚਲੰਤ ਮਾਮਲਿਆਂ ਦੇਸ਼/ਪ੍ਰਾਂਤ ਦੀਆਂ ਸਰਕਾਰਾਂ, ਰਾਜਨੀਤੀ, ਕਿਸੇ ਦੀ ਬਹਾਦਰੀ, ਕਿਸੇ ਖੇਤਰ ਵਿਚ ਪਿੰਡ ਦਾ ਨਾਂ ਰੌਸ਼ਨ ਕਰਨ ਵਾਲੇ ਲੋਕਾਂ ਦੀਆਂ ਗੱਲਾਂ ਆਦਿ ਅਕਸਰ ਸੱਥ ਵਿਚ ਚਰਚਾ ਦੇ ਵਿਸ਼ੇ ਬਣਦੀਆਂ ਹਨ। ਅਖਬਾਰਾਂ ਦੀਆਂ ਖਬਰਾਂ ਵਿਸ਼ੇਸ਼ ਤੌਰ 'ਤੇ ਕੇਂਦਰ ਵਿੱਚ ਰਹਿੰਦੀਆਂ ਹਨ। ਪ੍ਰਮੁੱਖ ਖਬਰਾਂ ਪੜ੍ਹ ਕੇ ਵੀ ਸੁਣਾਈਆਂ ਜਾਂਦੀਆਂ ਹਨ। ਰਾਜ, ਦੇਸ਼ ਦੇ ਇਤਿਹਾਸ, ਮਿਥਿਹਾਸ ਆਦਿ ਬਾਰੇ ਵੀ ਕਈ ਗੱਲਾਂ ਕਹੀਆਂ-ਸੁਣੀਆਂ ਜਾਂਦੀਆਂ ਹਨ। ਸੱਥ ਵਿਚ ਕਦੇ ਕਦੇ ਸਾਹਿਤ, ਲੋਕ ਸਾਹਿਤ , ਲੋਕ ਕਲਾ ਆਦਿ ਬਾਰੇ ਵੀ ਚੁੰਝ ਚਰਚਾ ਚੱਲਦੀ ਹੈ। ਪੰਜਾਬੀ ਸੱਭਿਆਚਾਰ ਵਿਚ ਅਜਿਹਾ ਸਦੀਆਂ ਤੋਂ ਹੁੰਦਾ ਚਲਿਆ ਆ ਰਿਹਾ ਹੈ। ਹੀਰ ਦਾ ਨਿਕਾਹ ਕਰਕੇ ਜਦੋਂ ਕਾਜ਼ੀ ਹੀਰ ਨੂੰ ਖੇੜਿਆਂ ਨਾਲ ਤੋਰ ਦਿੰਦਾ ਹੈ ਤਾਂ ਹੀਰ ਰਾਂਝੇ ਨੂੰ ਆਪਣੀ ਬੇਵਸੀ ਦੱਸਦੀ ਹੈ। ਉਸ ਵਕਤ ਰਾਂਝਾ ਸਿਆਲਾਂ ਨੂੰ ਬੁਰਾ ਭਲਾ ਕਹਿ ਸੁਣਾਉਂਦਾ ਹੈ:

ਰਾਂਝੇ ਆਖਿਆ ਸਿਆਲ ਰਲ ਗਏ ਸਾਰੇ
ਅਤੇ ਹੀਰ ਵੀ ਛੱਡ ਈਮਾਨ ਚੱਲੀ
ਸਿਰ ਹੇਠਾਂ ਕਰ ਗਿਆ ਸੀ ਮਹਿਰ ਚੂਚਕ
ਜਦੋਂ ਸੱਥ ਵਿਚ ਆਣ ਕੇ ਗੱਲ ਚੱਲੀ।



ਸੱਥ ਵਿੱਚ ਬੈਠ ਕੇ ਲੋਕ ਇਕ ਦੂਜੇ ਨਾਲ ਦੁੱਖ-ਸੁੱਖ ਸਾਂਝੇ ਕਰਦੇ ਹਨ। ਮਨ ਦੇ ਬੋਝ ਨੂੰ ਹਲਕਾ ਕਰਦੇ ਹਨ ਤੇ ਜੀਵਨ ਵਿਚ ਰੰਗ ਭਰਨ ਦੇ ਆਹਰ ਵਿਚ ਜੁਟੇ ਰਹਿੰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਇਹ ਥਾਂ ਰਮਣੀਕ ਥਾਂ ਬਣਨ ਦਾ ਰੁਤਬਾ ਰੱਖਦੀ ਹੈ, ਇਹ ਸੱਥ ਵਿਚ ਬੈਠਦੇ ਲੋਕ ਬਿਹਤਰ ਜਾਣਦੇ ਹਨ। ਪਿੰਡ ਦੇ ਕਿਸੇ ਵਿਅਕਤੀ ਨੇ ਕੋਈ ਵਿਸ਼ੇਸ਼ ਪ੍ਰਾਪਤੀ ਕੀਤੀ ਹੋਵੇ ਜਾਂ ਬਦਨਾਮੀ ਖੱਟੀ ਹੋਵੇ ਤਾਂ ਉਸਦੀ ਚਰਚਾ ਵੀ ਸੱਥਾਂ 'ਚ ਹੋਣ ਲੱਗਦੀ ਹੈ:

* ਬੀਬਾ ਆਉਣ ਨੇਰੀਆਂ, ਬੀਬਾ ਜਾਣ ਨੇਰੀਆਂ
ਹੁਣ ਸੱਥ ਦੇ ਵਿਚਾਲੇ, ਗੱਲਾਂ ਹੋਣ ਤੇਰੀਆਂ।।।
* ਵੇ ! ਤੂੰ ਘੋੜੀ ਉੱਤੇ ਅੱਗੇ ਕਿਉਂ ਬਠਾ ਲਿਆ
ਸੱਥਾਂ ਵਿੱਚ ਗੱਲਾਂ ਹੋਣੀਆਂ....

ਗਪੌੜੀ, ਅਮਲੀ, ਚੁਟਕਲੇ ਸੁਣਾਉਣ ਵਾਲੇ ਅਤੇ ਗੱਲਾਂ ਨੂੰ ਰੌਚਕ ਬਿਰਤਾਂਤ ਬਣਾ ਕੇ ਪੇਸ਼ ਕਰਨ ਵਾਲੇ ਲੋਕ ਸੱਥ ਵਿਚ ਮਾਣ-ਸਨਮਾਨ ਹਾਸਲ ਕਰਦੇ ਹਨ। ਜ਼ਿੰਦਗੀ ਦੇ ਕਿੱਸਿਆਂ ਨੂੰ ਉਤਸੁਕਤਾ ਭਰਪੂਰ ਰਸ ਰੰਗ ਨਾਲ ਸ਼ਿੰਗਾਰ ਕੇ ਬਿਆਨ ਕਰਨ ਦੀ ਕਲਾ ਵਿਚ ਮਾਹਿਰ ਲੋਕ ਸੱਥ ਵਿਚ ਆਪਣੀ ਵਿਸ਼ੇਸ਼ ਪਛਾਣ ਬਣਾ ਲੈਂਦੇ ਹਨ। ਸੱਥ ਵਿੱਚ ਮਹਿਫ਼ਲ ਸੱਜਦੀ ਹੈ। ਬਿਨਾਂ ਕਿਸੇ ਸੰਗ-ਸੰਕੋਚ ਤੋਂ ਲੋਕ ਆਪਣੀ ਗੱਲ ਕਹਿ ਸੁਣਾਉਂਦੇ ਹਨ। ਉੱਥੇ ਬਾਤ ਦਾ ਬਤੰਗੜ ਵੀ ਬਣਦਾ ਹੈ, ਰਾਈ ਦਾ ਪਹਾੜ ਬਣਾ ਕੇ ਤੇ ਰੱਸੀਆਂ ਦੇ ਸੱਪ ਬਣਾ ਕੇ ਪੇਸ਼ ਕੀਤੇ ਜਾ ਸਕਦੇ ਹਨ। ਬੂੰਦ ਦਾ ਸਮੁੰਦਰ ਬਣਾਇਆ ਜਾ ਸਕਦਾ ਹੈ, ਸਮੁੰਦਰ ਨੂੰ ਕੁੱਜੇ ਵਿਚ ਬੰਦ ਕੀਤਾ ਜਾ ਸਕਦਾ ਹੈ। ਸੌ ਹੱਥ ਰੱਸਾ ਸਿਰੇ 'ਤੇ ਗੰਢ ਕਹਿ ਕੇ ਕਿਸੇ ਗੱਲ/ਬਹਿਸ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਸੱਥਾਂ ਵਿਚ ਗੱਲਾਂ ਕਰਦੇ ਗਾਲੜੀ ਪਿੰਡ ਦੀਆਂ ਛੋਟੀਆਂ-ਵੱਡੀਆਂ ਖ਼ਬਰਾਂ/ਸੂਚਨਾਵਾਂ ਨੂੰ ਮਿਰਚ ਮਸਾਲੇ ਲਗਾ ਕੇ ਸਾਂਝਾ ਕਰਦੇ ਹਨ। ਉਹ ਗੱਲਾਂ ਦੀ ਲੜੀ ਟੁੱਟਣ ਨਹੀਂ ਦਿੰਦੇ। ਸੱਥ ਵਿਚ ਦੇਸ਼ ਦੇ, ਰਾਜ ਦੇ, ਇਲਾਕੇ ਦੇ, ਲੋਕਾਂ ਦੇ ਸਾਂਝੇ ਮਸਲਿਆਂ ਉੱਪਰ ਖੁੰਢ ਚਰਚਾ ਛਿੜਦੀ ਹੈ। ਕਈ ਵਾਰ ਗੰਭੀਰ ਮਸਲੇ ਵੀ ਵਿਚਾਰ ਅਧੀਨ ਲਿਆਂਦੇ ਜਾਂਦੇ ਹਨ। ਪਿੰਡ ਦੇ ਕੇਂਦਰੀ ਸਥਾਨ ਸੱਥ ਵਿਚ ਪਿੰਡ ਦਾ ਦਿਲ ਧੜਕਦਾ ਹੈ। ਲੋਕ ਮਨ ਬੋਲਦਾ ਹੈ। ਸੱਥ ਵਿਚੋਂ ਪਿੰਡ ਦੀ ਆਵਾਜ਼ ਸੁਣੀ ਜਾ ਸਕਦੀ ਹੈ। ਪਿੰਡ ਦੀ ਨਬਜ਼ ਟਟੋਲੀ ਜਾ ਸਕਦੀ ਹੈ। ਪਿੰਡ ਦਾ ਹਾਲ-ਹਵਾਲ ਜਾਣਿਆ ਜਾ ਸਕਦਾ ਹੈ। ਪਿੰਡ ਦੇ ਗਲੀ-ਮੁਹੱਲੇ ਤੋਂ ਲੈ ਕੇ ਰਾਸ਼ਟਰੀ, ਅੰਤਰਾਸ਼ਟਰੀ ਸਮੱਸਿਆਵਾਂ ਦਾ ਜ਼ਿਕਰ ਛਿੜਦਾ ਹੈ। ਸੱਥ ਵਿਚੋਂ ਪਿੰਡ ਦਾ ਸੁਭਾਅ, ਸਮੁੱਚੇ ਪਿੰਡ ਦੇ ਚਰਿੱਤਰ ਦੇ ਕਈ ਪਹਿਲੂਆਂ ਨੂੰ ਸੁਣਿਆ, ਸਮਝਿਆ, ਜਾਣਿਆ ਜਾ ਸਕਦਾ ਹੈ। ਮੁੱਛ ਫੁਟ ਗੱਭਰੂ ਵੀ ਕੁਝ ਨਵਾਂ ਸੁਣਨ ਵਾਸਤੇ ਸੱਥ ਵਿਚ ਗੇੜਾ ਲਾ ਆਉਂਦੇ ਹਨ।

ਸੱਥ ਦਾ ਅਣਲਿਖਿਆ ਤੇ ਅਣਐਲਾਨਿਆ ਜ਼ਾਬਤਾ ਵੀ ਹੁੰਦਾ ਹੈ। ਸੱਥ ਵਿੱਚ ਆ ਕੇ ਬੈਠਣ ਵਾਲੇ ਹਰੇਕ ਉਮਰ/ਵਰਗ ਦੇ ਲੋਕ ਉਸ ਅਨੁਸ਼ਾਸਨ ਦੀ ਪਾਲਣਾ ਕਰਨ ਦੇ ਪਾਬੰਦ ਹੁੰਦੇ ਹਨ। ਸੱਥ ਵਿੱਚ ਦਾਦਾ-ਪੋਤਾ, ਨਾਨਾ-ਦੋਹਤਾ ਇਕੱਠੇ ਬੈਠੇ ਹੋ ਸਕਦੇ ਹਨ। ਇਹ ਤੈਅ ਹੁੰਦਾ ਹੈ ਕਿ ਸੱਥ ਵਿੱਚ ਕੋਈ ਗੱਲ, ਘਟਨਾ, ਚੁਟਕਲਾ, ਗੱਪ ਜਾਂ ਕਥਾ-ਬਿਰਤਾਂਤ ਆਦਿ ਅਜਿਹੇ ਨਾ ਸੁਣਾਏ ਜਾਣ ਜਿਨ੍ਹਾਂ ਵਿੱਚ ਅਸ਼ਲੀਲਤਾ ਵਾਲਾ ਕੋਈ ਅੰਸ਼ ਹੋਵੇ। ਸਮਾਜਿਕ-ਸੱਭਿਆਚਾਰਕ ਕੀਮਤ-ਪ੍ਰਬੰਧ ਨੂੰ ਬਣਾਈ ਰੱਖਣ/ਜੀਉਂਦਿਆਂ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸੱਥ ਵਿੱਚ ਬੈਠਣ ਲਈ ਸੱਥ ਦੇ ਭਾਈਚਾਰੇ ਦੀ ਸਹਿਜ ਸਵੀਕ੍ਰਿਤੀ ਦੀ ਲੋੜ ਸਮਝੀ ਜਾਂਦੀ ਸੀ ਜੋ ਬਹੁਤ ਸਰਲ ਤੇ ਸਹਿਜ ਵਰਤਾਰਾ ਹੁੰਦਾ ਸੀ। ਇਹ ਪ੍ਰਵਾਨਗੀ ਰਸਮੀ ਤੌਰ 'ਤੇ ਲੈਣ ਦੀ ਲੋੜ ਨਹੀਂ ਸੀ ਹੁੰਦੀ। ਕੇਵਲ ਰੱਖ-ਰਖਾਓ ਵਾਸਤੇ ਹੁੰਦੀ ਸੀ। ਆਮ ਹਾਲਤਾਂ ਵਿੱਚ ਸੱਥ ਵਿੱਚ ਲੋਕ ਉਮਰ ਦੇ ਹਿਸਾਬ ਨਾਲ ਬੈਠਣਾ ਪਸੰਦ ਕਰਦੇ ਸਨ। ਗੱਭਰੂ ਵੱਖਰੀ ਟੋਲੀ ਬਣਾ ਲੈਂਦੇ ਸਨ, ਸਿਆਣੀ ਉਮਰ ਦੇ ਲੋਕ ਵੱਖਰੀ। ਗੱਲਾਂ ਸਾਂਝੀਆਂ ਕਰਨ ਵਾਸਤੇ ਕੋਈ ਮਿਆਰ ਜ਼ਰੂਰ ਮਿਥਿਆ ਹੁੰਦਾ ਸੀ।

ਉੱਥੋਂ ਸੁਣੀਆਂ ਗੱਲਾਂ ਜਵਾਨ-ਗੱਭਰੂਆਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਸਕਦੀਆਂ ਹਨ। ਸੱਥ ਵਿਚੋਂ ਉਨ੍ਹਾਂ ਨੂੰ ਜੀਵਨ ਜਾਚ ਦੇ ਕਈ ਮਹੱਤਵਪੂਰਨ ਨੁਕਤੇ ਤੇ ਨੈਤਿਕ ਕਦਰਾਂ-ਕੀਮਤਾਂ ਵਾਲੀਆਂ ਗੱਲਾਂ ਵੀ ਸੁਣਨ ਨੂੰ ਮਿਲ ਸਕਦੀਆਂ ਹਨ। ਦੇਸ਼, ਰਾਜ ਅਤੇ ਇਲਾਕੇ ਦੇ ਨੇਤਾਵਾਂ ਦੇ ਵਿਵਹਾਰ, ਉਨ੍ਹਾਂ ਦੇ ਕੰਮਾਂ, ਉਨ੍ਹਾਂ ਦੇ ਗੁਣ-ਔਗੁਣ ਵੀ ਸੱਥ ਵਿਚ ਚਰਚਾ ਦਾ ਵਿਸ਼ਾ ਬਣਦੇ ਹਨ। ਹੁਣ ਦੇ ਅਤੇ ਪੁਰਾਣੇ ਨੇਤਾਵਾਂ ਦੀ ਤੁਲਨਾ ਵੀ ਕੀਤੀ ਜਾਂਦੀ ਹੈ। ਕਿਸਾਨ ਜਥੇਬੰਦੀਆਂ ਦੀਆਂ ਗੱਲਾਂ, ਸਾਂਝੇ ਘੋਲਾਂ/ਅੰਦੋਲਨਾਂ ਦੀਆਂ ਗੱਲਾਂ, ਕਰਜ਼ੇ ਦੀਆਂ ਖ਼ਰਾਬੀਆਂ, ਵਿਆਹਾਂ ਦੇ ਖ਼ਰਚਿਆਂ, ਕਬੀਲਦਾਰੀਆਂ, ਸਮਾਜਿਕ ਕੁਰੀਤੀਆਂ, ਕੁਨਬਾਪਰਵਰੀ, ਦਫ਼ਤਰਾਂ, ਮੰਡੀਆਂ, ਬੈਂਕਾਂ ਆਦਿ ਵਿੱਚ ਕੰਮ ਕਰਵਾਉਣ ਵੇਲੇ ਆਉਂਦੀਆਂ ਕਠਿਨਾਈਆਂ/ਰੁਕਾਵਟਾਂ, ਰਿਸ਼ਵਤਖੋਰੀ, ਜ਼ਰੂਰੀ ਚੀਜ਼ਾਂ ਦੀ ਪੈਦਾ ਕੀਤੀ ਜਾਂਦੀ ਘਾਟ, ਜਮ੍ਹਾਂ ਖੋਰੀ, ਕਿਰਸਾਨੀ ਜੀਵਨ ਦੀਆਂ ਕਠਿਨਾਈਆਂ, ਫਸਲਾਂ, ਮੌਸਮਾਂ, ਸਮਾਜਿਕ ਕੁਰੀਤੀਆਂ, ਮਹਿੰਗਾਈ, ਚੋਰ ਬਾਜ਼ਾਰੀ, ਪੈਸੇ ਵਾਲੇ ਲੋਕਾਂ ਦੇ ਠਾਠ-ਬਾਠ, ਭ੍ਰਿਸ਼ਟਾਚਾਰ ਆਦਿ ਬਾਰੇ ਵੀ ਗੱਲਾਂ ਛਿੜਦੀਆਂ ਹਨ। ਲਾਈ ਲੱਗਾਂ ਦੀਆਂ ਗੱਲਾਂ ਵੀ ਕਹੀਆਂ-ਸੁਣੀਆਂ ਜਾਂਦੀਆਂ ਹਨ।

ਨਕਲਾਂ ਕਰਨ ਵਾਲੇ, ਭੰਡ, ਰਾਸ ਧਾਰੀਏ, ਕਵੀਸ਼ਰ ਤੇ ਲੋਕਾਂ ਦਾ ਹਲਕਾ-ਫੁਲਕਾ ਮਨੋਰੰਜਨ ਕਰਨ ਵਾਲੇ ਲੋਕ ਕਲਾਕਾਰ ਵੀ ਸੱਥ ਵਿਚ ਆ ਕੇ ਆਪਣੀ ਕਲਾ ਦੇ ਰੰਗ ਬਿਖੇਰਦੇ ਹਨ। ਸੱਥ ਵਿਚ ਅਸਲ ਦੁਨੀਆਂ ਦੇ ਸਮਾਨਾਂਤਰ ਇਕ ਦੁਨੀਆਂ ਵਾਸਾ ਕਰਦੀ ਪ੍ਰਤੀਤ ਹੁੰਦੀ ਹੈ। ਸੱਚ-ਮੁਚ ਸੱਥ ਪਿੰਡ ਦੀ ਆਵਾਜ਼ ਬਣਦੀ ਹੈ। ਸਮੇਂ ਦੇ ਫੇਰ-ਬਦਲ ਨਾਲ ਸੱਥ ਦੇ ਸੁਭਾਅ ਤੇ ਰੌਣਕ ਵਿਚ ਤਬਦੀਲੀ ਦਾ ਵਾਪਰਨਾ ਸਹਿਜ ਕਿਸਮ ਦਾ ਵਰਤਾਰਾ ਹੈ। ਗੱਲਾਂ-ਬਾਤਾਂ ਸਾਂਝੀਆਂ ਕਰਨ ਤੇ ਵਿਚਾਰ ਵਟਾਂਦਰੇ ਲਈ ਅਤਿ ਆਧੁਨਿਕ ਤੇ ਅਸਰਦਾਰ ਸੰਚਾਰ ਸਾਧਨਾਂ ਦੀ ਭਰਮਾਰ ਹੋ ਜਾਣ ਕਾਰਨ ਹੁਣ ਸੱਥਾਂ ਵਿੱਚ ਜੁੜਦੇ ਇਕੱਠ ਵੀ ਪ੍ਰਭਾਵਿਤ ਹੋਏ ਹਨ। ਹੁਣ ਸੱਥ ਦਾ ਮੂੰਹ-ਮੁਹਾਂਦਰਾ ਤੇ ਸਰੂਪ ਬਦਲ ਰਿਹਾ ਹੈ। ਸੱਥ ਦੇ ਪੰਚਾਇਤ ਵਾਲੇ ਸਰੂਪ ਤੇ ਆਦਰ-ਮਾਣ ਵਿੱਚ ਵੀ ਬਹੁਤ ਵੱਡਾ ਪਰਿਵਰਤਨ ਆ ਰਿਹਾ ਹੈ। ਸ਼ਹਿਰਾਂ ਦੇ ਨਾਲ ਲੱਗਦੇ ਪਿੰਡਾਂ ਦੇ ਲੋਕ ਕਲੱਬਾਂ ਦੇ ਮੈਂਬਰ ਬਣ ਗਏ/ਰਹੇ ਹਨ। ਜਿਮ ਖੁੱਲ੍ਹ ਗਏ ਹਨ। ਟੀ।ਵੀ।ਦੇ ਪਾਸਾਰ ਦੀ ਕੋਈ ਸੀਮਾਂ ਨਹੀਂ ਰਹੀ। ਲੋਕ ਪਾਰਕਾਂ, ਕਮਿਊਨਿਟੀ ਹਾਲਾਂ, ਕਸਰਤ ਘਰਾਂ, ਸੀਨੀਅਰ ਸਿਟੀਜ਼ਨ ਘਰਾਂ ਵਿੱਚ ਜਾ ਕੇ ਕਿਸੇ ਸਰਗਰਮੀ ਨਾਲ ਜੁੜਨ ਨੂੰ ਤਰਜੀਹ ਦੇਣ ਲੱਗ ਪਏ ਹਨ। ਪਿਛਲੇ ਵਰ੍ਹਿਆਂ/ਦਹਾਕਿਆਂ ਦੌਰਾਨ ਇਹ ਚਲਨ ਵਧਿਆ ਹੈ। ਸਮਾਜਿਕ ਸੱਭਿਆਚਾਰਕ ਜੀਵਨ ਵਿੱਚ ਬਹੁਤ ਵੱਡਾ ਪਰਿਵਰਤਨ ਵਾਪਰਨ ਦੇ ਬਾਵਜੂਦ ਵੀ ਪਿੰਡ ਦੀ ਸੱਥ ਬਾਰੇ ਬਣਿਆ ਪ੍ਰਭਾਵ ਅਜੇ ਵੀ ਲੋਕ ਮਨਾਂ ਵਿਚ ਆਪਣਾ ਸਥਾਨ ਬਣਾਈ ਬੈਠਾ ਹੈ।

# ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ਦੇ ਪਹਿਰੇਦਾਰ ਅਧਿਕਾਰੀ ਸੁਖਵਿੰਦਰ ਸਿੰਘ

ਅਜੋਕਾ ਮਨੁੱਖ ਆਪਣੇ ਆਪ ਨੂੰ ਧਾਰਮਿਕ ਬਹੁਤ ਦਿਖਾਉਂਦਾ ਹੈ ਪਰ ਧਰਮ ਦੇ ਕਰਮ ਕਰਨ ਤੋਂ ਹਮੇਸ਼ਾ ਪਿੱਛੇ ਰਹਿੰਦਾ ਹੈ। ਇਸ ਸੰਸਾਰ ਵਿੱਚ ਮੁੱਠੀ ਭਰ ਲੋਕ ਹਨ ਜਿਹੜੇ ਉਸ ਪਰਮਾਤਮਾ ਦੀ ਰਜ਼ਾ ਵਿੱਚ ਰਹਿੰਦੇ ਹੋਏ ਕਿਰਤ ਦੀ ਕਦਰ ਕਰਦੇ ਹਨ ਅਤੇ ਕਿਰਤੀਆਂ ਨੂੰ ਹਮੇਸ਼ਾ ਉਤਸ਼ਾਹਿਤ ਕਰਦੇ ਹਨ। ਅਰਥ ਸ਼ਾਸਤਰ ਅਨੁਸਾਰ ਕੰਮ ਕਰਨ ਵਾਲਾ ਹਰ ਵਿਅਕਤੀ ਚਾਹੇ ਉਹ ਕਿਸੇ ਵੀ ਅਹੁਦੇ ਤੇ ਹੋਵੇ ਉਹ ਕਿਰਤੀ ਹੈ। ਇੱਕ ਅਧਿਆਪਕ ਤੋਂ ਵੱਡਾ ਕਿਰਤੀ ਕੋਈ ਨਹੀਂ ਹੋ ਸਕਦਾ ਕਿਉਂਕਿ ਗੁਰੂ ਬਿਨਾਂ ਗਤ ਨਹੀਂ ਹੁੰਦੀ ।ਜਦੋਂ ਕਿਸੇ ਨੂੰ ਕਾਬਲ ਗੁਰੂ ਮਿਲ ਜਾਂਦਾ ਹੈ ਤੇ ਉਹ ਜੀਵਨ ਦੀਆਂ ਸ਼ਾਨਦਾਰ ਮਗਿਲਾਂ ਨੂੰ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਜਾਂਦਾ

ਬਲਜਿੰਦਰ ਮਾਨ 98150-18947

ਹੈ। ਅਨੇਕਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮੰਜ਼ਿਲਾਂ ਦੇ ਰਾਹੇ ਪਾਉਣ ਵਾਲੇ ਹੁਸ਼ਿਆਰਪੁਰ ਦੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਹੋਰਾਂ ਨੂੰ ਅਧਿਆਪਕ ਦਿਵਸ ਮੌਕੇ 5 ਸਤੰਬਰ, 2024 ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਪ੍ਰਬੰਧਕੀ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।ਉਹ ਧਾਰਮਿਕ ਬਿਰਤੀ ਦੇ ਮਾਲਕ, ਹਿੰਮਤੀ, ਮਿਹਨਤੀ ਅਤੇ ਇਮਾਨਦਾਰ ਪ੍ਰਬੰਧਕ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਪੂਰਾ ਜ਼ਿਲ੍ਹਾ ਅੱਗੇ ਤੋਂ ਅਗੇਰੇ ਵਧ ਰਿਹਾ ਹੈ। ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰ ਹੁਸ਼ਿਆਰਪੁਰ ਵਿੱਚ ਜਦੋਂ ਜ਼ਿਲ੍ਹੇ ਦੇ ਅਧਿਆਪਕ ਉਹਨਾਂ ਪਾਸ ਟ੍ਰੇਨਿੰਗ ਲੈਣ ਆਉਂਦੇ ਤਾਂ ਉਹਨਾਂ ਦੇ ਵਿਚਾਰਾਂ ਦਾ ਗੱਫਾ ਲੈ ਕੇ ਵਾਪਸ ਸਕੂਲਾਂ ਵਿੱਚ ਪੁੱਜਦੇ। ਜਿੱਥੇ ਵੀ ਚਾਰ ਅਧਿਆਪਕ ਜੁੜ ਬੈਠਦੇ ਉੱਥੇ ਸੁਖਵਿੰਦਰ ਸਿੰਘ ਦੇ ਉੱਚੇ ਤੇ ਸੁੱਚੇ ਕਿਰਦਾਰ ਅਤੇ ਵਿਚਾਰਾਂ ਦੀ ਚਰਚਾ ਚੱਲਦੀ। ਉਹਨਾਂ ਦੀ ਅਗਵਾਈ ਹੇਠ ਇਹ ਸੰਸਥਾ ਹਮੇਸ਼ਾ ਹੀ ਸ਼ਾਨਦਾਰ ਪ੍ਰਾਪਤੀਆਂ ਕਰਦੀ ਰਹੀ। ਆਪ ਹਰ ਕਿਸੇ ਦੇ ਕੰਮ ਨੂੰ ਸੰਵਾਰਦੇ ਅਤੇ ਸ਼ਿੰਗਾਰਦੇ ਰਹਿੰਦੇ ਹਨ। ਲੋੜਵੰਦਾਂ ਦੀ ਮਦਦ ਕਰਨ ਵਿੱਚ ਸਭ ਤੋਂ ਅੱਗੇ ਹੋ ਤੁਰਦੇ ਹਨ। ਉਹਨਾਂ ਸਿੱਖਿਆ ਜਗਤ ਵਿੱਚ 28 ਦਸੰਬਰ 1996 ਨੂੰ ਪੰਜਾਬੀ ਅਧਿਆਪਕ ਵਜੋਂ ਸਰਕਾਰੀ ਮਿਡਲ ਸਕੂਲ ਡੁਮਾਣਾ ਵਿਖੇ ਆਪਣੀ ਸਰਕਾਰੀ ਸਰਵਿਸ ਦੀ ਸ਼ੁਰੂਆਤ ਕੀਤੀ। ਆਪਣੀਆਂ ਹਿੰਮਤਾਂ ਦੇ ਨਾਲ ਸਕੂਲ ਨੂੰ ਸ਼ਿੰਗਾਰਨ ਤੇ ਸੰਵਾਰਨ ਦਾ ਬੀੜਾ ਚੁੱਕਿਆ ਤੇ ਬਾਅਦ 2006 ਵਿੱਚ ਮੁੱਖ ਅਧਿਆਪਕ ਤੇ 2014 ਵਿੱਚ ਪ੍ਰਿੰਸੀਪਲ ਵਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੰਬਾਲਾ ਜੱਟਾਂ ਵਿੱਚ ਪੁੱਜ ਗਏ। ਉਹਨਾਂ ਆਪਣੀ ਮਿਕਨਾਤੀਸੀ ਸ਼ਖਸ਼ੀਅਤ ਨਾਲ ਇਸ ਸਕੂਲ ਦੀ ਚਰਚਾ ਪੂਰੇ ਇਲਾਕੇ ਵਿੱਚ ਕਰਵਾਈ। ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਾਹਿ ਵਿੱਦਿਆ ਕਿਰਿਆਵਾਂ ਅਤੇ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ। ਆਪ 2015 ਵਿੱਚ ਸੀਨੀਅਰ ਲੈਕਚਰਾਰ ਬਣ ਕੇ ਸਰਕਾਰੀ ਇਨ ਸਰਵਿਸ ਸੈਂਟਰ ਹੁਸ਼ਿਆਰਪੁਰ ਵਿੱਚ ਸੀਨੀਅਰ ਲੈਕਚਰਾਰ ਕੰਮ ਪ੍ਰਿੰਸੀਪਲ ਵਜੋਂ ਸੰਦਲੀ ਪੈੜਾਂ ਪਾਉਣ ਲੱਗੇ। ਜ਼ਿਲ੍ਹੇ ਭਰ ਦੇ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਤਕਨੀਕੀ ਜੁਕਤਾਂ ਸਮਝਾਉਂਦੇ ਆਪਣੀ ਸੁਰੀਲੀ ਬੋਲ ਬਾਣੀ ਨਾਲ ਹਰ ਕਿਸੇ ਨੂੰ ਆਪਣਾ ਬਣਾ ਲੈਂਦੇ। ਸੰਗੀ ਸਾਥੀਆਂ ਲਈ ਸਿਰ ਧੜ ਦੀ ਬਾਜ਼ੀ ਲਾਉਂਦੇ ਹਨ। ਇੱਕ ਗੁਰੂ ਗ੍ਰੰਥ ਸਾਹਿਬ ਦਾ ਆਸਰਾ ਲੈਂਦੇ ਹੋਏ ਗੁਰੂ ਉਪਦੇਸ਼ਾਂ ਤੇ ਪਹਿਰਾ ਦਿੰਦੇ ਹਨ। ਸਾਦੇ ਜੀਵਨ ਦਾ ਆਨੰਦ ਮਾਣਦੇ ਹੋਏ ਉੱਚੇ ਵਿਚਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਹਨ। ਖੁਦ ਮਿਹਨਤੀ ਹੋਣ ਕਰਕੇ ਹਰ ਕਿਸੇ ਨੂੰ ਮਿਹਨਤ ਦੀ ਨਸੀਹਤ ਦਿੰਦੇ ਹਨ।ਅਧਿਆਪਕ ਵਰਗ ਨੂੰ ਇਕੋ ਪ੍ਰੇਰਨਾ ਦਿੰਦੇ ਕਿ ਕੰਮ ਨੂੰ ਪੂਜਾ ਸਮਝ ਕੇ ਕਰੋ ਫਿਰ ਦੇਖੋ ਜੀਵਨ ਦਾ ਰਸ ਕਿਵੇਂ ਮਿਲਦਾ ਹੈ।ਆਪ ਦੀਆਂ ਬਹੁਪੱਖੀ ਵਿੱਦਿਅਕ ,ਸਮਾਜਿਕ ਅਤੇ ਲੋਕ ਭਲਾਈ ਸਰਗਰਮੀਆਂ ਨੂੰ ਪੰਜਾਬ ਦੀਆਂ ਸਵੈ ਸੇਵੀ ਜਥੇਬੰਦੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ 15 ਆਗਸਤ ਅਤੇ 26 ਜਨਵਰੀ ਦੇ ਕੌਮੀ ਤਿਉਹਾਰਾਂ ਤੇ ਸਨਮਾਨਿਆ ਜਾ ਚੁਕਾ ਹੈ।ਇਸ ਸਭ ਕਾਸੇ ਦੇ ਬਾਵਜੂਦ ਆਪ ਨਿਮਰਤਾ ਦਾ ਲੜ ਫੜਕੇ ਆਪਣੇ ਗਿਆਨ ਵਿਗਿਆਨ ਦੀ ਮਹਿਕਾਂ ਚੁਫੇਰੇ ਵੰਡਦੇ ਰਹਿੰਦੇ ਹਨ।

ਸੰਨ 2017 ਤੋਂ ਉਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਅਤੇ 2022 ਤੋਂ ਐਲੀਮੈਂਟਰੀ ਵਿਭਾਗ ਵਿੱਚ ਇਸੇ ਅਹੁਦੇ ਤੇ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ। ਉਹਨਾਂ ਦੀ ਬਦੌਲਤ ਜ਼ਿਲ੍ਹਾ ਹਮੇਸ਼ਾ ਹੀ ਪੰਜਾਬ ਵਿੱਚੋਂ ਪਹਿਲੀਆਂ ਥਾਵਾਂ ਪ੍ਰਾਪਤ ਕਰਦਾ ਆ ਰਿਹਾ ਹੈ।ਉਹ ਦਫ਼ਤਰੀ ਕੰਮਾਂ ਨੂੰ ਨਿਪਟਾਉਂਦੇ ਹੋਏ ਸਕੂਲਾਂ ਵਿੱਚ ਜਾ ਕੇ ਅਧਿਆਪਕਾਂ ਨੂੰ ਰਾਹ ਦਰਸਾਉਂਦੇ ਹਨ ਨਾ ਕਿ ਉਹਨਾਂ ਤੇ ਆਫ਼ਸਰੀ ਕਰਦੇ ਹਨ। ਇਮਾਨਦਾਰੀ ਨਾਲ ਮਿਹਨਤ ਕਰਨ ਵਾਲੇ ਅਧਿਆਪਕਾਂ ਦਾ ਮਾਣ ਸਨਮਾਨ ਕਰਦੇ ਹੋਏ ਵਿਦਿਆਰਥੀਆਂ ਅਤੇ ਮਾਪਿਆਂ ਲਈ ਵੀ ਪ੍ਰੇਰਨਾ ਦਾ ਸੋਮਾ ਬਣਦੇ ਹਨ। ਉਹਨਾਂ ਦਾ ਮੁੱਖ ਮਨੋਰਥ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਅਤੇ ਸਰਕਾਰੀ ਸਹੂਲਤਾਂ ਉਪਲਬਧ ਕਰਵਾ ਕੇ ਉਹਨਾਂ ਦੀ ਸ਼ਖਸ਼ੀਅਤ ਦਾ ਨਿਰਮਾਣ ਕਰਨਾ ਹੈ। ਇਹਨਾਂ ਕਾਰਜਾਂ ਵਿੱਚ ਉਹਨਾਂ ਦੇ ਸਹਿਯੋਗੀ ਅਤੇ ਸਰਪ੍ਰਸਤ ਬਣੇ ਕਰਨੈਲ ਸਿੰਘ, ਜਸਪਾਲ ਸਿੰਘ ਅਤੇ ਮੋਹਣ ਸਿੰਘ ਮੁੱਖ ਅਧਿਆਪਕ ਹਮੇਸ਼ਾ ਚੇਤਿਆਂ ਵਿੱਚ ਵੱਸਦੇ ਹਨ।ਹਿੰਮਤੀ ਅਧਿਆਪਕਾਂ ਦੇ ਰਾਹ ਦਸੇਰੇ ਬਣਕੇ ਉਹਨਾਂ ਨੂੰ ਵੰਨ-ਸੁਵੰਨੀਆਂ ਪ੍ਰਾਪਤੀਆਂ ਕਰਨ ਦੇ ਯੋਗ ਬਣਾਇਆ ਜਾਂਦਾ ਹੈ। ਆਪ ਦੀ ਅਗਵਾਈ ਹੇਠ ਜ਼ਿਲDEL੍ਹਾ ਦਾਖਲੇ ਅਤੇ ਸ਼ਾਨਦਾਰ ਪ੍ਰਾਪਤੀਆਂ ਵਾਸਤੇ ਪਿਛਲੇ ਸਾਲਾਂ ਤੋਂ ਪੂਰੇ ਪੰਜਾਬ ਵਿੱਚੋਂ ਨਿਰੰਤਰ ਪਹਿਲੇ ਦੂਜੇ ਸਨਮਾਨ ਪ੍ਰਾਪਤ ਕਰ ਰਿਹਾ ਹੈ। ਉਤਸਾਹੀ ਬਿਰਤੀ ਦੀ ਮਾਲਕ ਜੀਵਨ ਸਾਥਣ ਕੁਲਦੀਪ ਕੌਰ ਨੇ ਉਹਨਾਂ ਦੀਆਂ ਜੀਵਨ ਪ੍ਰਾਪਤੀਆਂ ਵਿੱਚ ਸੁਨਹਿਰੇ ਪੰਨੇ ਸ਼ਾਮਿਲ ਕੀਤੇ ਹਨ। ਬੇਟੀ ਡਾ. ਗੁਰਲੀਨ ਕੌਰ ਅਤੇ ਬੇਟਾ ਡਾ. ਮਨਪ੍ਰੀਤ ਸਿੰਘ ਵੀ ਉਹਨਾਂ ਵਾਂਗ ਧਾਰਮਿਕ ਬਿਰਤੀ ਦੇ ਮਾਲਕ ਹਨ। ਏਕਸ ਕੇ ਹਮ ਬਾਰਕ ਵਿਦਿਅਕ ਸਮਾਜਿਕ ਨਿਸ਼ਕਾਮ ਸਭਾ ਖਿਆਲਾ ਬੁਲੰਦ ਵਿੱਚ ਉਹਨਾਂ ਦੀ ਭੂਮਿਕਾ ਕਾਬਲੇ ਜ਼ਿਕਰ ਹੈ। ਸੁਖਵਿੰਦਰ ਸਿੰਘ ਹੁਰਾਂ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਜੰਡੀਰਾ ਵਿੱਚ ਨਾਨਕੇ ਘਰ ਪਿਤਾ ਸ਼੍ਰੀ ਰਾਮ ਲਾਲ ਅਤੇ ਮਾਤਾ ਨਿਰਮਲ ਕੌਰ ਦੇ ਘਰ ਇੱਕ ਕਿਰਤੀ ਪਰਿਵਾਰ ਵਿੱਚ ਹੋਇਆ।ਘਰ ਦੇ ਵਾਤਾਵਰਣ ਨੇ ਉਹਨਾਂ ਅੰਦਰ ਪਰਉਪਕਾਰੀ ਕਾਰਜਾਂ ਦੀ ਭਾਵਨਾ ਭਰ ਦਿੱਤੀ। ਆਪ ਨੇ ਮਿਹਨਤ ਅਤੇ ਲਗਨ ਨਾਲ ਡਿਗਰੀਆਂ ਪ੍ਰਾਪਤ ਕਰਨੀਆਂ ਆਰੰਭ ਕੀਤੀਆਂ ਤਾਂ ਕਾਲਜਾਂ ਵਿੱਚ ਟੌਪ ਕਰਕੇ ਅੱਗੇ ਤੋਂ ਅਗੇਰੇ ਵੱਧਦੇ ਗਏ। ਖਾਲਸਾ ਕਾਲਜ ਗੜ੍ਹਦੀਵਾਲਾ ਤੋਂ ਪਹਿਲੀ ਥਾਂ ਹਾਸਲ ਕਰਨ ਉਪਰੰਤ ਗੁਰੂ ਸਰ ਸੁਧਾਰ ਕਾਲਜ ਤੋਂ ਬੀਐਡ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮਏ ਪੰਜਾਬੀ ਵੀ ਪਹਿਲੇ ਦਰਜੇ ਵਿੱਚ ਪਾਸ ਕਰ ਲਈ ।ਸ਼ਾਨਦਾਰ ਅੰਕ ਹੋਣ ਕਰਕੇ ਉਹ ਬਹੁਤ ਜਲਦੀ 1996 ਵਿਚ ਸਰਕਾਰੀ ਸਰਵਿਸ ਵਿੱਚ ਆ ਗਏ।



ਆਪ ਇਕ ਮਾਹਿਰ ਮਨੋਵਿਗਿਆਨੀ ਵਾਂਗ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਵਿਹਾਰ ਕਰਦੇ ਹਨ।ਉਹ ਹਰ ਕਿਸੇ ਦੀ ਮਨ ਦੀ ਬੁਝਣ ਵਿੱਚ ਸਫਲ ਹੁੰਦੇ ਹਨ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਦੇ ਹਨ। ਇਕ ਅਧਿਕਾਰੀ ਦਾ ਇਹੀ ਫਰਜ਼ ਹੁੰਦਾ ਹੈ ਕਿ ਉਸ ਨਾਲ ਕੰਮ ਕਰਨ ਵਾਲੇ ਸਹਿਯੋਗੀ ਸਦਾ ਪ੍ਰਸੰਨ ਹੋ ਕੇ ਕਾਰਜ ਕਰਨ। ਉਹ ਤਦ ਪ੍ਰਸੰਨ ਹੁੰਦੇ ਹਨ ਜਦੋਂ ਉਹਨਾਂ ਨੂੰ ਸੁਯੋਗ ਅਗਵਾਈ ਮਿਲਦੀ ਹੈ।ਇਸ ਤਰ੍ਹਾਂ ਸੁਖਵਿੰਦਰ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਹੁਸ਼ਿਆਰਪੁਰ ਹਮੇਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਨਾਲ ਖੜਦੇ ਹਨ। ਇਸੇ ਕਰਕੇ ਉਹ ਹਰਮਨ ਪਿਆਰੇ ਅਧਿਕਾਰੀ ਬਣੇ ਹੋਏ ਹਨ।ਆਪ ਦਾ ਉਦੇਸ਼ ਸਿੱਖਿਆ ਦੀ ਜੋਤ ਨੂੰ ਹਰ ਆਮ ਤੇ ਖਾਸ ਬੱਚੇ ਤੱਕ ਪੁੱਜਦਾ ਕਰਨਾ ਹੈ।ਉਹ ਅਕਸਰ ਆਖਦੇ ਹਨ ਕਿ ਅਸੀਂ ਗੁਰੂ ਸਾਹਿਬਾਨ ਦੁਆਰਾ ਦਿੱਤੇ ਉਪਦੇਸ਼ਾਂ ਨੂੰ ਜੀਵਨ ਵਿਚ ਅਪਣਾ ਕੇ ਜ਼ਿੰਦਗੀ ਦੇ ਪੰਧ ਨੂੰ ਸੁਖਾਲਾ ਅਤੇ ਉਚੇਰਾ ਕੀਤਾ ਜਾ ਸਕਦਾ ਹੈ।

# ਮਨੀਪੁਰ : ਰੋਮ ਜਲ ਰਿਹਾ ਹੈ



ਗੁਰਮੀਤ ਪਲਾਹੀ
91-98158-02070

ਮਨੀਪੁਰ ਦਾ ਸੰਘਰਸ਼ ਹੁਣ ਗ੍ਰਹਿ ਯੁੱਧ ਜਿਹੀ ਸਥਿਤੀ 'ਤੇ ਪੁੱਜ ਚੁੱਕਾ ਹੈ। ਉਥੋਂ ਦੇ ਮੈਤੇਈ ਅਤੇ ਕੁਕੀ ਫਿਰਕਿਆਂ ਦੇ ਗਰਮ-ਤੱਤੇ ਹਥਿਆਰਬੰਦ ਸੰਗਠਨ ਨਾ ਕੇਵਲ ਹਿੰਸਾ ਕਰਦੇ ਹਨ ਬਲਕਿ ਨਵੇਂ ਆਧੁਨਿਕ ਤਕਨੀਕੀ ਉਪਕਰਨਾਂ, ਹਥਿਆਰਾਂ ਦੀ ਵਰਤੋਂ ਕਰਨ ਲੱਗੇ ਹਨ। ਮਨੀਪੁਰ ਦੇ ਮੁੱਖ ਮੰਤਰੀ ਨੇ ਸਖ਼ਤ ਕਦਮ ਚੁੱਕਣ ਦੀ ਚਿਤਾਵਨੀ ਦਿੱਤੀ ਹੈ, ਪਰ ਉਪਰਲੀ-ਹੇਠਲੀ ਭਾਜਪਾ ਸਰਕਾਰ ਹੱਥ 'ਤੇ ਹੱਥ ਧਰਕੇ ਬੈਠੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਕੋਈ ਜ਼ਿੰਮੇਵਾਰ ਸਰਕਾਰ ਕਿਸ ਤਰ੍ਹਾਂ ਨਾਗਰਿਕਾਂ ਨੂੰ ਆਪਸ ਵਿੱਚ ਇੱਕ-ਦੂਜੇ ਨਾਲ ਭਿੜਦੇ-ਮਰਦੇ ਵੇਖ ਸਕਦੀ ਹੈ?

ਮਨੀਪੁਰ ਦੀ ਹਿੰਸਾ ਨੂੰ ਲੈ ਕੇ ਦੁਨੀਆ ਭਰ ਵਿੱਚ ਦੇਸ਼ ਦੀ ਕਿਰਕਰੀ ਹੋ ਰਹੀ ਹੈ। ਇਹੋ ਜਿਹੀ ਸਥਿਤੀ ਵਿੱਚ ਵੀ ਕੇਂਦਰ ਸਰਕਾਰ ਚੁੱਪ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੇਂਦਰ ਸਰਕਾਰ ਚੁੱਪ ਆਖ਼ਿਰ ਕਿਉਂ ਹੈ? ਜੇਕਰ ਮੁੱਖ ਮੰਤਰੀ ਮਨੀਪੁਰ 'ਚ ਹਿੰਸਾ ਰੋਕਣ 'ਚ ਕਾਮਯਾਬ ਨਹੀਂ ਤਾਂ ਉਸਨੂੰ ਬਦਲਣ 'ਚ ਸੰਕੋਚ ਕਿਉਂ ਹੈ? ਚੋਣ ਨੀਤੀ ਤਹਿਤ ਭਾਜਪਾ ਕਈ ਸੂਬਿਆਂ 'ਚ ਮੁੱਖ ਮੰਤਰੀ ਬਦਲ ਚੁੱਕੀ ਹੈ, ਫਿਰ ਮਨੀਪੁਰ 'ਚ ਕਿਉਂ ਨਹੀਂ ਬਦਲਿਆ ਜਾ ਰਿਹਾ ਹੈ ? ਸਵਾਲ ਤਾਂ ਇਹ ਵੀ ਪੈਦਾ ਹੁੰਦਾ ਹੈ ਕਿ ਰੂਸ-ਯੂਕਰੇਨ ਯੁੱਧ ਰੁਕਵਾਉਣ ਲਈ ਤਾਂ ਪ੍ਰਧਾਨ ਮੰਤਰੀ ਯਤਨਸ਼ੀਲ ਹਨ, ਪਰ ਮਨੀਪੁਰ ਦੀ ਹਿੰਸਾ ਨੂੰ ਰੋਕਣ ਲਈ ਪਹਿਲ ਕਿਉਂ ਨਹੀਂ ਕਰਦੇ?

ਮਨੀਪੁਰ ਬੇਯਕੀਨੀ, ਛਲ-ਕਪਟ ਅਤੇ ਜਾਤੀ ਸੰਘਰਸ਼ ਦੇ ਜਾਲ ਵਿੱਚ ਫਸਿਆ ਹੋਇਆ ਹੈ। ਭਾਵੇਂ ਮਨੀਪੁਰ 'ਚ ਸ਼ਾਂਤੀ ਬਣਾਈ ਰੱਖਣਾ ਪਹਿਲੀਆਂ ਸਰਕਾਰਾਂ ਸਮੇਂ ਵੀ ਸੌਖਾ ਨਹੀਂ ਸੀ, ਪਰ ਭਾਜਪਾ ਦੀ ਕੇਂਦਰੀ ਸਰਕਾਰ ਦੀ ਲਾਪਰਵਾਹੀ ਅਤੇ ਸੂਬਾ ਸਰਕਾਰ ਦੀ ਨਾ- ਕਾਬਲੀਅਤ ਕਾਰਨ ਪਿਛਲੇ ਸਮੇਂ ਤੋਂ ਇਥੇ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ।

ਸਰਕਾਰ ਵਲੋਂ ਪਿਛਲੇ ਇੱਕ ਹਫਤੇ 'ਚ ਦੋ ਜ਼ਿਲਿਆਂ 'ਚ ਕਰਫਿਊ ਲਗਾ ਦਿੱਤਾ ਗਿਆ। ਸਕੂਲ, ਕਾਲਜ ਬੰਦ ਕਰ ਦਿੱਤੇ ਗਏ, ਪੰਜ ਜ਼ਿਲਿਆਂ 'ਚ ਇੰਟਰਨੈੱਟ ਬੰਦ ਕੀਤਾ ਗਿਆ। ਇੰਫਾਲ ਦੀਆਂ ਸੜਕਾਂ 'ਤੇ ਪੁਲਿਸ ਅਤੇ ਵਿਦਿਆਰਥੀ ਇੱਕ ਦੂਜੇ ਦੇ ਆਹਮੋ-ਸਾਹਮਣੇ ਹਨ, ਲੜ ਰਹੇ ਹਨ। ਮਨੀਪੁਰ 'ਚ 26000 ਸੀ।ਆਰ।ਪੀ।ਐਫ। ਜਵਾਨ ਤੈਨਾਤ ਹਨ, ਇਹਨਾ 'ਚ 2000 ਹੋਰ ਦਾ ਵਾਧਾ ਕੀਤਾ ਗਿਆ ਹੈ। ਤਦ ਵੀ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ ਕਾਬੂ 'ਚ ਨਹੀਂ ਹੈ। ਨਿੱਤ ਦਿਹਾੜੇ ਵੱਡੀਆਂ ਵਾਰਦਾਤਾਂ ਹੋ ਰਹੀਆਂ ਹਨ।

ਮਨੀਪੁਰ ਅਸਲ 'ਚ ਦੋ ਰਾਜ ਹਨ। ਚੂੜਾਚਾਂਦਪੁਰ, ਫੇਰਜਾਵਲ ਅਤੇ ਕਾਂਗਪੋਕਪੀ ਜਿਲੇ ਪੂਰੀ ਤਰ੍ਹਾਂ ਕੁਕੀ ਲੋਕਾਂ ਦੇ ਕਾਬੂ ਵਿੱਚ ਹਨ ਅਤੇ ਤੇਂਗਨੋਪਾਲ ਜ਼ਿਲਾ (ਜਿਸ ਵਿੱਚ ਸੀਮਾਵਰਤੀ ਸ਼ਹਿਰ ਮੋਰੇਹ ਵੀ ਸ਼ਾਮਲ ਹੈ) ਜਿਸ ਵਿੱਚ ਕੁਕੀ-ਜੋਮੀ ਅਤੇ ਨਾਗਾ ਦੀ ਰਲੀ-ਮਿਲੀ ਆਬਾਦੀ ਹੈ, ਅਸਲੀਅਤ ਵਿੱਚ ਕੁਕੀ ਜੋਮੀ ਦੇ ਨਿਯੰਤਰਣ ਵਿੱਚ ਹਨ। ਇਥੇ ਕੋਈ ਵੀ ਮੈਤੇਈ ਸਰਕਾਰੀ ਕਰਮਚਾਰੀ ਨਹੀਂ ਹੈ। ਇਹ ਘਾਟੀ ਦੇ ਜ਼ਿਲੇ ਵਿੱਚ ਵਸੇ ਹੋਏ ਹਨ। ਰਾਜ ਦਾ ਲਗਭਗ 40 ਫ਼ੀਸਦੀ ਹਿੱਸਾ ਮੈਦਾਨੀ ਅਤੇ ਘਾਟੀ ਵਾਲਾ ਹੈ, ਜਿਥੇ 53 ਫ਼ੀਸਦੀ ਮੈਤੇਈ ਆਬਾਦੀ ਇਥੇ ਰਹਿੰਦੀ ਹੈ। ਬਾਕੀ 60 ਫੀਸਦੀ ਆਬਾਦੀ ਪਹਾੜੀ ਇਲਾਕੇ 'ਚ ਕੁਕੀ, ਨਾਗਾ ਅਤੇ ਜਨ ਜਾਤੀਆਂ ਰਹਿੰਦੀਆਂ ਹਨ।

ਕੁਕੀ-ਜੋਮੀ ਇਹੋ ਜਿਹੇ ਰਾਜ ਦਾ ਹਿੱਸਾ ਨਹੀਂ ਬਨਣਾ ਚਾਹੁੰਦੇ, ਜਿਥੇ ਮੈਤੇਈ ਬਹੁਮਤ 'ਚ ਹੋਣ। ਮੈਤੇਈ ਮਨੀਪੁਰ 'ਚ ਆਪਣੀ ਪਛਾਣ ਅਤੇ ਖੇਤਰੀ ਅਖੰਡਤਾ ਬਣਾਈ ਰੱਖਣਾ ਚਾਹੁੰਦੇ ਹਨ। ਇੰਜ ਫਿਰਕਿਆਂ ਵਿੱਚ ਦੁਸ਼ਮਣੀ ਗਹਿਰੀ ਹੈ। ਕਿਸੇ ਵੀ ਫਿਰਕੇ ਦੀ ਆਪਸ ਵਿੱਚ ਕੋਈ ਗਲਬਾਤ ਨਹੀਂ, ਕੋਈ ਸਾਂਝ ਨਹੀਂ ਹੈ: ਸਰਕਾਰ ਅਤੇ ਜਾਤੀ ਸਮੂਹ ਦੇ ਵਿੱਚ ਜਾਂ




ਮੈਤੇਈ ਅਤੇ ਕੁਕੀ-ਜੋਮੀ ਵਿਚਕਾਰ। ਨਾਗਾ ਲੋਕਾਂ ਦੀ ਕੇਂਦਰ ਅਤੇ ਰਾਜ ਸਰਕਾਰਾਂ ਦੇ ਖਿਲਾਫ਼ ਆਪਣੀਆਂ ਇਤਿਹਾਸਕ ਸ਼ਕਾਇਤਾਂ ਹਨ ਅਤੇ ਉਹ ਮੈਤੇਈ ਬਨਾਮ ਕੁਕੀ-ਜੋਮੀ ਸੰਘਰਸ਼ ਵਿੱਚ ਉਲਝਣਾ ਨਹੀਂ ਚਾਹੁੰਦੇ।

ਮੌਜੂਦਾ ਸਮੇਂ 'ਚ ਮੁੱਖ ਮੰਤਰੀ ਬੀਰੇਨ ਸਿੰਘ ਸਿਰਫ਼ ਨਾਂਅ ਦੇ ਹੀ ਮੁੱਖ ਮੰਤਰੀ ਬਣਕੇ ਰਹਿ ਗਏ ਹਨ। ਕੁਕੀ-ਜੋਮੀ ਉਹਨਾ ਨੂੰ ਨਫ਼ਰਤ ਕਰਦੇ ਹਨ। ਮੈਤੇਈ ਫਿਰਕਾ ਉਹਨਾਂ ਦੀ ਪਿੱਠ ਉਤੇ ਹੈ, ਪਰ ਮਨੀਪੁਰ 'ਚ ਸਥਿਤੀ ਇਹੋ ਜਿਹੀ ਬਣ ਚੁੱਕੀ ਹੈ ਕਿ ਪ੍ਰਸ਼ਾਸ਼ਨ ਦਾ ਉਥੇ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਸੱਭੋ ਕੁਝ ਫਿਰਕਿਆਂ ਦੇ ਚੌਧਰੀਆਂ ਹੱਥ ਹੈ।

ਮਨੀਪੁਰ ਇਸ ਵੇਲੇ ਜਲ ਰਿਹਾ ਹੈ, ਉਥੇ ਦੇ ਲੋਕਾਂ 'ਚ ਆਪਸੀ ਵਿਸ਼ਵਾਸ ਦੀ ਕਮੀ ਹੋ ਚੁੱਕੀ ਹੈ। ਸੰਸਦੀ ਲੋਕਤੰਤਰ 'ਚ ਮਨੀਪੁਰ ਦੁਖਦ ਸਥਿਤੀ 'ਚ ਪੁੱਜ ਚੁੱਕਾ ਹੈ। ਅਸਲ ਵਿੱਚ ਤਾਂ ਸਰਕਾਰਾਂ ਅਤੇ ਸਿਆਸੀ ਨੇਤਾਵਾਂ ਨੇ, ਮਨੀਪੁਰ ਨੂੰ ਆਪਣੀ ਸਮੂਹਿਕ ਚੇਤਨਾ ਦੇ ਸਭ ਤੋਂ ਗਹਿਰੇ ਹਨ੍ਹੇਰੇ ਦੇ ਇੱਕ ਕੋਨੇ 'ਚ ਦਬਾ ਦਿੱਤਾ ਹੈ।

ਮਨੀਪੁਰ 'ਚ ਦੋ ਫਿਰਕਿਆਂ ਦੇ ਵਿਚਕਾਰ ਲਗਾਤਾਰ ਝੜਪਾਂ ਹੁੰਦੀਆਂ ਹਨ। ਮੈਤੇਈ ਫਿਰਕੇ ਨੂੰ ਅਨੁਸੂਚਿਤ ਜਾਤੀ ਦਾ ਦਰਜਾ ਦੇਣ ਦੀ ਮੰਗ ਨੂੰ ਇਸ ਹਿੰਸਾ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਕੁਕੀ ਫਿਰਕਾ ਇਸਦਾ ਵਿਰੋਧ ਕਰਦਾ ਹੈ। ਇਸ ਹਿੰਸਾ 'ਚ 221 ਲੋਕ ਮਰੇ ਅਤੇ 60000 ਤੋਂ ਵੱਧ ਬੇਘਰ ਹੋਏ। ਪਿੰਡਾਂ ਦੇ ਪਿੰਡ ਇਸ ਹਿੰਸਾ 'ਚ ਤਬਾਹ ਹੋਏ। ਲੋਕਾਂ ਨੂੰ ਹੋਰ ਥਾਵਾਂ ਤੇ ਪਨਾਹ ਲੈਣੀ ਪਈ। ਇੱਕ-ਦੂਜੇ ਦੇ ਚਰਚ, ਮੰਦਰ ਤੋੜ ਦਿੱਤੇ ਗਏ।

ਪਿਛਲੇ ਸਾਲ ਮਨੀਪੁਰ ਹਿੰਸਾ ਦੇ ਦੌਰਾਨ ਭੀੜ ਤੋਂ ਬਚਣ ਲਈ ਮਦਦ ਦੀ ਗੁਹਾਰ ਲਗਾਉਣ ਵਾਲੀਆਂ ਦੋ ਔਰਤਾਂ ਨੂੰ ਪੁਲਿਸ ਨੇ ਹੀ ਦੰਗਾ ਕਰਨ ਵਾਲਿਆਂ ਦੇ ਹੱਥ ਸੌਂਪ ਦਿੱਤਾ। ਇਸ ਤੋਂ ਬਾਅਦ ਭੀੜ ਨੇ ਇਹਨਾ ਦੋ ਔਰਤਾਂ ਨੂੰ ਨਿਰਬਸਤਰ ਕਰ ਦਿੱਤਾ ਅਤੇ ਇਲਾਕੇ 'ਚ ਘੁੰਮਾਇਆ ਅਤੇ ਉਹਨਾ ਦਾ ਜੋਨ ਉਤਪੀੜਨ ਵੀ ਕੀਤਾ ਗਿਆ। ਇਸ ਘਟਨਾ ਨੇ ਭਾਰਤ ਦੇਸ਼ ਦਾ ਅਕਸ ਵਿਦੇਸ਼ਾਂ 'ਚ ਬਹੁਤ ਧੁੰਦਲਾ ਕੀਤਾ। ਭਾਰਤੀ ਨੇਤਾਵਾਂ ਨੂੰ ਉਹਨਾ ਦੇ ਵਿਦੇਸ਼ ਦੌਰਿਆਂ ਦੌਰਾਨ ਇਸ ਸਬੰਧੀ ਸਵਾਲ ਪੁੱਛੇ। ਅਸਲ 'ਚ ਇਸ ਘਟਨਾ ਨੇ ਭਾਰਤੀਆਂ ਨੂੰ ਪੂਰੀ ਦੁਨੀਆਂ 'ਚ ਸ਼ਰਮਸਾਰ ਕੀਤਾ।

ਮਨੀਪੁਰ ਵਿੱਚ ਸੰਘਰਸ਼ ਦਾ ਮੁੱਖ ਕਾਰਨ ਜ਼ਮੀਨ ਹੈ। ਇਥੇ ਸਮਾਜਿਕ-ਆਰਥਿਕ ਅਤੇ ਸਿਆਸੀ ਵਿਵਸਥਾਵਾਂ ਜ਼ਮੀਨ ਅਤੇ ਇਸ ਨਾਲ ਸਬੰਧਤ ਮੁੱਦਿਆ ਤੇ ਹੀ ਕੇਂਦਰਤ ਹਨ। ਖ਼ਾਸ ਕਰਕੇ ਆਦਿਵਾਸੀਆਂ ਲਈ ਜ਼ਮੀਨ, ਇਕੋ ਇੱਕ ਮਹੱਤਵਪੂਰਨ ਭੌਤਿਕ ਜਾਇਦਾਦ ਹੈ। ਸੰਸਕ੍ਰਿਤਿਕ ਅਤੇ ਜਾਤੀ ਪਛਾਣ ਨੂੰ ਸਹੀ ਆਕਾਰ ਦੇਣ ਲਈ ਕਿਸੇ ਸਥਾਨ ਵਿਸ਼ੇਸ਼ ਦੀ ਜ਼ਮੀਨ ਦੀ ਭੂਮਿਕਾ ਖ਼ਾਸ ਹੁੰਦੀ ਹੈ। ਇਸ ਤੋਂ ਬਿਨ੍ਹਾਂ ਆਦਿਵਾਸੀ ਸੁਮਦਾਏ ਦੀ ਜ਼ਮੀਨ ਅਤੇ ਜੰਗਲ ਦੇ ਸਾਖ਼ ਇੱਕ ਸਹਿਜੀਵੀ ਸਬੰਧ ਹਨ, ਜਿਹਨਾ ਉਤੇ ਉਹਨਾ ਦੀ ਰੋਜੀ ਰੋਟੀ ਨਿਰਭਰ ਹੈ। ਇਸ ਸੰਘਰਸ਼ ਅਤੇ ਹਿੰਸਾ ਦੀ ਵਜਾਹ ਮੀਆਮਾਰ ਦੇਸ਼ ਤੋਂ ਗੈਰਕਾਨੂੰਨੀ ਪ੍ਰਵਾਸ ਦਾ ਵਧਣਾ ਅਤੇ ਬੇਰੁਜ਼ਗਾਰੀ ਨੂੰ ਵੀ ਗਿਣਿਆ ਜਾਂਦਾ ਹੈ। ਜਿਹੜੇ ਨੌਜਵਾਨ ਪੜ੍ਹ ਲਿਖ ਗਏ ਹਨ। ਜਿਹਨਾ ਨੂੰ ਨੌਕਰੀ ਨਹੀਂ ਮਿਲਦੀ, ਉਹ ਅਸੰਤੁਸ਼ਟ ਨਜ਼ਰ ਆਉਂਦੇ ਹਨ। ਰੋਸ ਪ੍ਰਗਟ ਕਰਦੇ ਹਨ। ਸੜਕਾਂ 'ਤੇ ਉਤਰਦੇ ਹਨ। ਘੱਟ ਪੜ੍ਹੇ ਲਿਖਿਆ ਲਈ ਕੋਈ ਕਿੱਤਾ ਸਿਖਲਾਈ ਦਾ ਪ੍ਰਬੰਧ ਨਹੀਂ, ਸਵੈ-ਰੁਜ਼ਗਾਰ ਦੀ ਵੀ ਕਮੀ ਹੈ, ਇਸ ਲਈ ਉਹਨਾ ਦਾ ਪ੍ਰੇਸ਼ਾਨ ਹੋਣਾ ਅਤੇ ਗਰਮ-ਸਰਦ ਧੜਿਆਂ 'ਚ ਸ਼ਾਮਲ ਹੋਣਾ ਅਤੇ ਨਸ਼ਿਆਂ 'ਚ ਗਰਕ ਹੋਣਾ ਸੁਭਾਵਕ ਹੈ।

ਮਨੀਪੁਰ 1949 'ਚ ਭਾਰਤ ਦਾ ਹਿੱਸਾ ਬਣਿਆ। 1972 ਵਿੱਚ ਇਸਨੂੰ ਪੂਰੇ ਰਾਜ ਦਾ ਦਰਜਾ ਮਿਲਿਆ। ਇਥੇ ਰਾਜਸ਼ਾਹੀ ਦੇ ਸ਼ਾਸ਼ਨ ਕਾਲ 'ਚ ਆਈ.ਐਲ.ਪੀ. ਜਿਹੀ ਪ੍ਰਣਾਲੀ ਲਾਗੂ ਸੀ, ਜਿਸਦੇ ਤਹਿਤ ਕੋਈ ਬਾਹਰਲਾ ਵਿਅਕਤੀ ਰਾਜ ਵਿੱਚ ਨਾ ਤਾਂ ਨਾਗਰਿਕ ਬਣ ਸਕਦਾ ਸੀ ਅਤੇ ਨਾ ਹੀ ਜ਼ਮੀਨ ਜਾਂ ਹੋਰ ਕੋਈ ਜਾਇਦਾਦ ਖ਼ਰੀਦ ਸਕਦਾ ਸੀ। ਪਰੰਤੂ ਕੇਂਦਰ ਨੇ ਇਹ ਪ੍ਰਣਾਲੀ ਖ਼ਤਮ ਕਰ ਦਿੱਤੀ ਸੀ। ਹੁਣ ਸਮੇਂ-ਸਮੇਂ ਇਹ ਪ੍ਰਣਾਲੀ ਲਾਗੂ ਕਾਰਨ ਦੀ ਮੰਗ ਉਠਦੀ ਰਹਿੰਦੀ ਹੈ ਅਤੇ ਲੋਕਾਂ 'ਚ ਵੱਖਰੇਵੇਂ ਦੀ ਭਾਵਨਾ ਵਧ ਰਹੀ ਹੈ।


ਮਨੀਪੁਰ ਦੀ ਸਮੱਸਿਆ ਗੰਭੀਰ ਹੈ। ਇਸ ਉਤੇ ਚੁੱਪੀ ਵੱਟਕੇ ਨਹੀਂ ਬੈਠਿਆ ਜਾ ਸਕਦਾ। ਮਨੀਪੁਰ 'ਤੇ ਚੁੱਪੀ ਅਤੇ ਸਥਿਲਤਾ ਨਾ ਕੇਵਲ ਉਸ ਰਾਜ ਦੇ ਤਬਾਹੀ ਦੇ ਲਈ ਜ਼ਿੰਮੇਦਾਰ ਹੋ ਰਹੀ ਹੈ, ਬਲਕਿ ਭਵਿੱਖ ਵਿੱਚ ਇਸ ਤੋਂ ਵੀ ਵੱਡੇ ਖਤਰੇ ਪੈਦਾ ਹੋਣ ਦੀ ਅਸ਼ੰਕਾ ਗਹਿਰੀ ਹੁੰਦੀ ਜਾ ਰਹੀ ਹੈ। ਇਸ ਮਹੱਤਵਪੂਰਨ ਸੂਬੇ ਦੇ ਹਾਲਾਤ ਇਹੋ ਜਿਹੇ ਬਣ ਚੁੱਕੇ ਹਨ ਕਿ ਕੇਂਦਰ ਸਰਕਾਰ ਦੀ ਪਹਿਲਕਦਮੀ ਲੋੜੀਂਦੀ ਹੈ, ਉਥੇ ਅਮਨ-ਸ਼ਾਂਤੀ ਲਈ ਫਿਰਕਿਆਂ 'ਚ ਇੱਕ ਸੁਰਤਾ ਦੀ ਲੋੜ ਹੈ। ਉਥੇ ਬੁਨਿਆਦੀ ਢਾਂਚਾ ਲੋੜੀਂਦਾ ਹੈ। ਨਰੇਂਦਰ ਮੋਦੀ ਦਾ ਦੌਰਾ ਉਥੇ ਭਾਰਤ ਸਰਕਾਰ ਦੀ ਹੋਂਦ ਤਾਂ ਦਰਸਾਏਗਾ ਹੀ, ਸੂਬਾ ਸਰਕਾਰ ਖ਼ਾਸ ਕਰਕੇ ਮੁੱਖਮੰਤਰੀ ਦੇ ਵਿਗੜ ਚੁੱਕੇ ਅਕਸ 'ਚ ਕੁਝ ਸੁਧਾਰ ਵੀ ਲਿਆਏਗਾ ਪਰ 9 ਜੂਨ 2024 ਦੇ ਤੀਜੇ ਕਾਰਜਕਾਲ ਤੋਂ ਬਾਅਦ ਵੀ ਮੋਦੀ ਮਨੀਪੁਰ ਨਹੀਂ ਗਏ ਹਾਲਾਂਕਿ ਉਹ ਕਈ ਦੇਸ਼ਾਂ, ਇਟਲੀ, ਰੂਸ, ਅਸਟਰੀਆ, ਪੋਲੈਂਡ, ਸਿੰਗਾਪੁਰ ਦਾ ਦੌਰਾ ਕਰ ਚੁੱਕੇ ਹਨ ਅਤੇ ਉਹ ਅਮਰੀਕਾ, ਰੂਸ, ਬਰਾਜੀਲ ਆਦਿ ਦੇਸ਼ਾਂ 'ਚ ਜਾਣ ਦਾ ਪ੍ਰੋਗਰਾਮ ਬਣਾਈ ਬੈਠੇ ਹਨ।

ਇਸ ਵੇਲੇ ਤਾਂ ਕੇਂਦਰ ਸਿੰਘਾਸਨ ਦਾ ਮਹਾਂਮੰਤਰੀ ਨਰੇਂਦਰ ਮੋਦੀ ਸਾਬਕਾ ਕੇਂਦਰੀ ਮੰਤਰੀ ਪੀ।ਚਿੰਦਬਰਮ ਦੇ ਸ਼ਬਦਾਂ 'ਚ, "ਮਨੀਪੁਰ ਕੋ ਜਲਨੇ ਦੋ, ਮੈਂ ਮਨੀਪੁਰ ਕੀ ਧਰਤੀ ਪਰ ਕਦਮ ਨਹੀਂ ਰਖੂੰਗਾ" ਦੀ ਜ਼ਿੱਦ ਬਿਲਕੁਲ ਉਵੇਂ ਕਰੀ ਬੈਠਾ ਹੈ, ਜਿਵੇਂ ਦੀ ਉਸਦੀ ਜ਼ਿੱਦ ਗੁਜਰਾਤ ਦੰਗਿਆਂ, ਸੀਏਏ ਵਿਰੋਧੀ ਪ੍ਰਦਰਸ਼ਨਾਂ ਅਤੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ਼ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਦੌਰਾਨ ਵੇਖੀ ਸੀ।

ਮਨੀਪੁਰ ਜਲ ਰਿਹਾ ਹੈ। ਮਨੀਪੁਰ ਦੀ ਜਨਤਾ ਪ੍ਰੇਸ਼ਾਨ ਹੈ। ਦੇਸ਼ ਦਾ "ਰਾਜਾ ਬੰਸਰੀ ਵਜਾ ਰਿਹਾ ਹੈ, ਰੋਮ ਜਲ ਰਿਹਾ ਹੈ।"

# ਸਾਲ 2024 ਦੇ ਢਾਹਾਂ ਸਾਹਿਤ ਇਨਾਮ ਲਈ ਚੁਣੇ ਗਏ ਤਿੰਨ ਕਹਾਣੀਕਾਰਾਂ ਸ਼ਹਿਜ਼ਾਦ ਅਸਲਮ ਲਾਹੌਰ, ਜਿੰਦਰ ਜਲੰਧਰ, ਸੁਰਿੰਦਰ ਨੀਰ ਜੰਮੂ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)-** ਸਾਲ 2013 ਤੋਂ ਕੈਨੇਡਾ ਦੀ ਧਰਤੀ ਤੋਂ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਇਨਾਮ 2024 ਦੇ ਆਖਰੀ ਪੜਾਅ ਵਿਚ ਪੁੱਜੇ ਤਿੰਨ ਕਹਾਣੀਕਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ । ਸ. ਬਰਜਿੰਦਰ ਸਿੰਘ ਢਾਹਾਂ ਬਾਨੀ ਢਾਹਾਂ ਸਾਹਿਤ ਇਨਾਮ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਢਾਹਾਂ ਸਾਹਿਤ ਇਨਾਮ 2024 ਦੇ ਫਾਈਨਲਿਸਟਾਂ ਵਿਚ ਸ਼ਹਿਜ਼ਾਦ ਅਸਲਮ (ਲਾਹੌਰ, ਪੰਜਾਬ, ਪਾਕਿਸਤਾਨ) ਦਾ ਕਹਾਣੀ ਸੰਗ੍ਰਿਹ "ਜੰਗਲ ਰਾਖੇ ਜੱਗ ਦੇ", ਜਿੰਦਰ (ਜਲੰਧਰ, ਪੰਜਾਬ, ਭਾਰਤ) ਦਾ ਕਹਾਣੀ ਸੰਗ੍ਰਿਹ "ਸੇਫਟੀ ਕਿੱਟ" ਅਤੇ ਸੁਰਿੰਦਰ ਨੀਰ (ਜੰਮੂ, ਜੰਮੂ ਅਤੇ ਕਸ਼ਮੀਰ, ਭਾਰਤ) ਦਾ ਕਹਾਣੀ ਸੰਗ੍ਰਿਹ "ਟੈਬੂ" ਸ਼ਾਮਿਲ ਹੈ । ਇਹਨਾਂ ਤਿੰਨ ਕਹਾਣੀ ਸੰਗ੍ਰਹਿਾਂ ਵਿਚੋ ਇੱਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋਵਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਵੇਗਾ। ਸਨਮਾਨ ਦੀ ਇਹ ਰਸਮ 14 ਨਵੰਬਰ, 2024 ਨੂੰ ਸਰੀ, ਬ੍ਰਿਟਿਸ਼ ਕੋਲੰਬੀਆ ਦੇ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਚ ਹੋ ਰਹੇ ਵਿਸ਼ੇਸ਼ ਸਮਾਗਮ ਵਿਚ ਅਦਾ ਹੋਵੇਗੀ । ਇਸ ਮੌਕੇ ਜੇਤੂ ਕਿਤਾਬਾਂ ਦਾ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਸਨਮਾਨ ਭੇਟ ਕੀਤਾ ਜਾਵੇਗਾ।




ਸ਼ਹਿਜ਼ਾਦ ਅਸਲਮ, 'ਜੰਗਲ ਰਾਖੇ ਜੱਗ ਦੇ' ਜਿੰਦਰ, 'ਸੇਫ਼ਟੀ ਕਿੱਟ' ਸੁਰਿੰਦਰ ਨੀਰ, 'ਟੈਬੂ'

ਸ. ਬਰਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ "ਸਾਡਾ ਟੀਚਾ ਹਰ ਸਾਲ ਪ੍ਰਕਾਸ਼ਿਤ ਹੋਣ ਵਾਲੇ ਪੰਜਾਬੀ ਗਲਪ ਦੀਆਂ ਉੱਤਮ ਰਚਨਾਵਾਂ ਨੂੰ ਆਮ ਲੋਕਾਈ ਤੱਕ ਪਹੁੰਚਾਉਣਾ ਹੈ। ਪੰਜਾਬੀ ਜ਼ੁਬਾਨ ਦੀ ਅਮੀਰ ਵਿਰਾਸਤ ਨੂੰ ਜੋੜਨ ਵਾਲੇ ਢਾਹਾਂ ਸਾਹਿਤ ਇਨਾਮ ਦਾ ਉਦੇਸ਼ ਹੱਦਾਂ-ਸਰਹੱਦਾਂ ਤੋਂ ਉੱਪਰ ਉੱਠਕੇ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ ਨੂੰ ਜੋੜਨਾ, ਪੰਜਾਬੀ ਭਾਸ਼ਾ-ਸਾਹਿਤ ਦਾ ਪਸਾਰ ਕਰਨਾ ਹੈ। ਇਹ ਇਨਾਮ ਲੇਖਕਾਂ ਨੂੰ ਅਲੋਚਨਾਤਮਕ ਪਛਾਣ ਅਤੇ ਪ੍ਰਸਿੱਧੀ ਦਿੰਦਾ ਹੈ, ਜਿਸ ਨਾਲ ਉਹਨਾਂ ਲਈ ਕੌਮਾਂਤਰੀ ਪੱਧਰ ਤੇ ਬਹੁ-ਭਾਸ਼ੀ ਪਾਠਕਾਂ ਤੱਕ ਪਹੁੰਚਣ ਦਾ ਰਸਤਾ ਵੀ ਮਿਲਦਾ ਹੈ । ਢਾਹਾਂ ਸਾਹਿਤ ਇਨਾਮ ਰਾਹੀਂ ਅਸੀਂ ਹਮੇਸ਼ਾ ਹੀ ਦੋਵਾਂ ਪੰਜਾਬਾਂ ਵਿਚ ਸਾਂਝਾਂ ਦਾ ਪੁਲ ਬੰਨ੍ਹਣ ਲਈ ਯਤਨਸ਼ੀਲ ਰਹੇ ਹਾਂ। ਸ। ਢਾਹਾਂ ਨੇ ਕਿਹਾ ਕਿ ਪੰਜਾਬੀ ਸਾਹਿਤ ਜਗਤ ਵਿਚ ਢਾਹਾਂ ਸਾਹਿਤ ਇਨਾਮ ਨੂੰ ਸਮੂਹ ਸਾਹਿਤ ਸਿਰਜਣਹਾਰਾਂ ਅਤੇ ਆਲੋਚਕਾਂ ਵੱਲੋਂ ਭਰਪੂਰ ਮਾਣ-ਸਤਿਕਾਰ ਕੌਮਾਂਤਰੀ ਪੱਧਰ ਤੇ ਦਿੱਤਾ ਜਾ ਰਿਹਾ ਹੈ ਅਤੇ ਹੌਂਸਲਾ ਅਫਜ਼ਾਈ ਕੀਤੀ ਜਾ ਰਹੀ ਹੈ । ਉਹਨਾਂ ਦੱਸਿਆ ਕਿ ਸਾਲ 2024 ਵਿਚ ਭਾਰਤ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਕੈਨੇਡਾ ਤੋਂ ਵੱਡੀ ਗਿਣਤੀ ਵਿਚ ਪੁਸਤਕਾਂ ਪੁਰਸਕਾਰ ਲਈ ਪ੍ਰਾਪਤ ਹੋਈਆਂ ਸਨ । ਢਾਹਾਂ ਸਾਹਿਤ ਇਨਾਮ ਜੇਤੂ ਪੰਜਾਬੀ ਸਾਹਿਤ ਜਗਤ ਦੇ ਉੱਚ ਕੋਟੀ ਦੇ ਕਹਾਣੀਕਾਰ ਅਤੇ ਉੱਤਮ ਸ਼ਖਸ਼ੀਅਤਾਂ ਹਨ । ਜਿਹਨਾਂ ਦੀਆਂ ਕਹਾਣੀਆਂ ਦੀਆਂ ਇਹ ਪੁਸਤਕਾਂ ਸਾਡੇ ਪੰਜਾਬੀ ਸਾਹਿਤ ਜਗਤ ਨੂੰ ਇਕ ਵਿੱਲਖਣ ਸੰਦੇਸ਼ ਦੇਣ ਵਾਲੀਆਂ ਹਨ । ਸ। ਢਾਹਾਂ ਨੇ ਦੱਸਿਆ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਖੇ ਸਾਲ 2013 ਵਿਚ ਸਥਾਪਿਤ ਕੀਤਾ ਗਿਆ ਸੀ, ਜਿੱਥੇ ਪੰਜਾਬੀ ਲੋਕਾਂ ਦਾ, ਪੰਜਾਬੀ ਭਾਸ਼ਾ ਦਾ ਅਤੇ ਪੰਜਾਬੀ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ । ਪੰਜਾਬੀ ਹੁਣ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਇੱਕ ਮਜ਼ਬੂਤ ਧਾਗਾ ਹੈ।

ਇਸ ਮੌਕੇ ਢਾਹਾਂ ਸਾਹਿਤ ਇਨਾਮ ਦੇ ਸਲਾਹਕਾਰ ਬੋਰਡ ਦੇ ਮੁਖੀ ਸ੍ਰੀ ਜੁਬੈਰ ਅਹਿਮਦ ਨੇ ਦੱਸਿਆ ਕਿ ਸਾਲ 2024 ਲਈ ਚੁਣੇ ਗਈਆਂ ਪੁਸਤਕਾਂ ਵਿੱਚ ਵਿਸ਼ਵ ਦੇ ਕਈ ਦੇਸ਼ਾਂ ਵਿਚ ਪੰਜਾਬੀਆਂ ਨਾਲ ਸਬੰਧਤ ਮੌਜੂਦਾ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਜਿਹਨਾਂ ਵਿੱਚ ਵਾਤਾਵਰਨ, ਔਰਤਾਂ ਦਾ ਸਸ਼ਕਤੀਕਰਨ, ਜਾਤ-ਪਾਤ, ਮਨੁੱਖੀ ਰਿਸ਼ਤੇ, ਪੰਜਾਬੀ ਡਾਇਸਪੋਰਾ ਅਤੇ ਹੋਰ ਬਹੁਤ ਸਵੰਦੇਨਸ਼ੀਲ ਵਿਸ਼ੇ ਸ਼ਾਮਲ ਹਨ । ਸ੍ਰੀ ਜੁਬੈਰ ਅਹਿਮਦ ਨੇ ਕਿਹਾ ਕਿ ਇਹਨਾਂ ਲੇਖਕਾਂ ਨੇ ਆਪਣੀਆਂ ਕਹਾਣੀਆਂ ਰਾਹੀਆਂ ਉਪਰੋਕਤ ਵਿਸ਼ਿਆਂ ਨੂੰ ਸ਼ਾਨਦਾਰ ਤਰੀਕੇ ਨਾਲ ਪਾਠਕਾਂ ਦੇ ਸਨਮੁੱਖ ਕੀਤਾ ਹੈ । ਸਾਲ 2024 ਦੇ ਸਨਮਾਨ ਸਮਾਗਮ ਵਿੱਚ ਪ੍ਰਸਿੱਧ ਸੰਗੀਤਕਾਰ ਤਬਲਾ ਵਾਦਕ ਸੰਨੀ ਮਠਾੜੂ, ਦਿਲਰੁਬਾ ਵਾਦਕ ਪਵਿੱਤਰ ਸਿੰਘ ਅਤੇ ਗਾਇਕ ਸਾਂਝ ਜੌੜਾ ਵੱਲੋ ਆਪਣੀਆਂ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ ਜਾਣਗੀਆਂ ਅਤੇ ਮੰਚ ਸੰਚਾਲਨ ਮੀਡੀਆ ਦੀ ਉੱਘੀ ਸ਼ਖਸੀਅਤ ਬੀਬੀ ਤਰੰਨੁਮ ਥਿੰਦ ਵੱਲੋਂ ਕੀਤਾ ਜਾਵੇਗਾ ਵਰਨਣਯੋਗ ਹੈ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ ਕੈਨੇਡਾ ਵਿਚ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੁਆਰਾ ਦਿੱਤਾ ਜਾਂਦਾ ਹੈ ਅਤੇ ਜੋ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਡਿਪਾਰਟਮੈਂਟ ਆਫ ਏਸ਼ੀਅਨ ਸਟੱਡੀਜ਼ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ। ਇਸ ਇਨਾਮ ਵਿੱਚ ਸ। ਬਰਜਿੰਦਰ ਸਿੰਘ ਢਾਹਾਂ ਅਤੇ ਉਹਨਾਂ ਸੁਪਤਨੀ ਬੀਬੀ ਰੀਟਾ ਢਾਹਾਂ ਵੱਲੋਂ ਪ੍ਰਮੁੱਖ ਯੋਗਦਾਨ ਪਾਇਆ ਜਾਂਦਾ ਹੈ। ਸਾਲ 2013 ਵਿਚ ਸਥਾਪਤ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਦੀਆਂ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਇਨਾਮ ਹੈ।

# ਸਿਲਵਨ ਲੇਕ

## ਜਿੱਥੇ ਕਨੇਡੀਅਨ ਮੁਟਿਆਰਾਂ ਪੰਜਾਬੀ ਗੀਤਾਂ 'ਤੇ ਭੰਗੜਾ ਪਾਉਂਦੀਆਂ ਹਨ



ਬਲਵਿੰਦਰ ਬਾਲਮ ਗੁਰਦਾਸਪੁਰ
91-98156-25409

ਕਨੇਡਾ ਵਿਚ ਅਨੇਕਾਂ ਹੀ ਖ਼ੂਬਸੂਰਤ ਝੀਲਾਂ ਹਨ। ਆਕਾਰ ਵਿਚ, ਮਿਆਰ ਵਿਚ, ਦ੍ਰਿਸ਼ਾਵਲੀਆਂ ਵਿਚ ਅਤੇ ਛੋਟੇ ਛੋਟੇ ਟਾਪੂਆਂ ਦੇ ਸੁਮੇਲ ਨਾਲ। ਪਰ ਸਿਲਵਨ ਲੇਕ ਦੀ ਅਦਭੁਦਤਾ ਵਿਸ਼ਵ ਪ੍ਰਸਿੱਧ ਹੈ। ਅਨੇਕਾਂ ਹੀ ਲੋਕ (ਘੁਮੱਕੜ) ਯਾਤਰੀ ਇਸ ਝੀਲ ਦੇ ਦਰਸ਼ਨ ਕਰਨ ਅਤੇ ਇਸ ਦਾ ਪਰਿਪੂਰਨਤਾ ਯੁਕਤ ਅਨੰਦ ਮਾਣਨ ਲਈ ਆਉਂਦੇ ਹਨ। ਝੀਲਾਂ ਦਾ ਸੁੰਦਰ ਮਨ ਮੋਹਣਾ ਜਿਸਮ ਸਮੋਹਿਕਤਾ ਅਤੇ ਰੁਮਾਂਟਿਕਤਾ ਦੇ ਨਾਲ ਨਾਲ ਰੋਮਾਂਚ ਪੈਦਾ ਕਰਦਾ ਹੈ। ਝੀਲ ਵਿਚ ਤੈਰਦੇ ਅਤੇ ਲਹਿਰਾਂ ਨਾਲ ਅੱਠਖੇਲੀਆਂ ਕਰਦੇ ਸੁੰਦਰ ਅਰਧ ਨਗਨ ਜਿਸਮ, ਧਿਆਨ ਅਤੇ ਲਲਕ ਨੂੰ ਉੱਤੇਜਿਤ ਕਰਦੇ ਹੋਏ ਨਵੀਂ ਜੀਵਨ ਦ੍ਰਿਸ਼ਟੀ ਵਿਚ ਜੀਵਨ ਦੀ ਤੀਬਰ ਇੱਛਾ ਪੈਦਾ ਕਰਦੇ ਹਨ, ਜੋ ਸਕੂਨ ਅਤੇ ਅਧਿਆਤਮਿਕਤਾ ਦੀ ਕੁੰਜੀ ਹੈ। ਸਿਲਵਨ ਲੇਕ ਦਾ ਸਮੁੱਚਾ ਵਿਸ਼ਵ ਵਿਆਪੀ ਸੰਦੇਸ਼ ਹੈ ਕਿ ਸਾਰਾ ਵਿਸ਼ਵ ਸੰਸਾਰ ਸਮੁੱਚਾ ਭੂੰ-ਮੰਡਲ ਇੱਕ ਹੀ ਹੈ। ਮਾਨਵ ਜੀਵਨ ਵਿਚ ਸੰਪੂਰਨ ਮਾਨਵ ਜਾਤੀ ਵੀ ਇੱਕ ਹੀ ਹੈ। ਜੀਵਨ ਨੂੰ ਅਨੰਦਮਈ ਬਣਾਉਂਦੀ ਹੈ। ਝੀਲ ਦੇ ਰੂਪ ਅਤੇ ਸਵਭਾਵ ਦੋਵੇਂ ਹੀ ਮੈਤਰੀਪੂਰਨ ਹਨ। ਪ੍ਰੇਮ ਨਾਲ ਪ੍ਰਫੁਲਿਤ ਸ਼ਾਂਤੀ ਹੀ ਸ਼ਾਂਤੀ ਹੈ। ਦੂਰ ਦੂਰ ਤੱਕ ਪਾਣੀ ਦੀ ਪ੍ਰਤਿਸ਼ਠਾ ਅਤੇ ਕੁਲੀਨਤਾ ਸ਼ਾਂਤੀ ਅਤੇ ਅਧਿਆਤਮਿਕਤਾ ਦੇ ਦਰਵਾਜ਼ੇ ਖੋਲ੍ਹਦੀ ਹੈ। ਸਿਲਵਨ ਲੇਕ ਦੇ ਨਾਂ 'ਤੇ ਵਸਾਇਆ ਗਿਆ ਇੱਕ ਖ਼ੂਬਸੂਰਤ ਸ਼ਹਿਰ ਹੈ। ਸਿਲਬਨ ਦਾ ਮਤਲਬ ਹੈ ਜੰਗਲੀ। ਲਗਭਗ 1912 ਨੂੰ ਇਹ ਛੋਟਾ ਜਿਹਾ ਪਿੰਡ ਵਸਿਆ ਅਤੇ 20 ਮਈ 1946 ਨੂੰ ਇੱਕ ਸਥਾਪਿਤ ਸ਼ਹਿਰ ਹੋਂਦ ਵਿਚ ਆ ਗਿਆ। ਇਸ ਝੀਲ ਨੂੰ ਵੇਖਣ ਲਈ ਹਰ ਸਾਲ ਲੱਖਾਂ ਹੀ ਲੋਕ ਵੱਖ ਵੱਖ ਦੇਸ਼ਾਂ ਦੇ ਆਉਂਦੇ ਹਨ। ਇਸ ਝੀਲ ਨੂੰ ਪਹਿਲਾਂ ਮੇਥੀ ਸਵਾਨ ਅਤੇ ਸਕੇਲ ਝੀਲ ਦੇ ਨਾਵਾਂ ਨਾਲ ਜਾਣਿਆ ਜਾਂਦਾ ਸੀ। ਇਸ ਦਾ ਇੱਕ ਅਨੋਖਾ ਇਤਿਹਾਸ ਹੈ। ਸ਼ੁਰੂ ਸ਼ੁਰੂ ਵਿਚ ਨਿਵਾਸੀ ਕਿਊਬੇਕ ਅਤੇ ਸੰਯੁਕਤ ਰਾਸ਼ਟਰ ਅਮਰੀਕਾ ਤੋਂ ਆਏ ਫਰੈਂਚ ਭਾਸ਼ੀ ਲੋਕ ਸਨ।

ਸਿਲਵਨ ਲੇਕ ਵੇਖਣ ਲਈ ਅਸੀਂ ਦੋ ਪਰਿਵਾਰ ਤਿਆਰ ਹੋ ਗਏ। ਐਡਮਿੰਟਨ ਤੋਂ ਦੋ ਘੰਟਿਆਂ ਦਾ ਰਸਤਾ ਹੋਵੇਗਾ ਲਰੈਡ ਡੀਅਰ ਸ਼ਹਿਰ ਤੋਂ ਲਗਭਗ 20 ਮਿੰਟ ਕਾਰ ਦਾ ਰਸਤਾ ਹੈ। ਅਸੀਂ ਲਗਭਗ ਦੁਪਹਿਰ 12 ਵਜੇ ਦੇ ਕਰੀਬ ਇੱਥੇ ਪਹੁੰਚੇ ਪਰ ਬੈਠਣ ਲਈ ਕਿਤੇ ਥਾਂ ਨਹੀਂ ਸੀ ਮਿਲ ਰਹੀ ਹਾਲਾਂਕਿ ਇਹ ਝੀਲ ਲਗਭਗ 15 ਕਿੱਲੋਮੀਟਰ ਲੰਬੀ ਮਿੱਠੇ ਪਾਣੀ ਦੀ ਝੀਲ ਹੈ। ਰੈਡ ਡੀਅਰ ਅਤੇ ਲੈਕੰਬੋ ਕਾਊਂਟੀ ਦੇ ਵਿਚਕਾਰ ਦੀ ਸੀਮਾ ਉੱਪਰ ਫੈਲੀ ਹੋਈ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਰਿਵਾਰਾਂ, ਯਾਰਾਂ, ਦੋਸਤਾਂ ਸਮੇਤ ਇਸ ਝੀਲ ਨੂੰ ਵੇਖਣ ਲਈ ਆਏ ਹੋਏ ਸੀ। ਖ਼ਾਸ ਕਰਕੇ ਨੌਜਵਾਨ ਲੜਕੇ, ਲੜਕੀਆਂ ਅਤੇ ਬੱਚੇ ਮਨੋਰੰਜਨ ਵਿੱਚ ਜਿਆਦਾ ਹਿੱਸਾ ਲੈਂਦੇ ਨਜ਼ਰ ਆਏ। ਸਿਲਵਨ ਸ਼ਹਿਰ ਵਿੱਚ ਖ਼ੂਬਸੂਰਤ ਹੋਟਲ ਅਤੇ ਇਮਾਰਤਾਂ ਵੇਖਣਯੋਗ ਹਨ। ਬੜੀ ਮੁਸ਼ਕਿਲ ਨਾਲ ਘੁੰਮ ਘੁਮਾ ਕੇ ਝੀਲ ਦੇ ਕਿਨਾਰੇ 'ਤੇ ਜਗ੍ਹਾ ਮਿਲੀ। ਇੱਥੇ ਕਾਰ ਪਾਰਕਿੰਗ ਦੀ ਬਹੁਤ ਜ਼ਿਆਦਾ ਮੁਸ਼ਕਿਲ ਆਉਂਦੀ ਹੈ ਪਰ ਕੋਈ ਚਾਰਾ ਨਾ ਚੱਲੇ ਤਾਂ ਕਿਰਾਏ ਦੀ ਪਾਰਕਿੰਗ ਮਿਲ ਹੀ ਜਾਂਦੀ ਹੈ। ਕਈ ਮੀਟਰ ਘੁੰਮਣ ਤੋਂ ਬਾਅਦ ਝੀਲ ਦੇ ਦਫਤਰੀ ਵਿਭਾਗ ਦੇ ਇੱਕ ਪਾਸੇ ਇੱਕ ਛੋਟੇ ਜਿਹੇ ਫੈਲੇ ਹੋਏ ਰੁੱਖ ਹੇਠਾਂ ਕਿਸੇ ਪਰਿਵਾਰ ਦੀ ਮਦਦ ਨਾਲ ਥੋੜੀ ਬਹੁਤ ਗੁਜ਼ਾਰੇ ਜੋਗੀ ਜਗ੍ਹਾ ਮਿਲ ਗਈ ਜਿੱਥੇ ਅਸੀਂ ਆਪਣਾ ਸਮਾਨ ਟਿਕਾ ਦਿੱਤਾ। ਝੀਲ ਦੇ ਕਿਨਾਰੇ ਦੇ ਨਾਲ ਨਾਲ ਕੁਰਬਲ ਕੁਰਬਲ ਲੋਕ ਮਨੋਰੰਜਨ ਦਾ ਆਨੰਦ ਲੈ ਰਹੇ ਸੀ।

ਅਨੇਕਾਂ ਹੀ ਬੇੜੀਆਂ ਅਤੇ ਕਰੂਜ਼ ਦੀ ਪਰਮਾਰ ਵੇਖ ਕੇ ਅਸਾਂ ਖਾਣ ਪੀਣ ਤੋਂ ਬਾਅਦ ਮਨ ਬਣਾਇਆ ਕਿ ਬੱਚਿਆਂ ਸਮੇਤ ਸਾਰੇ ਹੀ ਕਰੂਜ਼ ਵਿੱਚ ਬੈਠ ਕੇ ਮਨੋਰੰਜਨ ਕਰਦੇ ਹਾਂ। ਕਰੂਜ਼ ਦਾ ਆਪਣਾ ਹੀ ਆਨੰਦ ਹੈ। ਡਾਕਟਰ ਹਰਿੰਦਰ ਪਾਲ ਸਿੰਘ ਅਤੇ ਰੇਡੀਓ ਐਂਕਰ ਸਤਿੰਦਰ ਪਾਲ ਸਿੰਘ ਨੇ ਇੱਕ ਕਰੂਜ਼ ਦੀ ਮਾਲਿਕ ਕਨੇਡੀਅਨ ਮੁਟਿਆਰ ਨਾਲ ਗੱਲਬਾਤ ਕੀਤੀ। ਉਹ ਔਰਤ ਝੀਲ ਵਾਂਗ ਹੀ ਸੁੰਦਰ ਲੱਗ ਰਹੀ ਸੀ। ਥੋੜੀ ਗਰਮੀ ਹੋਣ ਕਰਕੇ ਉਸ ਨੇ ਨਿੱਕਰ ਅਤੇ ਅੰਗੀ ਹੀ ਪਹਿਨੀ ਹੋਈ ਸੀ। ਉਸ ਕਰੂਜ਼ ਮਾਲਿਕ ਮੁਟਿਆਰ ਨਾਲ ਝੀਲ ਵਿੱਚ ਘੁੰਮਾਉਣ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੇ 300 ਡਾਲਰ ਦੀ ਮੰਗ ਕੀਤੀ। ਆਖਿਰ ਗੱਲਬਾਤ ਰਾਹੀਂ ਉਹ 200 ਡਾਲਰ 'ਤੇ ਸਹਿਮਤ ਹੋ ਗਈ। ਉਹ ਇਸ ਝੀਲ ਦਾ ਸਭ ਤੋਂ ਵਧੀਆ ਕਰੂਜ਼ ਸੀ। ਅਸੀਂ ਸਾਰਾ ਸਮਾਨ ਕਰੂਜ਼ ਵਿੱਚ ਰੱਖ ਕੇ ਬੈਠ ਗਏ। ਕਰੂਜ਼ ਵਿੱਚ ਹਲਕੇ ਕਿਰਮਚੀੜ ਰੰਗ ਦੇ ਵਧੀਆ ਸੋਫੇ ਲੱਗੇ ਹੋਏ ਹਨ, ਇੱਕ ਛੋਟਾ ਜਿਹਾ ਕਿਚਨ ਰਸੋਈ ਅਤੇ ਬਾਥਰੂਮ ਵੀ ਉਪਲੱਬਧ ਸੀ। ਲਗਭਗ ਦੋ ਘੰਟੇ ਉਸ ਨੇ ਸਾਨੂੰ ਘੁੰਮਾਉਣਾ ਸੀ। ਕਰੂਜ਼ ਚਲਦੇ ਸਾਰ ਹੀ ਅਸੀਂ ਉੱਚੀ ਆਵਾਜ਼ ਵਿੱਚ ਪੰਜਾਬੀ ਗੀਤ ਲਗਾ ਦਿੱਤੇ। ਕਰੂਜ਼ ਵਿੱਚ ਸਾਊਂਡ ਸਿਸਟਮ ਵੀ ਸੀ। ਅਸੀਂ ਸਭ ਭੰਗੜਾ ਪਾਉਣ ਲੱਗ ਪਏ। ਉਹ ਕਰੂਜ਼ ਮਾਲਿਕ ਪੰਜਾਬੀ ਗੀਤਾਂ ਦਾ ਸੰਗੀਤ ਤਾਨ, ਧੁਨਾ ਸੁਣ ਕੇ ਬਹੁਤ ਜ਼ਿਆਦਾ ਪ੍ਰਭਾਵਿਤ ਹੋਈ। ਉਹ ਕਰੂਜ਼ ਦਾ ਸਟੇਰਿੰਗ ਸੈੱਟ ਕਰਕੇ ਖੁਦ ਸਾਡੇ ਨਾਲ ਭੰਗੜਾ ਪਾਉਣਾ ਲੱਗ ਪਈ। ਉਹ ਭੰਗੜੇ ਦੇ ਐਕਸ਼ਨ ਸਿੱਖ ਗਈ। ਸਾਡੇ ਨਾਲੋਂ ਵਧੀਆ ਐਕਸ਼ਨ ਕਰਨ ਲੱਗ ਪਈ। ਉਸ ਨੇ ਕਿਹਾ ਭਾਵੇਂ ਪੰਜਾਬੀ ਗੀਤਾਂ ਦੀ ਸਮਝ ਨਹੀਂ ਲੱਗਦੀ ਪਰ ਇਸ ਦਾ ਸੰਗੀਤ ਧੁੰਨ ਮਨ ਨੂੰ ਨੱਚਣ ਲਈ ਮਜ਼ਬੂਰ ਕਰਦੀ ਹੈ। ਉਸ ਨੇ ਕਿਹਾ ਅਸੀਂ ਪੰਜਾਬੀ ਸੰਗੀਤ ਬਹੁਤ ਪਸੰਦ ਕਰਦੇ ਹਾਂ, ਉਹ ਫਿਰ ਸਟੇਰਿੰਗ ਵਾਲੀ ਸੀਟ 'ਤੇ ਬੈਠ ਕੇ ਕਰੂਜ਼ ਨੂੰ ਸਹੀ ਦਿਸ਼ਾ ਵੱਲ ਲਿਜਾਣ ਲੱਗ ਪਈ। ਉਸ ਨੇ ਕਰੂਜ਼ ਵਿੱਚ ਖਾਣ ਪੀਣ ਦਾ ਸਾਰਾ ਸਮਾਨ ਰੱਖਿਆ ਹੋਇਆ ਸੀ।

ਅਸਾਂ ਸਭ ਨੇ ਕਰੂਜ਼ 'ਤੇ ਸਟੇਰਿੰਗ ਵਾਲੀ ਸੀਟ 'ਤੇ ਬੈਠ ਕੇ ਫੋਟੋਆਂ ਖਿਚਵਾਈਆਂ। ਉਸ ਨੇ ਦੋ ਘੰਟੇ ਦੂਰ ਦੀਆਂ ਖ਼ੂਬਸੂਰਤ ਇਮਾਰਤਾਂ ਅਤੇ ਦਿਲ ਖਿਚਵੇਂ ਦ੍ਰਿਸ਼ ਵਿਖਾਏ।

ਲਹਿਰਾਂ ਵਿੱਚ ਦੌੜਦੀ ਜ਼ਿੰਦਗੀ ਜੰਨਤ ਨੂੰ ਪਿੱਛੇ ਛੱਡਦੀ ਜਾਂਦੀ। ਠੰਡੀਆਂ ਠਾਰ ਹਵਾਵਾਂ ਜਦ ਲਹਿਰਾਂ ਨਾਲ ਟਕਰਾ ਕੇ ਅਠਖੇਲੀਆਂ ਮਦਮਸਤੀਆਂ ਕਰਦੀਆਂ ਤਾਂ ਜੰਨਤ ਪੈਰਾਂ ਵਿੱਚ ਖੇਡਦੀ। ਦੋ ਘੰਟਿਆਂ ਬਾਅਦ ਅਸੀਂ ਵਾਪਸ ਆਪਣੀ ਥਾਂ 'ਤੇ ਆ ਗਏ। ਕਰੂਜ਼ ਤੋਂ ਉਤਰਨ ਲੱਗਿਆ ਮੈਂ ਉਸ ਨੂੰ 10 ਡਾਲਰ ਦੀ ਟਿੱਪ ਦੇ ਦਿੱਤੀ ਤੇ ਉਸ ਨੇ ਕਈ ਵਾਰ ਸ਼ੁਕਰੀਆ ਅਦਾ ਕੀਤਾ। ਫਿਰ ਦੁਬਾਰਾ ਆਉਣ ਲਈ ਕਿਹਾ ਅਤੇ ਆਪਣਾ ਮੋਬਾਈਲ ਨੰਬਰ ਵੀ ਦਿੱਤਾ। ਉਸ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਜਦੋਂ ਤੁਸੀਂ ਦੁਬਾਰਾ ਫਿਰ ਆਓਗੇ ਤਾਂ ਮੇਰਾ ਹੀ ਕਰੂਜ਼ ਕਰਨਾ। ਉਸ ਨੇ ਪਿਆਰ ਸਤਿਕਾਰ ਨਾਲ ਹੱਥ ਹਿਲਾਉਂਦੇ ਹੋਏ ਬਾਏ ਬਾਏ ਦਾ ਸੰਦੇਸ਼ ਦਿੱਤਾ।









ਅਸਮਾਨ ਵਿੱਚ ਬਦਲਾਂ ਨੇ ਘੁੰਮਣ ਘੇਰੀਆਂ ਅਤੇ ਮਟਰ ਗਸਤੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਤਿੱਤਰ ਖੰਭੀ ਬਦਲਾਂ ਨੇ ਬਾਰਿਸ਼ ਦਾ ਪੈਗ਼ਾਮ ਦੇ ਦਿੱਤਾ ਸੀ। ਅਸਮਾਨ ਵਿਚਾਲੇ ਬੱਦਲਾਂ ਦੀ ਚਹਿਲ ਪਹਿਲ ਅਤੇ ਝੀਲ ਦੇ ਸੁੰਦਰ ਨਜ਼ਾਰੇ ਜਿਵੇਂ ਕਿਸੇ ਮੁਸ਼ੱਰਬ ਨੇ ਚਿੱਤਰਕਾਰੀ ਕਰ ਦਿੱਤੀ ਹੋਵੇ। ਘੁਮੱਕੜ ਬੱਦਲਾਂ ਦੀ ਛਾਂ ਚੰਗੀ ਲੱਗ ਰਹੀ ਸੀ।

ਸਿਲਵਨ ਸ਼ਹਿਰ ਵਿਖੇ ਕਈ ਹੋਰ ਮਹੱਤਵਪੂਰਨ ਸਥਾਨ ਵੇਖਣ ਯੋਗ ਹਨ। ਸਰਦੀਆਂ ਵਿੱਚ ਇੱਥੇ ਬਹੁਤ ਜ਼ਿਆਦਾ ਬਰਫ਼ ਪੈਂਦੀ ਹੈ ਜਿਸ ਕਰਕੇ ਝੀਲ ਦਾ ਪਾਣੀ ਪੱਥਰ ਵਾਂਗ ਜੰਮ ਜਾਂਦਾ ਹੈ। ਇਸ ਉੱਪਰ ਲੋਕ ਖ਼ਾਸ ਕਰਕੇ ਨੌਜਵਾਨ, ਬੱਚੇ ਛੋਟੀਆਂ ਖੇਡ ਕਿਰਿਆਵਾਂ ਕਰਦੇ ਹਨ ਜਿਵੇਂ ਜੰਨਤ ਵਿੱਚ ਉਤਰ ਆਏ ਹੋਣ। ਇੱਥੇ ਕਈ ਤਰ੍ਹਾਂ ਦੇ ਤਿਉਹਾਰ ਮਨਾਏ ਜਾਂਦੇ ਹਨ ।ਆਤਿਸ਼ ਬਾਜੀ ਜਿਵੇਂ ਅਸਮਾਨ ਵਿੱਚ ਮਿਨਾਕਾਰੀ ਕੀਤੀ ਹੋਵੇ।

ਇੱਥੋਂ ਦੀ ਸੁੰਦਰਤਾ ਸਾਰੀ ਸ੍ਰਿਸ਼ਟੀ ਨੂੰ ਇੱਕ ਨਿਸ਼ਕਾਮ ਕਰਮ ਦੀ ਸੀਮਾ ਵਿੱਚ ਬੰਨ ਦਿੰਦੀ ਹੈ। ਰਾਤ ਦੇ ਦ੍ਰਿਸ਼ ਚਮਕ ਦਮਕ ਵਿੱਚ ਪ੍ਰਸੰਤਾ ਤੇ ਖੁਸ਼ੀ ਦਿੰਦੇ ਹਨ ਕਿਉਂਕਿ ਕੁਦਰਤ ਸੁਤੰਤਰ ਤੇ ਵਿਵਸਥਾ ਵੱਧ ਹੈ, ਪਰਣਾਮੀ ਹੈ ਅਤੇ ਪ੍ਰੇਮ ਸਫੁਰਤੀ ਦੀ ਸ਼ਾਂਤੀ ਨਾਲ ਓਤ ਪ੍ਰੋਤ। ਕੁੱਲ ਮਿਲਾ ਕੇ ਇੱਥੋਂ ਦੇ ਅਦਭੁਤ ਸੁੰਦਰ ਨਜ਼ਾਰੇ ਭਰੀਪੂਰਨਤਾ ਅਨੰਦ, ਇੰਦਰੀਆਂ, ਮਨ, ਸੰਵੇਦਨਸ਼ੀਲਤਾ ਅਤੇ ਮਨੋ ਵੇਗ ਨੂੰ ਪੀਂਘ ਦਾ ਹੁਲਾਰਾ ਦਿੰਦੇ ਹਨ। ਤੇਜ਼ ਹਵਾਵਾਂ ਦੀ ਕੂਕਰ ਅਤੇ ਲਹਿਰਾਂ ਦੀ ਸ਼ੂਕਰ ਚਿਰਾਂ ਦੀ ਇਕ ਯਾਦ ਰਹੇਗੀ। ਕੁਝ ਮਿਲਾਕੇ ਸਿਲਵਨ ਲੇਖ ਜੰਨਤ ਹੈ। ਸੁੰਦਰਤਾ ਦੀ ਕੀਰਤੀ ਅਤੇ ਦ੍ਰਿਸ਼ ਪ੍ਰਤਿਸ਼ਠਾ ਹਮੇਸ਼ਾ-ਹਮੇਸ਼ਾ ਯਾਦ ਰਹੇਗੀ। ਤੁਸੀਂ ਵੀ ਆਓ ਸਿਲਵਨ ਲੇਖ ਦੀ ਜੰਨਤ ਵੇਖਣ।

# ਪੁਸਤਕ ਸਮੀਖਿਆ

**ਬਿਖਰੇ ਰੰਗ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਹੀਰਾ ਸਿੰਘ ਤੂਤ**
**ਪ੍ਰਕਾਸ਼ਕ: ਜੁਝਾਰ ਪ੍ਰਕਾਸ਼ਨ ਸਮਾਣਾ,ਪੰਨੇ :192 ,ਮੁੱਲ: 250 ਰੁਪਏ**

ਕਵੀ ਹੀਰਾ ਸਿੰਘ ਤੂਤ ਕਾਫੀ ਲੰਮੇ ਸਮੇਂ ਤੋਂ ਸਾਹਿਤ ਸਿਰਜਣਾ ਵਿੱਚ ਸਰਗਰਮ ਹੈ। ਉਸ ਵੱਲੋਂ ਦਰਜਨ ਤੋਂ ਜਿਆਦਾ ਪੁਸਤਕਾਂ ਦੀ ਸਿਰਜਣਾ ਕਰਕੇ ਪੰਜਾਬੀ ਸਾਹਿਤ ਦੀ ਝੋਲੀ ਨੂੰ ਅਮੀਰ ਬਣਾਇਆ ਗਿਆ ਹੈ।ਬਾਲ ਸਾਹਿਤ ਦੀਆਂ ਵੀ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ।ਉਸ ਦੀ ਕਵਿਤਾ ਵਿੱਚ ਜਿੱਥੇ ਨਿਜ ਹੈ ਉਥੇ ਆਲਾ ਦੁਆਲਾ,ਦੇਸ਼ ਅਤੇ ਵਿਦੇਸ਼ ਤੱਕ ਦਾ ਸਫਰ ਦੇਖਿਆ ਜਾ ਸਕਦਾ ਹੈ। ਉਸ ਕੋਲ ਅਨੋਖੀਆਂ ਕਾਵਿ ਜੁਗਤਾਂ ਹਨ ਜਿਨ੍ਹਾਂ ਸਦਕਾ ਉਹ ਆਪਣੀ ਕਵਿਤਾ ਦੇ ਰੰਗ ਕਿਤੇ ਵੀ ਬੇਰੰਗ ਨਹੀਂ ਹੋਣ ਦਿੰਦਾ। ਰੰਗਾਂ ਦੀ ਦੁਨੀਆਂ ਨਾਲ ਖੇਡਦਾ ਖੇਡਦਾ ਹਥਲੀ ਪੁਸਤਕ 'ਬਿਖਰੇ ਰੰਗ' ਪਾਠਕਾਂ ਦੇ ਸਨਮੁਖ ਕਰਦਾ ਹੈ। ਉਹ ਆਪਣੇ ਜੀਵਨ ਤਜਰਬਿਆਂ ਨੂੰ ਇਹਨਾਂ ਕਵਿਤਾਵਾਂ ਰਾਹੀਂ ਪੇਸ਼ ਕਰਦਾ ਹੋਇਆ ਸਮਾਜ ਨੂੰ ਸਹੀ ਸੇਧ ਦੇਣ ਦਾ ਯਤਨ ਕਰਦਾ ਹੈ। ਪਿਆਰ, ਸਤਿਕਾਰ, ਮੁਹੱਬਤ, ਸੱਚਾਈ ਆਦਿ ਗੁਣਾਂ ਦਾ ਪ੍ਰਚਾਰ ਅਤੇ ਪ੍ਰਸਾਰ ਕਰਦਾ ਹੈ

ਵਿਚਾਰ ਅਧੀਨ ਪੁਸਤਕ 'ਬਿਖਰੇ ਰੰਗ' ਵਿੱਚ ਸੱਚ-ਮੁੱਚ ਹੀ ਉਸਦੀਆਂ ਕਵਿਤਾਵਾਂ ਦੀ ਵੰਨ-ਸੁਵੰਨਤਾ ਦਾ ਆਨੰਦ ਮਾਣਿਆ ਜਾ ਸਕਦਾ ਹੈ। 200 ਤੋਂ ਵੱਧ ਇਹਨਾਂ ਕਵਿਤਾਵਾਂ ਵਿੱਚ ਗ਼ਜ਼ਲ ਦੇ ਰੰਗ, ਨਜ਼ਮ ਦੇ ਰੰਗ ਤੇ ਕਿਤੇ ਰੁਬਾਈ ਵੀ ਨਜ਼ਰ ਆਉਂਦੀ ਹੈ। ਇਥੋਂ ਇਹ ਸਾਬਤ ਹੁੰਦਾ ਹੈ ਕਿ ਕਵੀ ਕੋਲ ਕਾਵਿ ਕਲਾ ਦਾ ਗਿਆਨ ਹੈ। ਉਹ ਇਸ ਗਿਆਨ ਨੂੰ ਇੱਕ ਜੋਹਰੀ ਵਾਂਗ ਵਰਤਦਾ ਹੋਇਆ ਮਨ ਮੋਹਣੀਆ ਕਵਿਤਾਵਾਂ ਸਿਰਜਦਾ ਹੈ।ਇਹ ਕਵਿਤਾਵਾਂ ਪਾਠਕਾਂ ਨੂੰ ਆਪਣੀਆਂ ਲੱਗਦੀਆਂ ਹਨ ਜਿਸ ਕਾਰਨ ਉਹ ਵਾਰ ਵਾਰ ਪੜ੍ਹਦੇ ਹਨ। ਕਵਿਤਾਵਾਂ ਦੇ ਵਿਸ਼ੇ ਸਮਾਜ ਵਿੱਚ ਵਰਤ ਰਹੇ ਵਤਾਰਿਆਂ ਵਿੱਚੋਂ ਲਏ ਗਏ ਹਨ। ਸਰਹੱਦਾਂ ਤੇ ਜੰਗ ਲੜਦੇ ਗੱਭਰੂਆਂ ਦੀ ਕੁਰਬਾਨੀ ਅਤੇ ਦੇਸ਼ ਵਿੱਚ ਔਰਤ ਦੀ ਹੋ ਰਹੀ ਨਿਰਾਦਰੀ ਨੂੰ ਉਹ ਬਹੁਤ ਹੀ ਸੰਜੀਦਗੀ ਨਾਲ ਪੇਸ਼ ਕਰਦਾ ਹੈ। ਉਸ ਦੀ ਕਵਿਤਾ ਵਿੱਚ ਲੋਹੜੇ ਦਾ ਦਰਦ ਹੈ।ਉਹ ਇਸ ਗੱਲੋਂ ਪਰੇਸ਼ਾਨ ਹੈ ਕਿ ਦੇਸ਼ ਦੇ 75 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ ਅਜੇ ਗਰੀਬੀ ਅਮੀਰੀ ਦਾ ਪਾੜਾ ਖਤਮ ਨਹੀਂ ਹੋਇਆ। ਗਰੀਬੀ ਨੂੰ ਲਾਹਣਤ ਵਜੋਂ ਪੇਸ਼ ਕਰਦਾ ਉਹ ਆਗੂਆਂ ਦੁਆਰਾ ਘੜੀਆਂ ਨੀਤੀਆਂ ਨੂੰ ਦੋਸ਼ੀ ਮੰਨਦਾ ਹੈ। ਇਹ ਪੁਸਤਕ ਨਿਜ ਤੋਂ ਸ਼ੁਰੂ ਹੋ ਕੇ ਪੂਰੇ ਸੰਸਾਰ ਤੱਕ ਫੈਲ ਜਾਂਦੀ ਹੈ। ਦੁਨੀਆਂ ਦੇ ਵੱਖੋ ਵੱਖਰੇ ਰੰਗ ਇਹਨਾਂ ਕਵਿਤਾਵਾਂ ਵਿੱਚੋਂ ਵੇਖੇ ਜਾ ਸਕਦੇ ਹਨ। ਮਨੁੱਖ ਵਿੱਚੋਂ ਖਤਮ ਹੋ ਰਹੀ ਮਨੁੱਖਤਾ ਅਤੇ ਰਿਸ਼ਤਿਆਂ ਦਾ ਹੋ ਰਿਹਾ ਘਾਣ ਇਹਨਾਂ ਕਵਿਤਾਵਾਂ ਦਾ ਵਿਸ਼ਾ ਵਸਤੂ ਬਣੇ ਹਨ।ਹੀਰਾ ਸਿੰਘ ਤੂਤ ਆਪਣੀ ਹੋਂਦ ਬਾਰੇ ਬੜੀ ਨਿਮਰਤਾ ਨਾਲ ਲਿਖਦਾ ਹੈ:-




ਨਾ ਮੈਂ ਯਾਰੋ ਸ਼ਿਵ ਬਣਨਾ ਹੈ
ਤੇ ਨਾ ਬਣਨਾ ਮੈਂ ਪਾਤਰ।
ਮੈਂ ਲਿਖਦਾ ਹਾਂ ਦਰਦ ਆਪਣਾ
ਤੇ ਜਾਂ ਫਿਰ ਪਾਠਕਾਂ ਖਾਤਿਰ।

ਸਮਾਜ ਦੀ ਮਾੜੀ ਸੋਚ ਤੇ ਭੈੜੀਆਂ ਨਜ਼ਰਾਂ ਬਾਰੇ ਉਹ ਕਵਿਤਾ 'ਮਾਏ ਮੇਰੀਏ' ਵਿੱਚ ਲਿਖਦਾ ਹੈ-

ਕਾਹਦੀ ਮੈਂ ਹੋਈ ਮੁਟਿਆਰ
ਮਾਏ ਮੇਰੀਏ,
ਕੰਡਿਆਂ ਦੀ ਲੱਗ ਗਈ ਤਾਰ
ਮਾਏ ਮੇਰੀਏ।
ਨਜ਼ਰਾਂ ਦੇ ਨਾਲ ਮੈਨੂੰ ਸਾਰਾ ਖਾ
ਜਾਣਗੇ,
ਜਾਪਦੇ ਨੇ ਲੋਕ ਬਗਿਆੜ
ਮਾਏ ਮੇਰੀਏ।

ਇਸ ਤਰ੍ਹਾਂ ਉਹ ਸਮਾਜ ਵਿੱਚ ਵਰਤ ਰਹੇ ਮਾੜੇ ਵਰਤਾਰਿਆਂ ਨੂੰ ਵੀ ਦ੍ਰਿਸ਼ਟਮਾਨ ਕਰਦਾ ਹੈ। ਉਸ ਨੂੰ ਸਮਾਜਿਕ ਨਿੱਘਾਰ ਦੀ ਚਿੰਤਾ ਹੈ। ਉਹ ਇਸ ਪੁਸਤਕ ਵਿੱਚ ਉਚੇਰੇ ਸੁਨੇਹੇ ਵੀ ਦਿੰਦਾ ਹੈ।

ਬੇ ਮਤਲਬ ਨਾ ਬੋਲੀ ਜਾਈਏ,
ਕਰੀਏ ਗੱਲ ਫਨਕਾਰਾਂ ਵਰਗੀ।
ਰਲ ਮਿਲ ਕੇ ਜ਼ਿੰਦਗੀ ਕੱਢ ਲਈਏ,
ਨਾ ਕਰੀਏ ਗੱਲ ਤਕਰਾਰਾਂ ਵਰਗੀ।

ਇਸ ਪੁਸਤਕ ਵਿੱਚ ਜਿੱਥੇ ਉਹ ਸਮਾਜਿਕ, ਰਾਜਸੀ ,ਧਾਰਮਿਕ ,ਵਿੱਦਿਅਕ ਅਤੇ ਆਰਥਿਕ ਮਸਲਿਆਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕਰਦਾ ਹੈ ਉੱਥੇ ਉਹ ਕੁਝ ਕਵਿਤਾਵਾਂ ਵਿੱਚ ਪਿਆਰ ਮੁਹੱਬਤ ਦੀਆਂ ਬਾਤਾਂ ਵੀ ਪਾਉਂਦਾ ਹੈ। ਰੋਮਾਂਟਿਕ ਕਵਿਤਾਵਾਂ ਵਿੱਚੋਂ ਇਹ ਸਤਰਾਂ ਇੱਕ ਮਨ ਨੂੰ ਮੋਹਣ ਵਾਲੀਆਂ ਹਨ-

ਪ੍ਰੇਮ ਦੀ ਪੀ ਲਈ ਭੰਗ ਵੇ ਸੱਜਣਾ,
ਬਸ ਤੇਰੀ ਇਕ ਉਮੰਗ ਵੇ ਸੱਜਣਾ।
ਹੈ ਤੇਰੇ ਸੰਗ ਮੇਰੇ ਰੰਗ ਵੇ ਸੱਜਣਾ,
ਨਹੀਂ ਤਾਂ ਯਾਰ ਮਲੰਗ ਵੇ ਸੱਜਣਾ।

ਕਵੀ ਨੇ ਇਸ ਪੁਸਤਕ ਨੂੰ ਰੰਗ ਬਰੰਗੇ ਰੰਗਾਂ ਵਾਲੇ ਫੁੱਲਾਂ ਦਾ ਇੱਕ ਗੁਲਦਸਤਾ ਬਣਾਇਆ ਹੈ। ਜਿਸ ਵਿੱਚ ਹਰ ਉਮਰ ਵਰਗ ਦੇ ਪਾਠਕ ਨੂੰ ਕੁਝ ਨਾ ਕੁਝ ਆਨੰਦਮਈ ਪੜ੍ਹਨ ਨੂੰ ਮਿਲਦਾ ਹੈ ਸਮੇਂ ਦੀ ਗੱਲ, ਤਕਦੀਰ, ਤੇਰੇ ਰੰਗ, ਤੇਰਾ ਸ਼ਹਿਰ, ਕਸੂਰ, ਉਡੀਕ, ਯਾਦਾਂ, ਗੁਰਬਤ, ਕੁਝ ਤੀਵੀਆਂ ਮੁਹੱਬਤ,ਕੀ ਕਰੀਏ,ਸੁਪਨੇ ਅਤੇ ਮਹਾਨਤਾ ਆਦਿ ਕਵਿਤਾਵਾਂ ਵਾਰ ਵਾਰ ਪੜ੍ਹਨ ਨੂੰ ਦਿਲ ਕਰਦਾ ਹੈ।

ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਗਾਉਣ ਦੇ ਯੋਗ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਕਵੀ ਨੇ ਕਵਿਤਾ ਦੀ ਸੁਰ ਤਾਲ ਨੂੰ ਕਾਇਮ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।ਕੁਝ ਕਵਿਤਾਵਾਂ ਵਿੱਚ ਸੋਚ ਅਤੇ ਵਿਚਾਰਾਂ ਦਾ ਤਕਰਾਰ ਜ਼ਰੂਰ ਹੁੰਦਾ ਹੈ। ਕਵੀ ਹੀਰਾ ਸਿੰਘ ਤੂਤ ਦੁਆਰਾ ਬਖੇਰੇ ਕਵਿਤਾ ਦੇ ਰੰਗ ਪਾਠਕਾਂ ਦਾ ਮਨੋਰੰਜਨ ਕਰਦੇ ਹੋਏ ਰਾਹ ਦਸੇਰੇ ਬਣਦੇ ਹਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

# ਗੁਰਮੁਖੀ ਲਿਪੀ

| | | | | |
|---|---|---|---|---|
| ੳ ਊੜਾ (ūṛā) u, ū, o | ਅ ਐੜਾ (aiṛā) a, ā, ai, au | ੲ ਈੜੀ (īṛī) i, ī, e | ਸ ਸੱਸਾ (sas'sā) sa [ sə ] | ਹ ਹਾਹਾ (hāhā) ha [ hə ] |
| ਕ ਕੱਕਾ (kakkā) ka [ kə ] | ਖ ਖੱਖਾ (khakhkhā) kha [ kʰə ] | ਗ ਗੱਗਾ (gaggā) ga [ gə ] | ਘ ਘੱਗਾ (ghaggā) gha [ gə ] | ਙ ਙੰਙਾ (ṅaṅṅā) ṅa [ ŋə ] |
| ਚ ਚੱਚਾ (caccā) ca [ ʧə ] | ਛ ਛੱਛਾ (chachchā) cha [ ʧʰə ] | ਜ ਜੱਜਾ (jajjā) ja [ ʤə ] | ਝ ਝੱਜਾ (jhajjā) jha [ ʤə ] | ਞ ਞੰਞਾ (ñaññā) ña [ ɲə ] |
| ਟ ਟੈਂਕਾ (ṭaiṅkā) ṭa [ ʈə ] | ਠ ਠੱਠਾ (ṭhaṭhṭhā) ṭha [ ʈʰə ] | ਡ ਡੱਡਾ (ḍaḍḍā) ḍa [ ɖə ] | ਢ ਢੱਡਾ (ḍhaḍḍā) ḍha [ ɖə ] | ਣ ਣਾਣਾ (ṇāṇā) ṇa [ ɳə ] |
| ਤ ਤੱਤਾ (tattā) ta [ tə ] | ਥ ਥੱਥਾ (thaththā) tha [ tʰə ] | ਦ ਦੱਦਾ (daddā) da [ də ] | ਧ ਧੱਦਾ (dhaddā) dha [ də ] | ਨ ਨੱਨਾ (nannā) na [ nə ] |
| ਪ ਪੱਪਾ (pappā) pa [ pə ] | ਫ ਫੱਫਾ (phaphphā) pha [ pʰə ] | ਬ ਬੱਬਾ (babbā) ba [ bə ] | ਭ ਭੱਬਾ (bhabbā) bha [ bə ] | ਮ ਮੱਮਾ (mam'mā) ma [ mə ] |
| ਯ ਯੱਯਾ (yayyā) ya [ jə ] | ਰ ਰਾਰਾ (rārā) ra [ rə ] | ਲ ਲੱਲਾ (lallā) la [ lə ] | ਵ ਵੱਵਾ (vavvā) va [ wə ] | ੜ ੜਾੜਾ (ṛāṛā) ṛa [ ɽə ] |
| ਸ਼ ਸ਼ੱਸ਼ਾ (śaśśā) śa [ ʃə ] | ਖ਼ ਖ਼ੱਖ਼ਾ (k͟hak͟hk͟hā) k͟ha [ xə ] | ਗ਼ ਗ਼ੱਗ਼ਾ (ġaġġā) ġa [ ɣə ] | | |
| ਜ਼ ਜ਼ੱਜ਼ਾ (zazzā) za [ zə ] | ਫ਼ ਫ਼ੱਫ਼ਾ (faffā) fa [ fə ] | ਲ਼ ਲ਼ੱਲ਼ਾ (l̲al̲l̲ā) l̲a [ ɭə ] | | |

ਭਾਸ਼ਾ ਅਤੇ ਲਿਪੀ ਦੇ ਰੂਪ ਸੰਸਾਰ ਵਿਚ ਵੱਸੇ ਸਮੂਹਾਂ ਵਿਚ ਬਦਲਦੇ ਰਹਿੰਦੇ ਹਨ। ਆਧੁਨਿਕ ਯੁੱਗ ਵਿਚ ਭਾਵੇਂ ਇਨ੍ਹਾਂ ਨੂੰ ਸੀਮਤ ਕਰਨ ਦੇ ਯਤਨ ਹੁੰਦੇ ਰਹਿੰਦੇ ਹਨ। ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਵਿਚ ਸੰਸਕ੍ਰਿਤ ਦੇ ਸ਼ਬਦਾਂ ਦਾ ਰਲੇਵਾਂ ਹੈ। ਗੁਰਮੁਖੀ ਤੋਂ ਇਕ ਹਜ਼ਾਰ ਸਾਲ ਪਹਿਲਾਂ ਸੰਸਕ੍ਰਿਤ ਪ੍ਰਚੱਲਿਤ ਸੀ। ਸੰਸਕ੍ਰਿਤ ਸਿਧ-ਪੁਰਸ਼ਾਂ ਦੀ ਬੋਲੀ ਸੀ, ਜੋ ਸਿਧ-ਮਾਤ੍ਰਿਕਾ ਵਜੋਂ ਪ੍ਰਸਿੱਧ ਸੀ। ਗੁਰੂ ਦੀ ਸਿੱਖਿਆ ਤੇ ਚੱਲਣ ਵਾਲੇ ਨੂੰ ਗੁਰਮੁਖ ਕਹਿੰਦੇ ਹਨ। ਗੁਰਮੁਖਾਂ ਵੱਲੋਂ ਵਰਤੀ ਜਾਂਦੀ ਬੋਲੀ ਦਾ ਨਾਂ ਗੁਰਮੁਖੀ ਪ੍ਰਸਿੱਧ ਹੋਇਆ। ਲਿਪੀ ਤੋਂ ਬੋਲੀ ਨੂੰ ਜੀਵਨ ਮਿਲਦਾ ਹੈ। ਆਵਾਜ਼ ਨਾਲ ਦੂਰ-ਦੂਰ ਤੱਕ ਪਹੁੰਚਦੀ ਹੈ। ਦੂਰੀਆਂ ਮਿਟਾ ਦਿੰਦੀ ਹੈ। ਲਿਪੀ ਅਤੇ ਬੋਲੀ ਇਕ-ਦੂਸਰੇ ਦੀਆਂ ਪੂਰਕ ਹਨ। ਲਿਪੀ ਗਿਆਨ ਦੀ ਦੌਲਤ ਹੈ ਜੋ ਖਿਆਲ ਨੂੰ ਚਿਰੰਜੀਵ ਬਣਾਉਂਦੀ ਹੈ। ਲਿਪੀ ਮਨੁੱਖ ਦੀ ਕਾਢ ਹੈ, ਜਿਸਦਾ ਰੂਪ ਵਿਕਸਿਤ ਹੁੰਦਾ ਗਿਆ। ਲਿਪੀ ਤੋਂ ਪਹਿਲਾਂ ਕੰਨੀ ਸੁਣ ਕੇ ਕੰਠ ਕਰ ਲਿਆ ਜਾਂਦਾ ਸੀ, ਭਾਵ ਜ਼ੁਬਾਨੀ ਯਾਦ ਕਰ ਲਿਆ ਜਾਂਦਾ ਸੀ।

ਲਿਪੀ ਤੋਂ ਪਹਿਲਾਂ ਹਾਵ-ਭਾਵ ਦਰਸਾਉਣ ਲਈ ਰੰਗ-ਬਿਰੰਗੇ ਧਾਗਿਆਂ ਦੀਆਂ ਗੰਢਾਂ ਦੇ ਸੰਕੇਤ ਸਨ ਪਰ ਇਹ ਪ੍ਰਕਿਰਿਆ ਸੀਮਤ ਸੀ। ਲਿਪੀ ਵਿਕਾਸ ਵਿਚ ਚਿਤਰ-ਲਿਪੀ ਹੋਂਦ ਵਿਚ ਆਈ। ਜਿਸਦਾ ਸੰਕੇਤ ਸ਼ਿਲਾਲੇਖਾਂ ਵਿਚ ਮਿਲਦਾ ਹੈ। ਖ਼ੁਸ਼ੀ-ਗਮੀ ਦੇ ਪ੍ਰਭਾਵ ਪ੍ਰਗਟ ਕਰਨ ਲਈ ਸੁਨੇਹੇ ਭੇਜਣ ਲਈ ਚਿੱਤਰ ਨੀਅਤ ਕੀਤੇ ਗਏ, ਜਿਸ ਤੋਂ ਸੁਨੇਹਾ ਬਣਦਾ ਸੀ। ਜੋ ਆਵਾਜ਼ ਪ੍ਰਤੀਨਿਧ ਦੀ ਥਾਂ ਭਾਵ-ਲਿਪੀ ਪ੍ਰਤਿਨਿਧ ਸੀ। ਇਸ ਵਿਚ ਕਈ ਘਾਟਾਂ ਸਨ ਕਿ ਇਕ ਚਿੱਤਰ ਦੇ ਮਰਜ਼ੀ ਅਨੁਸਾਰ ਕਈ ਭਾਵ ਕੱਢੇ ਜਾਂਦੇ। ਚਿੱਤਰ ਨੂੰ ਸੰਖੇਪ ਕਰਕੇ ਅੱਖਰ ਬਣਾ ਲਏ। ਇਸ ਨਾਲ ਧੁੰਨੀ ਲਿਪੀਆਂ ਆਈਆਂ। ਹਜ਼ਾਰਾਂ ਸਾਲਾਂ ਵਿਚ ਲਿਪੀਆਂ ਜਾਂ ਵਰਣਮਾਲਾ ਦਾ ਵਿਕਾਸ ਹੋਇਆ। ਜਿਸ ਤੋਂ ਲਿਪੀਆਂ ਵਿਕਸਿਤ ਹੋਈਆਂ। ਸਥਾਨਕ ਲੋੜ ਨੇ ਬੋਲੀਆਂ ਲਿਖਣ ਦਾ ਢੰਗ ਲਿਆਂਦਾ। ਵਪਾਰ ਦਾ ਹਿਸਾਬ ਚਲਾਉਣ ਲਈ ਗਿਣਤੀ ਦੇ ਹਿੰਦਸੇ ਜਾਂ ਅੰਕ ਦੀ ਜਾਣਕਾਰੀ ਅਤੇ ਲਿਪੀ ਦੇ ਹੁਨਰ ਤੋਂ ਭਾਰਤ ਦੇ ਲੋਕ ਜਾਣੂੰ ਹੋਏ।

ਭਾਰਤ ਵਿਚ ਵਰਤੀਆਂ ਜਾਣ ਵਾਲੀਆਂ ਬੋਲੀਆਂ ਹਨ- ਬੰਗਲਾ, ਉੜੀਸਾ, ਕੈਥੀ (ਬਿਹਾਰੀ), ਦੇਵਨਾਗਰੀ, ਗੁਰਮੁਖੀ, ਮੋੜੀ, ਗੁਜਰਾਤੀ, ਤੇਲਗੂ, ਤਾਮਿਲ, ਮਲਿਆਲਮ, ਡੁਲੂ, ਕੰਨੜੀ, ਗ੍ਰੰਥ ਲਿਪੀ, ਉਰਦੂ ਆਦਿ।

ਪੰਜਾਬ ਦੀਆਂ ਪ੍ਰਸਿੱਧ ਲਿਪੀਆਂ (1) ਸ਼ਾਰਦਾ, ਦਸਵੀਂ ਸਦੀ ਵਿਚ ਕੁਟਿਲ ਲਿਪੀ ਦਾ ਪਸਾਰਾ ਕਸ਼ਮੀਰ ਅਤੇ ਪੰਜਾਬ ਵਿਚ ਰਿਹਾ। ਜਿਸ ਤੋਂ ਸ਼ਾਰਦਾ ਲਿਪੀ ਆਈ। ਕਸ਼ਮੀਰ ਦੇ ਵਿਦਵਾਨ ਸਰਸਵਤੀ ਨਦੀ ਦੇ ਕੰਢੇ ਵੱਸਣ ਵਾਲੇ ਸਨ, ਵੱਲੋਂ ਵਰਤੀ ਜਾਣ ਵਾਲੀ ਲਿਪੀ ਦਾ ਨਾਂ 'ਸ਼ਾਰਦਾ' ਪੈ ਗਿਆ। ਸਰਸਵਤੀ ਨਦੀ ਤੋਂ ਪਰਯਾਗ ਤੱਕ ਗੰਗਾ ਯਮਨਾ ਵਾਦੀ 'ਬ੍ਰਹਿਮਾਵਰਤ' ਕਹਾਉਂਦੀ ਸੀ। ਇੱਥੋਂ ਦੀ ਬੋਲੀ 'ਬ੍ਰਾਹਮੀ' ਸੀ। ਪੰਜਾਬ ਦੀਆਂ ਲਿਪੀਆਂ ਵੀ ਮੂਲ ਸੋਮੇ ਬ੍ਰਾਹਮੀ ਨਾਲ ਨੇੜਤਾ ਰੱਖਦੀਆਂ ਹਨ। ਦਸਵੀਂ ਸਦੀ ਵਿਚ ਪੰਜਾਬ ਦੇ ਲੋਕ ਕਸ਼ਮੀਰ ਜਾ ਵੱਸੇ ਤਾਂ ਉਹਨਾਂ ਦੇ ਨਾਲ ਉਹਨਾਂ ਦੀ ਬੋਲੀ ਸ਼ਾਰਦਾ ਹੀ ਸੀ। ਜਿਸਦਾ ਨਵਾਂ ਰੂਪ ਦੇਵਨਾਗਰੀ ਹੋ ਗਿਆ।

2. ਟਾਕਰੀ- ਪੰਜਾਬ ਦੇ ਉਤਰ ਵੱਲ ਦੇ ਪਹਾੜੀ ਇਲਾਕੇ ਵਿਚ ਪ੍ਰਚੱਲਿਤ ਹੈ। ਜਿਵੇਂ ਜੰਮੂ ਵਿਚ ਡੋਗਰੀ, ਚੰਬੇ ਵਿਚ ਚੰਬਿਆਲੀ। ਪੰਜਾਬ ਦੇ ਟੱਕ ਜਾਤੀ ਦੇ ਹਿੱਸੇ ਨੂੰ ਟੱਕ ਕਿਹਾ ਜਾਂਦਾ ਸੀ। ਇਸ ਟੱਕ ਦੇਸ਼ ਵਿਚ ਵਰਤੀ ਜਾਂਦੀ ਲਿਪੀ ਟਾਕਰੀ ਹੈ।

3. ਲੰਡੇ- ਲੰਡੇ ਜਾਂ ਮਹਾਜਨੀ ਪੰਜਾਬ ਦੇ ਵਪਾਰੀਆਂ ਨੇ ਲੰਡੇ ਅੱਖਰ ਅਪਣਾਏ। ਵਪਾਰਕ ਵਹੀ-ਖਾਤਿਆਂ ਵਿਚ ਮਹਾਜਨਾਂ ਜਾਂ ਸਰਾਫਾਂ ਵੱਲੋਂ ਲੰਡੇ ਬੋਲੀ ਵਰਤੀ ਜਾਂਦੀ ਸੀ। ਅੱਗੇ ਇਸ ਦੀਆਂ ਕਈ ਲਿਪੀਆਂ ਬਣੀਆਂ।

4. ਗੁਰਮੁਖੀ- ਵਿਦਵਾਨ ਐਲਬਰੂਨੀ ਅਨੁਸਾਰ ਭਾਰਤੀ ਲਿਪੀਆਂ ਵਿਚ ਇਕ ਅਰਧਨਾਗਰੀ ਲਿਪੀ ਹੈ। ਇਹ ਸਿਧ-ਮਾਤ੍ਰਿਕਾ ਅਤੇ ਮਾਲਵਾ (ਉਜੈਨ) ਦੀ ਨਾਗਰ ਲਿਪੀ ਦੇ ਮੇਲ ਤੋਂ ਬਣੀ ਹੈ। ਇਹ ਭਾਟੀ ਦੇਸ਼ ਅਤੇ ਸਿੰਧ ਵਿਚ ਵਰਤੀ ਜਾਂਦੀ ਹੈ। ਭੱਟੀ ਰਾਜਪੂਤਾਂ ਦੀ ਵਸੋਂ ਦਾ ਬਠਿੰਡੇ ਵੱਲ ਦਾ ਇਲਾਕਾ ਭਾਟੀ ਦੇਸ਼ ਜਾਂ ਭਟਿਆਣਾ ਕਿਹਾ ਜਾਂਦਾ ਸੀ। ਪੁਰਾਣੀ ਲਿਪੀ ਭਟਿਆਣੀ ਜੋ ਪੰਜਾਬ ਦੀ ਉਪ ਭਾਖਾ ਹੈ। ਇਸੇ ਇਲਾਕੇ ਵਿਚ ਅਰਧਨਾਗਰੀ ਵੀ ਵਰਤੀ ਜਾਂਦੀ ਸੀ। ਜਿਸ ਨੂੰ ਭਟਾਖਰੀ ਵੀ ਕਿਹਾ ਜਾਂਦਾ ਸੀ। ਦਸਵੀਂ ਸਦੀ ਵਿਚ ਬਠਿੰਡਾ ਇਕ ਵੱਡਾ ਰਾਜ ਸੀ। ਪੰਡਿਤ ਗੌਰੀ ਸ਼ੰਕਰ ਓਝਾ ਅਨੁਸਾਰ ਕਿ ਪੰਜਾਬ ਵਿਚ ਮਿਲਦੀ ਇਕ ਹੋਰ ਪੁਰਾਣੀ ਬੋਲੀ ਜੋ ਨਾਗਰੀ ਨਾਲ ਮਿਲਦੀ ਹੈ ਅਤੇ ਸੰਸਕ੍ਰਿਤ ਦੀਆਂ ਪੁਸਤਕਾਂ ਵਿਚ ਮਿਲਦੀ ਹੈ। 'ਗੁਰਮੁਖੀ ਲਿਪੀ' ਦਾ ਵਿਕਾਸ ਹੋਇਆ। ਏ. ਪੀ. ਨਿਊਟੇਨ ਅਨੁਸਾਰ ਪੰਜਾਬੀ ਦੇ ਕਈ ਅੱਖਰ ਸ਼ਿਲਾਲੇਖਾਂ ਵਿਚ ਹਨ। ਤੀਸਰੀ, ਪੰਜਵੀਂ ਅਤੇ ਦਸਵੀਂ ਸਦੀ ਵਿਚ ਉਪਲਬਧ ਲਿਪੀ ਤੋਂ ਵਿਕਸਤ ਹੁੰਦੀ ਮੌਜੂਦਾ ਅੱਖਰ ਰੂਪ ਦਾ ਪ੍ਰਕਾਸ਼ ਅਤੇ ਵਿਕਾਸ ਹੋਇਆ।

ਹਰ ਬੋਲੀ ਬੋਲਣ ਵਾਲੇ ਇਲਾਕਿਆਂ ਨਾਲ ਸਬੰਧ ਰੱਖਦੇ ਬੋਲੀਆਂ ਦੇ ਨਾਂ ਰੱਖੇ ਗਏ। ਮੁਗਲਾਂ ਦੇ ਵਧਦੇ ਜ਼ੁਲਮਾਂ ਹੇਠ ਪੰਜਾਬੀ ਲਿਪੀ ਵੀ ਦੱਬੀ ਗਈ। ਮਨੁੱਖਤਾ ਵਿਚ ਸਵੈ-ਮਾਣ ਜਗਾਉਣ ਲਈ ਸਿੱਖ ਗੁਰੂਆਂ ਨੇ ਲਿਪੀ ਵਿਚ ਆਈ ਖੜੋਤ ਨੂੰ ਮੁੜ ਸੁਰਜੀਤ ਕੀਤਾ। ਗੁਰੂ ਦੀ ਆਗਿਆ ਮੰਨਣ ਵਾਲੇ ਨੂੰ ਗੁਰਮੁੱਖ ਕਿਹ ਜਾਂਦਾ ਹੈ। ਭਾਵ ਭਲਾ-ਪੁਰਸ਼। ਗੁਰਮੁਖਾਂ ਵੱਲੋਂ ਪ੍ਰਚਾਰ ਵਾਸਤੇ ਵਰਤੀ ਜਾਂਦੀ ਬੋਲੀ ਦਾ ਨਾਂ 'ਗੁਰਮੁਖੀ' ਮਸ਼ਹੂਰ ਹੋਇਆ। ਸਿੱਧੀ ਸਾਦੀ ਸਰਲ ਸੁਚੱਜੀ ਮਿੱਠੀ ਬੋਲੀ ਭਗਤ, ਗੁਰੂਆਂ ਤੇ ਸਿੱਖਾਂ ਵੱਲੋਂ ਵੀ ਇਹ ਲਿਪੀ ਵਰਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੋ ਕੇ ਅਮੀਰ ਬਣੀ।

ਗੁਰਮੁਖੀ ਲਿਪੀ ਵਿਚ ਗੁਰਬਾਣੀ ਉਪਦੇਸ਼ਾਂ ਦਾ ਹਵਾਲਾ ਹੈ ਕਿ ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਹੈ। ਉਸਦਾ ਨਿਯਮ ਵੀ ਸਦਾ ਅਟੱਲ ਹੈ। ਉਸਦੀ ਬੋਲੀ ਪ੍ਰੇਮ ਹੈ। ਉਹ ਆਪ ਅਕਾਲ ਪੁਰਖ ਬੇਅੰਤ ਹੈ। ਅਸੀਂ ਜੀਵ ਉਸ ਪਾਸੋਂ ਦਾਤਾਂ ਮੰਗਦੇ ਹਾਂ। ਆਖਦੇ ਹਾਂ ਹੇ ਹਰੀ ਸਾਨੂੰ ਦਾਤਾਂ ਦੇ। ਉਹ ਦਾਤਾਰ ਬਖਸ਼ਿਸ਼ ਕਰਦਾ ਹੈ। ਉਸਦੀ ਬੋਲੀ ਪ੍ਰੇਮ ਹੈ। ਪ੍ਰੇਮ ਹੀ ਵਸੀਲਾ ਹੈ, ਜਿਸ ਰਾਹੀਂ ਉਹ ਸਾਡੇ ਨਾਂਲ ਗੱਲਾਂ ਕਰਦਾ ਹੈ। ਅਸੀਂ ਉਸ ਨਾਲ ਗੱਲ ਕਰ ਸਕਦੇ ਹਾਂ। ਅੰਗ 2

ਉਸ ਮਨੁੱਖ ਦੀ ਉਚੀ ਆਤਮਕ ਅਵਸਥਾ ਦੱਸੀ ਨਹੀਂ ਜਾ ਸਕਦੀ, ਜਿਸਨੇ ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ। ਭਾਵ ਜਿਸਦੀ ਲਗਨ ਨਾਮ ਨਾਲ ਲੱਗ ਗਈ ਹੈ। ਜੇਕਰ ਕੋਈ ਮਨੁੱਖ ਬਿਆਨ ਕਰੇ ਵੀ ਉਹ ਪਿੱਛੋਂ ਪਛਤਾਉਂਦਾ ਹੈ ਕਿ ਮੈਂ ਹੋਛਾ ਯਤਨ ਕੀਤਾ ਹੈ। ਮਨੁੱਖ ਰਲ ਕੇ ਨਾਮ ਨਾਲ ਪਤੀਜ਼ੇ ਹੋਏ ਦੀ ਆਤਮਕ ਅਵਸਥਾ ਦਾ ਅੰਦਾਜ਼ਾ ਲਾਉਂਦੇ ਹਨ। ਪਰ ਕਾਗਜ਼ ਉਤੇ ਕਲਮ ਨਾਲ ਕੋਈ ਮਨੁੱਖ ਲਿਖਣ ਦੇ ਸਮਰੱਥ ਨਹੀਂ। ਅਕਾਲ ਪੁਰਖ ਦਾ ਨਾਂ ਬਹੁਤ ਉਚਾ ਹੈ ਤੇ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ। ਇਸ ਵਿਚ ਜੁੜਨ ਵਾਲਾ ਵੀ ਉਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ। ਪਰ ਇਹ ਗੱਲ ਤਾਂ ਹੀ ਸਮਝ ਵਿਚ ਆਉਂਦੀ ਹੈ, ਜੇ ਕੋਈ ਮਨੁੱਖ ਆਪਣੇ ਅੰਦਰ ਲਗਨ ਲਾ ਕੇ ਵੇਖੇ।

ਭਾਵ ਪ੍ਰਭੂ ਮਾਇਆ ਦੇ ਪ੍ਰਭਾਵ ਤੋਂ ਬੇਅੰਤ ਉਚਾ ਹੈ। ਉਸਦੇ ਨਾਮ ਵਿਚ ਸੁਰਤ ਜੋੜ ਕੇ ਜਿਸ ਮਨੁੱਖ ਦੇ ਮਨ ਵਿਚ ਉਸਦੀ ਲਗਨ ਲੱਗ ਜਾਂਦੀ ਹੈ। ਉਸਦੀ ਵੀ ਆਤਮਾ ਮਾਇਆ ਦੀ ਮਾਰ ਤੋਂ ਉਤਾਂਹ ਹੋ ਜਾਂਦੀ ਹੈ।

ਜਿਸ ਮਨੁੱਖ ਦੀ ਪ੍ਰਭੂ ਨਾਲ ਲਗਨ ਲੱਗ ਜਾਵੇ, ਉਸਦੀ ਆਤਮਕ ਉੱਚਤਾ ਨਾ ਕੋਈ ਬਿਆਨ ਕਰ ਸਕਦਾ ਹੈ ਨਾ ਕੋਈ ਲਿਖ ਸਕਦਾ ਹੈ। ਅੰਗ 3

ਸ੍ਰਿਸ਼ਟੀ ਵਿਚ ਕਈ ਜਾਤਾਂ ਦੇ ਕਈ ਕਿਸਮ ਦੇ ਅਤੇ ਕਈ ਨਾਵਾਂ ਦੇ ਜੀਵ ਹਨ। ਇਹਨਾਂ ਸਭਨਾਂ ਨੇ ਇਕ ਤਾਰ ਚਲਦੀ ਕਲਮ ਨਾਲ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਿਖਿਆ ਹੈ ਪਰ ਕੋਈ ਵਿਰਲਾ ਮਨੁੱਖ ਇਹ ਲੇਖਾ ਲਿਖਣਾ ਜਾਣਦਾ ਹੈ। ਭਾਵ ਪ੍ਰਮਾਤਮਾ ਦੀ ਕੁਦਰਤ ਦਾ ਅੰਤ ਕੋਈ ਵੀ ਜੀਵ ਪਾ ਨਹੀਂ ਸਕਦਾ। ਜੇ ਲੇਖਾ ਲਿਖਿਆ ਵੀ ਜਾਵੇ ਤਾਂ ਇਹ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਲੇਖਾ ਕਿੱਡਾ ਵੱਡਾ ਹੋ ਜਾਵੇ। ਅਕਾਲ ਪੁਰਖ ਦਾ ਬੇਅੰਤ ਬਲ ਹੈ। ਬੇਅੰਤ ਸੁੰਦਰ ਰੂਪ ਹੈ। ਬੇਅੰਤ ਉਸਦੀ ਦਾਤ ਹੈ। ਇਸਦਾ ਕੌਣ ਅੰਦਾਜ਼ਾ ਲਾ ਸਕਦਾ ਹੈ? ਅਕਾਲ ਪੁਰਖ ਨੇ ਆਪਣੇ ਹੁਕਮ ਨਾਲ ਸੰਸਾਰ ਬਣਾ ਦਿੱਤਾ ਹੈ। ਉਸ ਹੁਕਮ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ। ਅੰਗ 3

ਭਾਵੇਂ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਫਜ਼ ਅਸੰਖ ਤਾਂ ਕਿਤੇ ਰਿਹਾ। ਕੋਈ ਵੀ ਸ਼ਬਦ ਕਾਫੀ ਨਹੀਂ ਹੈ। ਪਰ ਅਕਾਲ ਪੁਰਖ ਦਾ ਨਾਂ ਵੀ ਅੱਖਰਾਂ ਦੀ ਰਾਹੀਂ ਹੀ ਲਿਆ ਜਾ ਸਕਦਾ ਹੈ। ਉਸਦੀ ਸਿਫਤ ਸਲਾਹ ਵੀ ਅੱਖਰਾਂ ਦੀ ਰਾਹੀਂ ਹੀ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਵੀ ਅੱਖਰਾਂ ਦੇ ਰਾਹੀਂ ਹੀ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਦੇ ਰਾਹੀਂ ਹੀ ਉਸਦੇ ਗੀਤ ਅਤੇ ਗੁਣਾਂ ਤੋਂ ਵਾਕਫ ਹੋ ਸਕੀਦਾ ਹੈ। ਬੋਲੀ ਦਾ ਲਿਖਣਾ ਤੇ ਬੋਲਣਾ ਵੀ ਅੱਖਰਾਂ ਦੇ ਰਾਹੀਂ ਹੀ ਦੱਸਿਆ ਜਾ ਸਕਦਾ ਹੈ। ਇਸ ਕਰਕੇ ਸ਼ਬਦ ਅਸੰਖ ਵਰਤਿਆ ਗਿਆ ਹੈ। ਉਂਝ ਜਿਸ ਅਕਾਲ ਪੁਰਖ ਨੇ ਜੀਵਾਂ ਦੇ ਸੰਯੋਗ ਦੇ ਇਹ ਅੱਖਰ ਲਿਖੇ ਹਨ। ਉਸਦੇ ਸਿਰ ਉਤੇ ਕੋਈ ਲੇਖ ਨਹੀਂ ਹੈ। ਭਾਵ ਕੋਈ ਮਨੁੱਖ ਉਸ ਅਕਾਲ ਪੁਰਖ ਦਾ ਲੇਖਾ ਨਹੀਂ ਕਰ ਸਕਦਾ। ਜਿਸ-ਜਿਸ ਤਰ੍ਹਾਂ ਉਹ ਅਕਾਲ ਪੁਰਖ ਹੁਕਮ ਕਰਦਾ ਹੈ, ਉਸੇ ਤਰ੍ਹਾਂ ਜੀਵ ਆਪਣੇ ਸੰਯੋਗ ਭੋਗਦੇ ਹਨ। ਅੰਗ 4

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਮਨੁੱਖ ਨੂੰ ਆਪਣੀ ਲਿਪੀ ਆਪਣੀ ਮਾਂ-ਬੋਲੀ ਤੋਂ ਹੀ ਪ੍ਰਾਪਤ ਹੁੰਦਾ ਹੈ।ਸਮਾਜ ਵਿਚ ਲਿਪੀ ਅਤੇ ਮਾਂ-ਬੋਲੀ ਦਾ ਨਿਵੇਕਲਾ ਮਹੱਤਵ ਹੈ। ਜੋ ਮੁਢਲੇ ਸੰਚਾਰ ਦਾ ਸਾਧਨ ਹੈ। ਮਾਂ ਬੋਲੀ ਵਿਚ ਕਹੀ ਗੱਲ ਵਧੇਰੇ ਅਸਰ ਕਰਦੀ ਹੈ। ਮਾਂ ਬੋਲੀ ਦਾ ਤਾਣਾ ਪ੍ਰੰਪਰਾ, ਇਤਿਹਾਸ ਅਤੇ ਵਿਰਾਸਤ ਨਾਲ ਬੁਣਿਆ ਹੁੰਦਾ ਹੈ। ਮਾਂ ਬੋਲੀ ਤੋਂ ਟੁੱਟਿਆ ਇਨਸਾਨ ਵਿਰਾਸਤ ਦੇ ਤਾਣੇ ਤੋਂ ਟੁੱਟ ਜਾਂਦਾ ਹੈ। ਆਪਣੀ ਹੋਂਦ ਗੁਆ ਬੈਠਦਾ ਹੈ। ਆਪਣੀ ਅਮੀਰ ਮਾਣ-ਮਤੀ ਵਿਰਾਸਤ ਤੋਂ ਵਾਂਝਾ ਰਹਿ ਜਾਂਦਾ ਹੈ। ਮਾਂ ਬੋਲੀ ਦੇ ਮਾਧਿਅਮ ਵਿਚ ਪ੍ਰਾਪਤ ਸਿੱਖਿਆ ਬਿਹਤਰ ਹੁੰਦੀ ਹੈ ਅਤੇ ਦੂਸਰੀਆਂ ਭਾਸ਼ਾਵਾਂ ਸਿੱਖਣ ਵਿਚ ਵੀ ਅਸਾਨੀ ਹੁੰਦੀ ਹੈ।

ਹਰ ਸਾਲ 21 ਫਰਵਰੀ ਨੂੰ ਅੰਤਰ ਰਾਸ਼ਟਰੀ ਮਾਂ-ਬੋਲੀ ਦਿਵਸ ਅੰਤਰ ਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ, ਜਿਸਦਾ ਮਨੋਰਥ ਹੈ ਕਿ ਲੋਕਾਂ ਵਿਚ ਆਪਣੀ ਮਾਂ-ਬੋਲੀ ਸਿੱਖਣ ਦਾ ਉਤਸ਼ਾਹ ਪੈਦਾ ਕਰਕੇ ਆਪਣੀ ਲਿਪੀ ਪ੍ਰਤੀ ਜਾਗ੍ਰਤੀ ਲਿਆ ਕੇ ਲਿਪੀ ਦਾ ਪ੍ਰਚਾਰ ਪਸਾਰ ਕਰਨਾ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਵੱਲੋਂ 17 ਨਵੰਬਰ 1999 ਨੂੰ ਇਹ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ। ਯੂ. ਐਨ. ਦੀ ਜਨਰਲ ਅਸੈਂਬਲੀ ਨੇ ਸਾਲ 2000 ਨੂੰ ਭਾਸ਼ਾਵਾਂ ਦਾ ਅੰਤਰ ਰਾਸ਼ਟਰੀ ਸਾਲ ਕਰਾਰ ਦਿੱਤਾ ਹੈ। ਇਸਦੀ ਅਹਿਮੀਅਤ ਇਹ ਹੈ ਕਿ ਭਾਸ਼ਾਈ ਅਤੇ ਸਭਿਆਚਾਰਕ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਣਾ ਹੈ।

ਇਹ ਦਿਹਾੜਾ ਫਰਵਰੀ 2000 ਤੋਂ ਬਾਅਦ ਹਰ ਸਾਲ ਮਨਾਇਆ ਜਾਂਦਾ ਹੈ। ਇਹ ਦਿਨ 21 ਫਰਵਰੀ 1952 ਦੀ ਪ੍ਰਤੀਨਿਧਤਾ ਕਰਦਾ ਹੈ, ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ, ਢਾਕਾ ਮੈਡੀਕਲ ਕਾਲਜ ਆਦਿ ਦੇ ਵਿਦਿਆਰਥੀ ਉਸ ਸਮੇਂ ਦੇ ਪਾਕਿਸਤਾਨ ਵਿਚ ਉਰਦੂ ਤੋਂ ਬਿਨਾਂ ਬੰਗਾਲੀ ਨੂੰ ਵੀ ਇਕ ਰਾਸ਼ਟਰੀ ਭਾਸ਼ਾ ਵਜੋਂ ਮਾਨਤਾ ਦਿਵਾਉਣ ਲਈ ਮੁਜ਼ਾਹਰਾ ਕਰ ਰਹੇ ਸਨ ਅਤੇ ਪੁਲਿਸ ਦੁਆਰਾ ਗੋਲੀਆਂ ਚਲਾ ਕੇ ਢਾਕਾ (ਬੰਗਲਾਦੇਸ਼) ਵਿਖੇ ਮਾਰ ਦਿੱਤਾ ਗਿਆ ਸੀ। ਵੱਖ-ਵੱਖ ਭਾਸ਼ਾਵਾਂ ਤੇ ਸੰਨ 2000 ਤੋਂ ਪ੍ਰਚਾ-ਪਾਠ ਵੱਖ-ਵੱਖ ਵਿਸ਼ਿਆਂ 'ਤੇ ਪੜ੍ਹੇ ਜਾਂਦੇ ਹਨ। ਸੰਨ 2022 ਦਾ ਵਿਸ਼ਾ ਰਿਹਾ- ਬਹੁਭਾਸ਼ਾਈ ਸਿੱਖਿਆ ਲਈ ਤਕਨਾਲੋਜੀ ਦੀ ਵਰਤੋਂ 'ਚੁਣੌਤੀਆਂ ਅਤੇ ਮੌਕੇ'।

ਮਾਂ-ਬੋਲੀ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਵਿਦਵਾਨਾਂ ਦੇ ਵਿਚਾਰ ਹਨ ਕਿ ਅਫਰੀਕੀ ਲੋਕ ਨਾਇਕ ਨੈਲਸਨ ਮੰਡੇਲਾ ਨੇ ਕਿਹਾ ਸੀ ਕਿ ਜੇਕਰ ਤੁਸੀਂ ਕਿਸੇ ਇਨਸਾਨ ਨਾਲ ਉਸ ਭਾਸ਼ਾ ਵਿਚ ਗੱਲ ਕਰੋ, ਜਿਹੜੀ ਉਸਨੇ ਸਿੱਖੀ ਹੋਵੇ ਤਾਂ ਗੱਲ ਉਸਦੇ ਦਿਮਾਗ ਤੱਕ ਪਹੁੰਚ ਜਾਂਦੀ ਹੈ। ਜੇਕਰ ਤੁਸੀਂ ਉਸਦੀ ਆਪਣੀ ਭਾਸ਼ਾ ਵਿਚ ਗੱਲ ਕਰੋ ਤਾਂ ਗੱਲ ਉਸਦੇ ਦਿਲ ਵਿਚ ਉਤਰ ਜਾਂਦੀ ਹੈ। ਆਪਣੀ ਮਾਂ-ਬੋਲੀ ਵਿਚ ਅਸੀਂ ਭਾਵਨਾਵਾਂ ਨੂੰ ਸਮਝਦੇ ਅਤੇ ਮਾਣਦੇ ਹਾਂ। ਇਕ ਹੋਰ ਅਫਰੀਕੀ ਵਿਦਵਾਨ ਨਿਗੂਗੀ ਥਿਔਂਗ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਲੋਕਾਂ ਦੀ ਜ਼ੁਬਾਨ ਖਤਮ ਕਰ ਦੇਵੋ ਤਾਂ ਉਹਨਾਂ ਦੀ ਯਾਦਾਸ਼ਤ ਖਤਮ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਬਿਨਾਂ ਯਾਦਾਸ਼ਤ ਦੇ ਲੋਕ ਪਤਵਾਰ-ਹੀਣ ਹੁੰਦੇ ਹਨ, ਬੇਲਗਾਮ ਹੁੰਦੇ ਹਨ। ਆਪਣੇ ਇਤਿਹਾਸ ਅਤੇ ਸਭਿਆਚਾਰ ਤੋਂ ਟੁੱਟ ਜਾਂਦੇ ਹਨ। ਰਬਿੰਦਰ ਨਾਥ ਟੈਗੋਰ ਬੰਗਾਲੀ ਕਵੀ ਅਤੇ ਲੇਖਕ ਨੇ ਬਲਰਾਜ ਸਾਹਨੀ ਨੂੰ ਮਾਂ-ਬੋਲੀ ਵਿਚ ਲਿਖਣ ਦੀ ਦਲੀਲ ਦਿੰਦੇ ਕਿਹਾ ਕਿ ਤੁਸੀਂ ਪਰਾਈ ਭਾਸ਼ਾ ਵਿਚ ਭਾਵੇਂ ਜ਼ਿੰਦਗੀ ਭਰ ਲਿਖਦੇ ਰਹੋ, ਪਰ ਨਾ ਤਾਂ ਤੁਹਾਡੇ ਆਪਣੇ ਲੋਕ ਤੁਹਾਨੂੰ ਆਪਣਾ ਸਮਝ ਸਕਣਗੇ, ਨਾ ਹੀ ਉਹ ਲੋਕ ਜਿਹਨਾਂ ਦੀ ਭਾਸ਼ਾ ਵਿਚ ਤੁਸੀਂ ਲਿਖ ਰਹੇ ਹੋ। ਦੂਜਿਆਂ ਦਾ ਬਣਨ ਤੋਂ ਪਹਿਲਾਂ ਆਪਣੇ ਲੋਕਾਂ ਦਾ ਬਣਨਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਲੋਕਾਂ ਦਾ ਕਿਰਦਾਰ ਬਦਲ ਗਿਆ। ਮੁਸਲਮਾਨੀ ਰਾਜ ਦਾ ਸਮਾਂ ਹੈ, ਜਿਸ ਨੂੰ ਪਹਿਲਾਂ ਹੇਂਦਕੀ ਬੋਲੀ ਵਿਚ 'ਆਦਿ ਪੁਰਖ' ਆਖਿਆ ਜਾਂਦਾ ਸੀ। ਹੁਣ ਉਸਨੂੰ ਅੱਲਾ ਆਖਿਆ ਜਾ ਰਿਹਾ ਹੈ। ਹੁਣ ਇਹ ਰਿਵਾਜ਼ ਚੱਲ ਪਿਆ ਹੈ ਕਿ ਹਿੰਦੂ ਜਿਹਨਾਂ ਮੰਦਰਾਂ ਵਿਚ ਦੇਵਤਿਆਂ ਦੀ ਪੂਜਾ ਕਰਦੇ ਹਨ, ਉਹਨਾਂ ਦੇਵ ਮੰਦਰਾਂ ਉਤੇ ਟੈਕਸ ਲਾਇਆ ਜਾ ਰਿਹਾ ਹੈ। ਹੁਣ ਲੋਟਾ, ਬਾਗ ਨਿਮਾਜ਼, ਮੁਸੱਲਾ ਪ੍ਰਧਾਨ ਹਨ। ਪ੍ਰਮਾਤਮਾ ਦੀ ਬੰਦਗੀ ਕਰਨ ਵਾਲਿਆਂ ਨੇ ਨੀਲਾ ਬਾਣਾ ਪਹਿਨਿਆ ਹੋਇਆ ਹੈ। ਹੁਣ ਤੇਰੀ ਭਾਵ ਤੇਰੇ ਬੰਦਿਆਂ ਦੀ ਬੋਲੀ ਹੀ ਹੋਰ ਹੋ ਗਈ ਹੈ। ਹਰੇਕ ਘਰ ਵਿਚ ਸਭ ਜੀਵਾਂ ਦੇ ਮੂੰਹ ਵਿਚ ਲਫਜ਼ ਪਿਤਾ ਦੇ ਥਾਂ ਲਫਜ਼ ਮੀਆਂ ਪ੍ਰਧਾਨ ਹੈ। ਹੇ ਪਾਤਸ਼ਾਹ ਜੇਕਰ ਤੂੰ ਮੀਰ ਬਾਬਰ ਨੂੰ ਧਰਤੀ ਦਾ ਰਾਜਾ ਬਣਾਉਣਾ ਚਾਹੀਦਾ ਹੈ ਤਾਂ ਸਾਡੀ ਜੀਵਾਂ ਦੀ ਕੀ ਤਾਕਤ ਹੈ। ਅੰਗ: 1190-91

ਆਪਣੇ ਆਪ ਨੂੰ ਹਿੰਦੂ ਧਰਮ ਦੇ ਰਾਖੇ ਸਮਝਣ ਵਾਲੇ ਖੱਤਰੀਆਂ ਨੇ ਆਪਣਾ ਧਰਮ ਛੱਡ ਦਿੱਤਾ ਹੈ, ਜਿਹਨਾਂ ਨੂੰ ਇਹ ਮੂੰਹੋਂ ਮਲੇਛ ਕਹਿ ਰਹੇ ਹਨ, ਰੋਜ਼ੀ ਦੀ ਖਾਤਰ ਉਹਨਾਂ ਦੀ ਬੋਲੀ ਗ੍ਰਹਿਣ ਕਰ ਚੁੱਕੇ ਹਨ। ਇਹਨਾਂ ਦੇ ਧਰਮ ਦੀ ਮਰਿਆਦਾ ਮਰ ਚੁੱਕੀ ਹੈ। ਸਾਰੀ ਸ੍ਰਿਸ਼ਟੀ ਇਕੋ ਵਰਨ ਦੀ ਹੋ ਗਈ ਹੈ। ਇਕੋ ਅਧਰਮ ਹੀ ਪ੍ਰਧਾਨ ਹੋ ਗਿਆ ਹੈ। ਅੰਗ 662-663

ਇੱਥੋਂ ਤੱਕ ਕਿ ਵਿਦੇਸ਼ੀ ਹਾਕਮਾਂ ਨੂੰ ਖੁਸ਼ੀ ਕਰਨ ਲਈ ਆਪਣੀ ਭਾਸ਼ਾ ਤੇ ਸਭਿਆਚਾਰ ਨੂੰ ਵਿਸਾਰ ਦਿੱਤਾ। ਪਹਿਰਾਵੇ ਆਚਰਣ ਅਤੇ ਆਪਣੀ ਸਥਾਨਕ ਬੋਲੀ ਨਾਲ ਧ੍ਰੋਹ ਕੀਤਾ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਮ ਬੋਲੀ ਲੋਕ ਭਾਸ਼ਾ ਅਤੇ ਪੰਜਾਬੀ ਵਿਚ ਵਿਚਾਰ ਪ੍ਰਗਟ ਕੀਤੇ। ਬਾਣੀ ਦੀ ਰਚਨਾ ਗੁਰਮੁਖੀ ਲਿਪੀ ਵਿਚ ਕੀਤੀ। ਰਵਾਇਤੀ ਸ਼ਾਸਤਰੀ ਸੰਗੀਤ ਅਤੇ ਪ੍ਰਚੱਲਿਤ ਸੰਗੀਤ ਦੀ ਵਰਤੋਂ ਕੀਤੀ। ਭਾਈ ਮਰਦਾਨਾ ਜੀ ਦੀ ਰਬਾਬ ਬਾਣੀ ਗਾਇਨ ਵਿਚ ਮਹੱਤਵਪੂਰਨ ਹੈ। ਭਗਤੀ ਲਹਿਰ ਦੇ ਸਮਾਜ ਸੁਧਾਰਕਾਂ ਨੇ ਵੀ ਸੰਤ ਭਾਸ਼ਾ ਲੋਕ ਭਾਸ਼ਾ ਅਤੇ ਪੰਜਾਬੀ ਗੁਰਮੁਖੀ ਦੀ ਵਰਤੋਂ ਕੀਤੀ। ਉਪਰੰਤ ਸੂਫੀਆਂ ਨੇ ਵੀ ਪੰਜਾਬੀ ਗੁਰਮੁਖੀ ਨੂੰ ਤਰਜੀਹ ਦਿੱਤੀ। ਭਾਵੇਂ ਉਹ ਅਰਬੀ ਫਾਰਸੀ ਭਾਸ਼ਾ ਦੇ ਮਾਹਿਰ ਸਨ।

ਮਾਂ-ਬੋਲੀ ਦਾ ਵਿਕਾਸ ਵੀ ਰਾਜਨੀਤਿਕ ਅਤੇ ਆਰਥਿਕ ਵਿਕਾਸ ਦੇ ਨਾਲ ਨਾਲ ਹੋਣਾ ਚਾਹੀਦਾ ਹੈ। ਅੱਜ ਲੋੜ ਹੈ ਕਿ ਆਪਣੀਆਂ ਸਮਾਜਿਕ ਰਵਾਇਤਾਂ, ਪੰਜਾਬ ਦੀ ਵਿਰਾਸਤ ਵਿਚ ਪਾਏ ਅਨਮੋਲ ਖਜ਼ਾਨੇ ਨੂੰ ਸਾਂਭਣ ਦੀ ਪ੍ਰੰਪਰਾ ਵਿਚ ਲੋਕ ਗੀਤ, ਲੋਕ ਸੰਗੀਤ, ਲੋਕ ਨਾਚ, ਖੇਡਾਂ, ਲੋਕ ਤਿਉਹਾਰ, ਮੇਲੇ, ਸੂਫੀ ਸਾਹਿਤ ਆਦਿ ਵਿਚ ਪੰਜਾਬੀਆਂ ਦੀ ਵੱਖਰੀ ਪਛਾਣ ਹੈ। ਯੂਨੈਸਕੋ ਨੇ ਆਪਣੀ ਇਕ ਰਿਪੋਰਟ ਦਿੱਤੀ ਹੈ ਕਿ ਆਉਣ ਵਾਲੇ ਸਮੇਂ ਵਿਚ ਕਈ ਭਾਸ਼ਾਵਾਂ ਦੀ ਹੋਂਦ ਲਈ ਖਤਰਾ ਪੈਦਾ ਹੋ ਸਕਦਾ ਹੈ। ਯੂਨੈਸਕੋ ਨੇ ਭਾਸ਼ਾ ਦੀ ਬੜੀ ਖੋਜ ਤੋਂ ਬਾਅਦ ਕਮੇਟੀਆਂ ਬਣਾਈਆਂ ਜੋ ਕਿਸੇ ਵੀ ਭਾਸ਼ਾ ਦੀਆਂ ਦਰਪੇਸ਼ ਚੁਣੌਤੀਆਂ ਖਤਰਿਆਂ ਤੋਂ ਜਾਣੂ ਕਰਵਾਉਂਦੀਆਂ ਹਨ। ਅੱਜ ਪੰਜਾਬੀ ਮਾਂ-ਬੋਲੀ ਅਤੇ ਸਭਿਆਚਾਰ ਨੂੰ ਬਚਾਉਣ ਲਈ ਸੰਜੀਦਾ ਯਤਨਾਂ ਦੀ ਲੋੜ ਹੈ। ਸਰਕਾਰੀ ਅਤੇ ਸੰਸਥਾਗਤ ਉਪਰਾਲਿਆਂ ਦੀ ਲੋੜ ਹੈ। ਕੁਝ ਅਜਿਹੇ ਯਤਨ ਹਨ ਜੋ ਮਾਂ-ਬੋਲੀ ਵਿਚ ਉਤਸ਼ਾਹ ਵਧਾਉਂਦੇ ਹਨ। ਪਾਕਿਸਤਾਨ ਵਿਚ ਵੀ ਪੰਜਾਬੀ ਬੋਲੀ ਦਾ ਬੋਲਬਾਲਾ ਹੈ। ਸੰਸਾਰ ਦੇ ਬਹੁਤ ਸਾਰੇ ਮੁਲਕਾਂ ਵਿਚ ਪੰਜਾਬੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪੰਜਾਬੀ ਜਿੱਥੇ ਵੀ ਜਾ ਵੱਸੇ ਆਪਣੇ ਸਭਿਆਚਾਰ ਨੂੰ ਵੀ ਨਾਲ ਲੈ ਗਏ ਹਨ। ਪੰਜਾਬੀ ਜਿੱਥੇ ਆਪਣਾ ਘਰ ਬਣਾਉਂਦਾ ਹੈ, ਉਥੇ ਹੀ ਗੁਰੂ ਦਾ ਘਰ ਵੀ ਜ਼ਰੂਰ ਬਣਾਉਂਦਾ ਹੈ। ਥਾਂ-ਥਾਂ ਨਿਸ਼ਾਨ ਸਾਹਿਬ ਝੂਠਦੇ ਹਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੇਲੇ ਪੰਜਾਬੀ ਬੋਲੀ ਅਤੇ ਗੁਰਧਾਮਾਂ ਦਾ ਬਹੁਤ ਵਿਕਾਸ ਹੋਇਆ ਹੈ, ਜੋ ਪੰਜਾਬੀ ਦੇ ਅਮੀਰ ਵਿਰਸੇ ਦਾ ਦਸਤਾਵੇਜ਼ ਹੈ।

ਪੰਜਾਬੀ ਮਾਂ ਬੋਲੀ ਦਾ ਬੇਸ਼ਕੀਮਤੀ ਸਾਹਿਤ ਖਜ਼ਾਨਾ ਹੈ, ਜਿਸ ਵਿਚ ਵੱਖ-ਵੱਖ ਵਿਸ਼ਿਆਂ ਦਾ ਸਾਹਿਤ ਸਾਂਭਿਆ ਪਿਆ ਹੈ। ਜੋ ਪੰਜਾਬੀ ਲਿਪੀ ਦਾ ਮਹੱਤਵ ਪ੍ਰਗਟ ਕਰਦਾ ਹੈ। ਅੱਜ ਪੰਜਾਬੀ ਮਾਂ ਬੋਲੀ ਪੰਜਾਬ ਰਾਜ ਦੀ ਪ੍ਰਬੰਧਕੀ ਬੋਲੀ ਹੈ। ਵਿਦੇਸ਼ਾਂ ਵਿਚ ਵੀ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦਾ ਸੰਗੀਤ ਅਤੇ ਸਾਹਿਤ ਦਾ ਪ੍ਰਚਾਰ ਪਸਾਰ ਕੀਤਾ ਹੈ। ਉਹਨਾਂ ਆਪਣੇ ਗੌਰਵਮਈ ਧਾਰਮਿਕ ਵਿਰਸੇ ਦਾ ਇਤਿਹਾਸ ਸਾਂਭ ਰੱਖਿਆ ਹੈ। ਗੁਰਦੁਆਰਿਆਂ ਵਿਚ ਗੁਰਮਤਿ, ਕਥਾ, ਕੀਰਤਨ, ਕਵੀ ਦਰਬਾਰ, ਢਾਡੀ ਵਾਰਾਂ, ਨਗਰ ਕੀਰਤਨ, ਲੰਗਰ, ਗਤਕਾ, ਸਿੱਖ ਬੱਚਿਆਂ ਦਾ ਦਿਨ ਮਨਾਇਆ ਜਾਂਦਾ ਹੈ, ਜਿਸ ਵਿਚ ਬੱਚਿਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਅਤੇ ਧਾਰਮਿਕ ਵਿਰਸੇ ਨਾਲ ਜੋੜਿਆ ਜਾਂਦਾ ਹੈ। ਅੰਤ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਰਚਨਾ, ਪੰਜਾਬੀ ਦੀ ਮਿਸਾਲ ਵਜੋਂ ਪੇਸ਼ ਹੈ- ਮੈਂ ਕੈਂਹ ਦਾ ਸਾਫ ਤੇ ਲਿਸ਼ਕਵਾ ਭਾਢਾਂ ਘਸਾਇਆ ਤਾਂ ਉਸ ਵਿਚੋਂ ਕਾਲੀ ਸਿਆਹੀ ਦਿਸ ਪੈਂਦੀ ਹੈ। ਧੋਣ ਨਾਲ ਅੰਦਰਲੀ ਜੂਠ ਕਾਲਖ ਦੂਰ ਨਹੀਂ ਹੁੰਦੀ, ਭਾਵੇਂ ਸੈਂਕੜੇ ਵਾਰ ਵੀ ਕਿਉਂ ਨਾ ਧੋਤੀ ਜਾਵੇ। ਕੇਵਲ ਉਹ ਹੀ ਮਿੰਤਰ ਹਨ, ਬੇਝਿਜਕ ਹੋ ਕੇ ਹਿਸਾਬ ਦੇਣ। ਜੇ ਘਰ ਮੰਦਰ ਅਟਾਰੀਆਂ ਮਹਲ ਚੌਹਾਂ ਪਾਸਿਆਂ ਤੋਂ ਚਿਤਾਰੇ ਹੋਣ, ਪਰ ਅੰਦਰੋਂ ਖਾਲੀ ਹੋਣ ਉਹ ਢਹਿ ਜਾਂਦੇ ਹਨ। ਢੱਠੇ ਹੋਏ ਖੰਡਰਾਤ ਕਿਸੇ ਕੰਮ ਨਹੀਂ ਆਉਂਦੇ। ਚਿੱਟੇ ਪਰਾਂ ਵਾਲੇ ਬਗਲੇ ਯਾਤਰਾ ਅਸਥਾਨਾਂ ਵਿਚ ਰਹਿੰਦੇ ਹਨ। ਪਰ ਜੀਆਂ ਨੂੰ ਗਲੋਂ ਘੁੱਟ ਘੁੱਟ ਕੇ ਖਾ ਜਾਣ ਵਾਲੇ ਅੰਦਰੋਂ ਸਾਫ ਸੁਥਰੇ ਨਹੀਂ ਆਖੇ ਜਾਂਦੇ। ਮੇਰਾ ਜਿਸਮ ਸਿੰਬਲ ਦਾ ਰੁੱਖ ਹੈ। ਸਿੰਬਲ ਦੇ ਫਲਾਂ ਨੂੰ ਵੇਖ ਕੇ ਤੋਤੇ ਭੁਲੇਖਾ ਖਾ ਜਾਂਦੇ ਹਨ। ਸਿੰਬਲ ਦੇ ਫਲ ਤੋਤਿਆਂ ਦੇ ਕੰਮ ਨਹੀਂ ਆਉਂਦੇ। ਉਹੀ ਲੱਛਣ ਮੇਰੇ ਜਿਸਮ ਵਿਚ ਹਨ। ਅੰਨਾ ਆਦਮੀ ਭਾਰਾ ਬੋਝ ਚੁੱਕੀ ਫਿਰਦਾ ਹੈ। ਪਹਾੜ ਦਾ ਰਸਤਾ ਹੈ। ਮੈਂ ਆਪਣੇ ਨੇਤ੍ਰਾਂ ਨਾਲ ਵੇਖਦਾ ਹਾਂ। ਪਰ ਮੈਨੂੰ ਰਸਤਾ ਨਹੀਂ ਲੱਭਦਾ। ਮੈਂ ਕਿਸ ਤਰ੍ਹਾਂ ਪਹਾੜ ਉਤੇ ਚੜ੍ਹ ਕੇ ਪਾਰ ਜਾ ਸਕਦਾ ਹੈ। ਹੇ ਨਾਨਕ ਪਹਾੜੀ ਰਸਤੇ ਵਰਗੇ ਬਿਖੜੇ ਜੀਵਨ ਪੰਧ ਵਿਚ ਪਾਰ ਲੰਘਣ ਲਈ ਦੁਨੀਆਂ ਦੇ ਲੋਕਾਂ ਦੀਆਂ ਖੁਸ਼ਾਮੰਦਾਂ, ਲੋਕ ਵਿਖਾਵੇ ਤੇ ਚਲਾਕੀਆਂ ਕਿਸੇ ਕੰਮ ਨਹੀਂ ਆ ਸਕਦੀਆਂ। ਪ੍ਰ ਦਾ ਨਾਮ ਸਿਮਰਨ ਕਰ। ਜਿਸ ਨਾਲ ਤੂੰ ਆਪਣੀਆਂ ਬੇੜੀਆਂ ਤੋਂ ਖਲਾਸੀ ਪਾ ਜਾਵੇਂਗਾ। ਅੰਗ 729

# ਨਿਪੁੰਨ ਤੇ ਸਰਵੋਤਮ ਸ਼ਿਲਪੀ ਹੈ: ਪੰਛੀ ਬਿਜੜਾ

ਮਾਨਵ ਅਤੇ ਪੰਛੀਆਂ ਵਿਚ ਘਰ ਬਣਾਉਣ ਦੀ ਇੱਛਾ ਬਰਾਬਰ ਰੂਪ ਵਿਚ ਹੁੰਦੀ ਹੈ। ਘਰ ਨੂੰ ਸੁੰਦਰ ਬਣਾਉਣਾ ਉਸ ਦੀ ਸਭਿਅਕ ਸੋਚ ਦਾ ਪ੍ਰਤੀਕ ਹੈ। ਇਹ ਆਦਤ ਮਨੁੱਖ ਅਤੇ ਪੰਛੀਆਂ ਵਿਚ ਕਾਫ਼ੀ ਮਿਲਦੀ ਜੁਲਦੀ ਹੈ। ਪੰਛੀ-ਜਾਨਵਰ ਵੀ ਕੁਦਰਤੀ ਤੌਰ 'ਤੇ ਸਭਿਅਕ ਹੁੰਦੇ ਹਨ। ਹਰ ਕਿਸਮ ਦੇ ਪੰਛੀ ਦਾ ਘਰ (ਘੌਰਦਾ ਜਾਂ ਆਲ੍ਹਣਾ) ਉਸ ਦੇ ਸ਼ਰੀਰ, ਰਹਿਣ-ਸਹਿਣ, ਖ਼ਾਣ-ਪੀਣ, ਮੌਸਮ ਅਤੇ ਵਾਤਾਵਰਣ ਦੇ ਮੁਤਾਬਿਕ ਹੁੰਦਾ ਹੈ। ਪੰਛੀਆਂ 'ਚੋਂ ਸੁੰਦਰ ਕਸੀਦੇਦਾਰ ਘਰ (ਆਲ੍ਹਣਾ) ਬਣਾਉਣ ਵਿਚ ਮਾਹਿਰ ਹੈ ਬਿਜੜਾ। ਮਨੁੱਖ ਨਾਲੋਂ ਵਧੀਆ ਕਾਰੀਗਰ ਹੈ ਬਿਜੜਾ। ਪੰਛੀਆਂ ਦੇ ਸੰਸਾਰ 'ਚੋਂ ਬਿਜੜਾ ਸਰਵੋਤਮ ਸ਼ਿਲਪੀ ਹੈ। ਸ਼ਾਇਦ ਮਨੁੱਖ ਵੀ ਬਿਜੜੇ ਵਰਗਾ ਘਰ ਨਾ ਬਣਾ ਸਕੇ। ਮਨੁੱਖ ਹੱਥਾਂ ਨਾਲ ਘਰ ਬਣਾਉਂਦਾ ਹੈ ਪਰ ਬਿਜੜਾ ਅਪਣੀ ਕਲਾਤਮਿਕ ਚੁੰਝ ਨਾਲ। ਘਰ ਬਣਾਉਣ ਲੱਗਿਆਂ ਬਿਜੜਾ ਮਾਦਾ ਦੀ ਪਸੰਦ ਨੂੰ ਤਰਜ਼ੀਹ ਦਿੰਦਾ ਹੈ। ਜੇ ਮਾਦਾ ਨੂੰ ਘਰ ਪਸੰਦ ਨਾ ਆਏ ਤਾਂ ਉਹ ਦੁਬਾਰਾ ਘਰ ਬਣਾਉਂਦਾ ਹੈ। ਬਿਜੜਾ ਨਰ ਤੇ ਮਾਤਾ ਦੋਵਾਂ ਦਾ ਪਿਆਰ ਸੰਸਾਰ ਵਿਚ ਇਕ ਉਦਾਹਰਣ ਹੈ। ਘਰ ਬਣਾਉਣ ਵਾਲੀ ਜਗ੍ਹਾ ਦੀ ਚੋਣ ਕਰਨ ਲੱਗਿਆ ਉਹ ਸਹੂਲਤਾ ਦਾ ਧਿਆਨ ਰਖਦਾ ਹੈ ਜਿਸ ਤਰ੍ਹਾਂ ਸ਼ੈਲੀ, ਬੁਣਨ ਵਿਧੀ, ਆਕਾਰ, ਬਾਹਰੀ-ਅੰਦਰੂਨੀ ਸੁੰਦਰ ਆਰਾਮ ਦਾਇਕ ਅਵਸਥਾ, ਆਲ੍ਹਣੇਂ ਦੀ ਲਟਕਾਉ ਸਥਿਤੀ, ਰੁੱਖ 'ਤੇ ਟਹਿਣੀਆਂ ਦੀ ਚੋਣ, ਚੌਗਿਰਦੇ 'ਚੋਂ ਪ੍ਰਾਪਤ ਸਹੂਲਤਾਂ ਆਦਿ। ਬਿਜੜੇ ਨੂੰ ਘਰ ਬਣਾਉਣ ਲੱਗਿਆਂ ਕਈ ਮਹੀਨੇ ਲਗਦੇ ਹਨ। ਇਕ ਇਕ ਤੀਲਾ



ਜਿਸ ਵਿਚ ਲਚਕੀਲਾਪਣ ਤੇ ਮਲਾਇਮਪਣ ਹੋਵੇ, ਲੱਭ ਕੇ ਲਿਆਉਣ ਵਿਚ ਨਿਪੁੰਨ ਹੁੰਦਾ ਹੈ ਬਿਜੜਾ। ਉਹ ਬੜੇ ਹੀ ਇੱਤਮੀਨਾਨ ਨਾਲ ਘਾਹ, ਤੀਲੇ ਆਦਿ ਦਾ ਨਿਰੀਖਣ ਕਰਦਾ ਹੈ। ਤੀਲਾ-ਤੀਲਾ ਪਿਰੋਂਦਾ ਹੈ ਬਿਜੜਾ। ਘਰ ਦੀ ਜ਼ਰੂਰਤ ਮੁਤਾਬਿਕ ਚੁੰਝ ਨਾਲ ਤੀਲੇ ਉਠਾ ਕੇ ਉਸ ਨੂੰ ਸ਼ੁਰੂ ਤੋਂ ਹੀ ਸੰਗਠਿਤ ਤਰਤੀਬ ਦੇਣੀ ਸ਼ੁਰੂ ਕਰਦਾ ਹੈ ਜੋ ਆਖ਼ਿਰ ਤਕ ਚਲਦੀ ਹੈ, ਘਰ ਦੇ ਨਜ਼ਦੀਕ ਹੀ ਪਾਣੀ, ਖੁਰਾਕ ਆਦਿ ਦਾ ਪ੍ਰਬੰਧ ਕੀਤਾ ਹੈ। ਅਮੂਮਨ ਬਿਜੜਾ ਅਪਣਾ ਆਲ੍ਹਣਾ ਸੜਕਾਂ, ਪਗਡੰਡੀਆਂ, ਵਗਦੇ ਰਸਤਿਆਂ ਦੇ ਆਰ-ਪਾਰ ਬਣਾਉਂਦਾ ਹੈ ਜਿੱਥੇ ਸਭ ਸਹੂਲਤਾਂ ਹੋਣ ਅਤੇ ਮਾਨਵ ਉਸ ਦੇ ਆਲ੍ਹਣੇ ਦੀ ਤਾਰੀਫ ਵੀ ਕਰ ਸਕਦੇ ਹੋਣ। ਕਿੱਕਰ ਦੀਆਂ ਲਮਕਦੀਆਂ ਮਜ਼ਬੂਤ ਟਾਹਣੀਆਂ ਤੇ ਉਹ ਖੁਸ਼ੀ-ਖੁਸ਼ੀ ਆਲ੍ਹਣਾ ਬਣਾਉਂਦਾ ਹੈ। ਮਜ਼ਬੂਰੀ ਵੱਸ ਟਾਹਣੀਆਂ ਤੇ ਹੋਰ ਲਮਕਦੀਆਂ ਟਾਹਣੀਆਂ ਵਾਲੇ ਰੁੱਖਾਂ ਤੇ ਵੀ ਆਲ੍ਹਣਾ ਬਣਾ ਲੈਂਦਾ ਹੈ ਜੇ ਸਹੂਲਤਾਂ ਮਿਲਦੀਆਂ ਹੋਣ ਤਾਂ ਉਹ ਵੀ ਮਾਦਾ ਦੇ ਕਹਿਣ 'ਤੇ।

ਬਿਜੜਾ ਦਿਲਕਸ ਮੌਸਮ ਜਨਵਰੀ, ਫਰਵਰੀ ਅਤੇ ਮਾਰਚ ਵਿਚ ਹੀ ਘਰ ਬਣਾਉਂਦਾ ਹੈ। ਕਈ ਵਾਰ ਉਹ ਨਵੰਬਰ, ਦਿਸੰਬਰ ਵਿਚ ਸਮੱਗਰੀ ਇਕੱਠੀ ਕਰਨਾ ਸ਼ੁਰੂ ਕਰ ਦਿੰਦਾ ਹੈ। ਵੈਸੇ ਤਾਂ ਉਹ ਨਾਲ ਨਾਲ ਹੀ ਸਮੱਗਰੀ ਦਾ ਪ੍ਰਯੋਗ ਕਰਦਾ ਹੈ। ਸਭ ਤੋਂ ਪਹਿਲਾਂ ਮਜ਼ਬੂਤ ਟਾਹਣੀਆਂ ਦੀ ਚੋਣ ਤੋਂ ਬਾਅਦ ਉਹ ਤੀਲੇ, ਘਾਹ, ਫੂਸ ਦੀ ਭਾਲ ਕਰਕੇ ਲਮਕਣੀ ਮਜ਼ਬੂਤ ਟਾਹਣੀ ਤੇ ਚਰਖੇ ਦੀ ਪੂਣੀ ਵਾਂਗ ਘਰ ਦੀ ਸ਼ੁਰੂਆਤ ਕਰਦਾ ਹੈ। ਆਲ੍ਹਣੇ ਦਾ ਉਪਰਲਾ ਭਾਗ ਪੂਣੀ ਦੀ ਤਰ੍ਹਾਂ ਹੀ ਰਹਿੰਦਾ ਹੈ ਅਤੇ ਵਿਚਕਾਰੋਂ ਪੂਣੀ ਦੇ ਆਕਾਰ ਨੂੰ ਚੌੜਾ ਕਰਦਾ ਚਲਿਆ ਜਾਂਦਾ ਹੈ। ਉਸ ਦੀ ਚੁੰਝ ਵਿਚ ਹੀ ਸਾਰੇ ਕਲਾਤਮਿਕ ਸ਼ਿਲਪੀ ਗੁਣ ਹੁੰਦੇ ਹਨ। ਜਿਸ ਤਰ੍ਹਾਂ ਕਪੜਾ ਬੁਣਿਆ ਜਾਂਦਾ ਹੈ, ਬਸ ਉਸੇ ਤਰ੍ਹਾਂ ਹੀ ਬਿਜੜੇ ਦੀ ਸ਼ਿਲਪ ਕਲਾ ਹੁੰਦੀ ਹੈ। ਸੰਪੂਰਨ ਹੋਏ ਆਲ੍ਹਣੇ ਦੀ ਸ਼ਕਲ, ਸਪੇਰੇ ਦੀ ਬੀਨ ਵਰਗੀ ਹੁੰਦੀ ਹੇ। ਹੇਠਲੇ ਭਾਗ ਵਿਚ ਉਹ ਆਪਣਾ ਪ੍ਰਵੇਸ਼ ਦੁਆਰ ਬਣਾਉਂਦਾ ਹੈ। ਪ੍ਰਵੇਸ਼ ਦੁਆਰ ਦੀ ਲੰਬਾਈ-ਚੌੜਾਈ ਅਤੇ ਗੋਲਾਈ ਉਹ ਅਪਣੇ ਸ਼ਰੀਰ ਦੇ ਮੁਤਾਬਿਕ ਬਣਾਉਂਦਾ ਹੈ। ਲਗਭਗ ਅਪ੍ਰੈਲ-ਮਈ ਦੇ ਆਖ਼ੀਰ ਵਿਚ ਉਹ ਆਲ੍ਹਣੇਂ ਮੁਕੰਮਲ ਕਰ ਲੈਂਦਾ ਹੈ।

ਆਲ੍ਹਣਾ ਬਣਾਉਣ ਵਿਚ ਮਾਦਾ ਪ੍ਰਭਾਵਿਤ ਕਰਦੀ ਹੈ, ਉਹ ਅਪਣੇ ਚੋਹਲ-ਮੋਹਲ (ਕਲੋਲ) ਅਤੇ ਆਕਰਸ਼ਿਕ ਰੁਮਾਂਟਿਕ ਅਭਿਨੈ ਕਰਕੇ ਨਰ ਬਿਜੜਾ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਨਰ ਬਿਜੜਾ ਉਸ ਦੀ ਖੁਸ਼ਅਮਦੀਦ ਅਤੇ ਪਿਆਰਦੀ ਬਦੌਲਤ ਸੁੰਦਰ ਆਲ੍ਹਣਾ ਤਿਆਰ ਕਰਦਾ ਹੈ। ਇਹ ਘਰ ਮਾਦਾ ਦੀ ਹਾਂ ਉਤੇ ਸੰਪੂਰਨ ਹੁੰਦਾ ਹੈ। ਉਹ ਅਪਣੇ ਬੱਚੇ ਮਿਲ ਕੇ ਪਾਲਦੇ ਹਨ। ਉਹ ਆਲ੍ਹਣੇ ਵਿਚ ਇਕ ਬੈਡਰੂਮ, ਇਕ ਰੂਮ ਅਤੇ ਬਰਾਂਮਦਾ ਬਣਾਉਂਦੇ ਹਨ। ਬੱਚਿਆਂ ਦਾ ਕਮਰਾ ਅਲੱਗ ਤੇ ਸੁਰੱਖਿਅਤ ਹੁੰਦਾ ਹੈ ਜਿਸ 'ਤੇ ਮੀਂਹ ਨੇਰ੍ਹੀ ਦਾ ਅਸਰ ਨਹੀਂ ਹੁੰਦਾ। ਵਿਸ਼ੇਸ਼ ਤੌਰ 'ਤੇ ਬੱਚਿਆਂ ਦਾ ਪਾਲਣ-ਪੋਸ਼ਣ ਮਾਦਾ ਹੀ ਕਰਦੀ ਹੈ ਅਤੇ ਭੋਜਨ ਦਾ ਪ੍ਰਬੰਧ ਨਰ ਕਰਦਾ ਹੈ। ਦੋਵਾਂ ਵਿਚ ਅਥਾਹ ਪਿਆਰ ਪਾਇਆ ਜਾਂਦਾ ਹੈ। ਪੰਛੀਆਂ 'ਚੋਂ ਸਭ ਤੋਂ ਜ਼ਿਆਦਾ ਅਸਰ-ਰਸੂਖ ਵਾਲਾ ਪੰਛੀ ਹੈ। ਕਿੱਕਰ ਦੀ ਖੁਸ਼ਬੂ ਰੁਮਾਂਟਿਕ ਹੁੰਦੀ ਹੈ ਜੋ ਬਿਜੜੇ ਨੂੰ ਆਕਰਸ਼ਿਕ ਕਰਦੀ ਹੈ।

ਇਸ ਆਧੁਨਿਕ ਯੁੱਗ ਵਿਚ ਕਈ ਲੋਕ ਬਿਜੜੇ ਦੇ ਬੇਕਾਰ ਹੋਏ ਆਲ੍ਹਣੇ ਡਰਾਂਇੰਗ ਵਿਚ ਸਜਾਵਟ ਵਜੋਂ ਸਜਾਉਂਦੇ ਹਨ। ਇਨ੍ਹਾਂ ਬੇਕਾਰ ਆਲ੍ਹਣਿਆਂ ਵਿਚ ਬਲਬ ਲਗਾ ਕੇ ਅਰਧ ਰੌਸ਼ਨੀ ਵੀ ਕੀਤੀ ਜਾਂਦੀ ਹੈ। ਹੋਰ ਕਈ ਤਰੀਕਿਆਂ ਨਾਲ ਸਜਾਇਆ ਜਾਂਦਾ ਹੈ। ਆਲ੍ਹਣੇ ਦਾ ਆਕਾਰ ਇਸ ਤਰ੍ਹਾਂ ਹੁੰਦਾ ਹੈ ਕਿ ਉਸ ਉਪਰ ਹਨੇਰੀ, ਬਾਰਿਸ਼ਆਂ ਦਾ ਅਸਰ ਨਹੀਂ ਹੁੰਦਾ। ਬਿਜੜਾ ਫਸਲੀ ਕੀੜ-ਮਕੌੜੇ ਖਾ ਕੇ ਫਸਲਾਂ ਨੂੰ ਲਾਭ ਪਹੁੰਚਾਉਂਦਾ ਹੈ। ਇਸ ਛੋਟੇ ਆਕਾਰ ਵਾਲੇ ਪੰਛੀ ਦੀ ਉਮਰ 16 ਤੋਂ 20 ਸਾਲ ਤੱਕ ਹੋ ਸਕਦੀ ਹੈ। ਪੰਜਾਬ ਵਿਚ ਇਸ ਦੀ ਕਾਫ਼ੀ ਮਾਤਰਾ ਪਾਹੀ ਜਾਂਦੀ ਹੈ। ਕਈ ਲੋਕ ਇਸ ਦਾ ਮਾਸ ਵੀ ਖ਼ਾਂਦੇ ਹਨ ਜੋ ਕਾਨੂੰਨੀ ਵਰਜਿਤ ਹੈ। ਫਿਰ ਵੀ ਪੰਛੀ ਮਨੁੱਖ ਦੇ ਸੱਚੇ ਸਾਥੀ ਹਨ। ਕਈ ਖੋਜਾਂ ਪੰਛੀਆਂ ਦੇ ਜੀਵਨ 'ਤੇ ਹੋ ਰਹੀਆਂ ਹਨ। ਪੰਛੀ ਬਿਜੜਾ ਸੁੰਦਰ, ਪਿਆਰਾ ਅਤੇ ਮਿਹਨਤੀ ਇੰਜੀਨੀਅਰ ਹੈ।

**- ਬਲਵਿੰਦਰ ਬਾਲਮ ਗੁਰਦਾਸਪੁਰ 98156-25409**

# ਸਿੱਖ ਧਰਮ ਵਿਚ ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫ਼ਰ





ਇਬਾਦਤ ਦੇ ਨਾਲ ਹੀ ਸ਼ਹਾਦਤ ਤੱਕ ਦਾ ਰਸਤਾ ਤੈਅ ਹੁੰਦਾ ਹੈ। ਇਬਾਦਤ ਦੇ ਅਰਥ ਹਨ ਭਜਨ, ਬੰਦਗੀ, ਪ੍ਰਭੂ ਦੇ ਨਾਮ ਦਾ ਜਾਪ ਕਰਨਾ। ਉਸ ਕਾਦਰ ਪਰਮਾਤਮਾ ਦਾ ਨਾਮ ਸਿਮਰਨਾ ਹੀ ਸੱਚੀ ਇਬਾਦਤ ਹੈ। ਇਬਾਦਤ ਕਰਨ ਨਾਲ ਧੀਰਜ ਤੇ ਨਿਡਰਤਾ ਵਰਗੇ ਗੁਣ ਹਿਰਦੇ ਵਿਚ ਜਨਮ ਲੈਂਦੇ ਹਨ। ਸਾਧਾਰਨ ਮਨੁੱਖ ਸੰਸਾਰ ਦੀ ਸੁੰਦਰਤਾ ਤੇ ਸੁਆਦਾਂ ਵਿਚ ਲੀਨ ਰਹਿੰਦਾ ਹੈ ਪਰ ਇਬਾਦਤ ਕਰਨ ਵਾਲੇ ਮਨੁੱਖ ਉਸ ਪਰਮਾਤਮਾ ਦੀ ਭਗਤੀ ਕਰਦੇ ਹਨ। ਉਹ ਆਪਣੀਆਂ ਇੱਛਾਂਵਾਂ ਨੂੰ ਪਰਮਾਤਮਾ ਦੇ ਹੁਕਮ ਅਨੁਸਾਰ ਢਾਲ ਲੈਂਦੇ ਹਨ। ਇਬਾਦਤ ਕਰਨਾ ਉਸ ਕਾਦਰ ਨੂੰ ਪਾਉਣ ਦਾ ਇਕ ਸਫ਼ਲ ਸਾਧਨ ਹੈ। ਆਮ ਦੇਖਣ ਵਿਚ ਆਉਂਦਾ ਹੈ ਕਿ ਸਿੱਖ ਕੌਮ ਵਿਚ ਅਤੇ ਹੋਰ ਅਨੇਕਾਂ ਕੌਮਾਂ ਵਿਚ ਸ਼ਹੀਦ ਹੋਏ ਹਨ ਪਰ ਸ਼ਹੀਦ ਹੋਣ ਵਾਸਤੇ ਕਠਿਨ ਘਾਲਣਾ ਦੀ ਲੋੜ ਹੁੰਦੀ ਹੈ ਕਿਉਂਕਿ ਉਸ ਨਿਰਭਉ ਪਰਮਾਤਮਾ ਦਾ ਨਾਮ ਜਪ ਕੇ ਹੀ ਸਾਰੇ ਡਰ ਭੈਅ ਖ਼ਤਮ ਕਰਕੇ ਸ਼ਹੀਦੀ ਦੇ ਯੋਗ ਬਣਿਆ ਜਾ ਸਕਦਾ ਹੈ। ਇਸ ਸੰਬੰਧੀ ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

ਨਿਰਭਉ ਜਪੈ ਸਗਲ ਭਉ ਮਿਟੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 293)

ਆਪਣੇ ਆਪ ਨੂੰ ਰੱਬੀ ਰਾਹ 'ਤੇ ਚਲਾਉਣਾ ਅਤੇ ਉਸ ਦੇ ਸਿਧਾਂਤਾਂ ਦੀ ਪਾਲਣਾ ਕਰਦਿਆਂ ਕੁਰਬਾਨ ਹੋ ਜਾਣਾ ਇਹ ਸਭ ਇਬਾਦਤ ਦੀ ਕਰਾਮਾਤ ਹੀ ਹੈ। ਇਬਾਦਤ ਹੀ ਪਰਮਾਤਮਾ ਦੇ ਸੱਚੇ ਭਗਤਾਂ ਵਿਚ ਸਹਿਣਸ਼ੀਲਤਾ ਤੇ ਸੰਜਮ ਵਰਗੇ ਗੁਣ ਪੈਦਾ ਕਰਦੀ ਹੈ। ਗੁਰਬਾਣੀ ਅਨੁਸਾਰ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਰੰਗ ਚੜ੍ਹਿਆ ਹੈ, ਉਹੀ ਅਸਲੀ ਸੂਰਮਾ ਹੈ। ਜਦੋਂ ਵੀ ਧਰਮ ਅਤੇ ਮਜ਼ਲੂਮਾਂ 'ਤੇ ਕੋਈ ਮੁਸੀਬਤ ਬਣਦੀ ਹੈ ਤਾਂ ਇਬਾਦਤ ਕਰਨ ਵਾਲੇ ਹੀ ਧਰਮ ਤੇ ਨਿਆਂ ਦੀ ਰੱਖਿਆ ਵਾਸਤੇ ਸ਼ਹਾਦਤ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਭਗਤੀ ਲਈ ਸੰਪੂਰਨ ਸਮਰਪਣ ਦੀ ਮੰਗ ਕੀਤੀ ਹੈ। ਸੰਪੂਰਨ ਸਮਰਪਣ ਦੇ ਨਾਲ ਹੀ ਪਰਉਪਕਾਰ, ਦਇਆ, ਸਰਬ-ਸਾਂਝੀਵਾਲਤਾ ਤੇ ਧਰਮ ਦੀ ਖ਼ਾਤਿਰ ਮਰ ਮਿਟਣ ਦੇ ਸਦਾਚਾਰਕ ਗੁਣ ਪੈਦਾ ਹੁੰਦੇ ਹਨ। ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1412)

ਇਤਿਹਾਸ ਗਵਾਹ ਹੈ ਕਿ ਹਰ ਮਹਾਨ ਧਰਮ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ, ਉਨ੍ਹਾਂ ਕੁਰਬਾਨੀਆਂ ਨਾਲ ਜਿਹੜੀਆਂ ਕਿ ਆਪੋ ਆਪਣੇ ਧਰਮ ਨੂੰ ਮੰਨਣ ਵਾਲਿਆਂ ਨੇ ਆਪਣੀ ਕੌਮ ਦੀ ਮਾਣ-ਮਰਿਯਾਦਾ ਦੀ ਸੰਭਾਲ ਕਰਨ ਲਈ ਦਿੱਤੀਆਂ। ਇੰਨ੍ਹਾਂ ਕੁਰਬਾਨੀਆਂ ਵਿਚੋਂ ਉੱਤਮ ਸ਼ਹਾਦਤ ਹੈ, ਜਿਹੜੀ ਕਿ ਆਪਣੀ ਜਿੰਦ ਨੂੰ ਮੌਤ ਤੋਂ ਕੁਰਬਾਨ ਕਰ ਦਿੰਦੀ ਹੈ। ਅਜਿਹੀ ਸਵੈ ਕੁਰਬਾਨੀ ਨੂੰ ਸ਼ਹਾਦਤ ਕਰਕੇ ਸਨਮਾਨਿਆ ਜਾਂਦਾ ਹੈ। ਭਾਵੇਂ ਅਰਬੀ ਭਾਸ਼ਾ ਦੇ ਸ਼ਬਦ ਸ਼ਹੀਦ ਅਤੇ ਸ਼ਹਾਦਤ ਦਾ ਮੂਲ ਸੰਬੰਧ ਸਾਮੀ ਪਰੰਪਰਾ (ਯਹੂਦੀ, ਇਸਾਈ, ਇਸਲਾਮ) ਨਾਲ ਹੈ, ਪਰ ਭਾਰਤੀ ਪ੍ਰਸੰਗ ਵਿਚ ਸ਼ਹਾਦਤ ਦੇ ਸੰਕਲਪ ਦੀ ਗਵਾਹੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੇ ਕਾਇਮ ਕੀਤੀ।

ਸ਼ਹਾਦਤ ਦੇ ਸਿਧਾਂਤ ਦਾ ਅਮਲੀ ਜਾਮਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਹਿਨ ਕੇ ਇਸ ਪਰੰਪਰਾ ਨੂੰ ਉੱਤਮ ਅਤੇ ਨਿਆਰਾ ਰੂਪ ਪ੍ਰਦਾਨ ਕੀਤਾ ਅਤੇ ਅਨੇਕਾਂ ਪਿਆਰਿਆਂ, ਸਾਹਿਬਜ਼ਾਦਿਆਂ, ਸਿੰਘਾਂ, ਸਿੰਘਣੀਆਂ ਨੇ ਧਰਮ ਦੀ ਖ਼ਾਤਰ ਆਪਣਾ ਆਪ ਕੁਰਬਾਨ ਕਰਕੇ ਨਵਾਂ ਇਤਿਹਾਸ ਸਿਰਜਿਆ। ਸਿੱਖੀ ਇਬਾਦਤ ਤੋਂ ਲੈ ਕੇ ਸ਼ਹਾਦਤ ਤੱਕ ਦਾ ਲੰਮਾ ਸਫ਼ਰ ਹੈ। ਇਬਾਦਤ ਜਾਂ ਬੰਦਗੀ ਇਸ ਦੀ ਬੁਨਿਆਦ ਹੈ ਤੇ ਸ਼ਹਾਦਤ ਸਿਖ਼ਰ ਦਾ ਕਲਸ਼। ਗੁਰਬਾਣੀ ਇਹ ਦੱਸਦੀ ਹੈ ਕਿ ਸਿੱਖ ਨੇ ਜਿਉਣਾ ਕਿਵੇਂ ਹੈ ਤੇ ਕੁਰਬਾਨੀ ਉਹ ਸਬਕ ਹੈ ਜੋ ਇਹ ਦੱਸਦੀ ਹੈ ਕਿ ਨਿਰਭਉ ਤੇ ਨਿਰਵੈਰ ਰਹਿ ਕੇ ਮਰਨਾ ਕਿਵੇਂ ਹੈ। ਇਨ੍ਹਾਂ ਦੋਹਾਂ ਦਾ ਸੁਮੇਲ ਨੇ ਹੀ ਸਿੱਖੀ ਤੇ ਸਿੱਖ ਇਤਿਹਾਸ ਨੂੰ ਚਮਤਕਾਰੀ ਤੇ ਵਿਲ-ਖਣ ਬਣਾਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਹਾਦਤ ਦਾ ਅਰਥ ਗਵਾਹੀ ਅਤੇ ਸਾਖੀ ਭਰਨਾ ਹੈ। ਸੰਸਾਰੀ ਲੋਕ ਹਮੇਸ਼ਾ ਸੱਚ ਦੀ ਗਵਾਹੀ ਭਰਦੇ ਹਨ। ਸ਼ਹੀਦ ਉਹ ਹੈ , ਜੋ ਆਪਣੇ ਵਿਸ਼ਵਾਸ ਲਈ ਸੀਸ ਦੇਵੇ ਪਰ ਆਪਣਾ ਸਿਦਕ ਨਾ ਛੱਡੇ। ਸ਼ਹੀਦ ਉਹ ਹੈ , ਜੋ ਤਸੀਹਿਆਂ ਦੀ ਹਾਲਤ ਵਿਚ ਆਪਣੇ ਕੋਲ ਮੌਕਾ ਹੁੰਦਿਆਂ ਵੀ ਆਪਣੀ ਜਾਨ ਧਰਮ ਲਈ ਕੁਰਬਾਨ ਕਰ ਦੇਵੇ। ਵਿਸ਼ਵਕੋਸ਼ ਵਿਚ 'ਮਾਰਟੀਅਰਜ਼' ਅਰਥ ਦੱਸਦਿਆਂ ਲਿਖਿਆ ਹੈ ਕਿ ਸੰਤ ਹੀ ਸ਼ਹੀਦ ਹੋ ਸਕਦਾ ਹੈ। ਸ਼ਹਾਦਤ ਦੇਣ ਲਈ ਨਿਰਭੈਤਾ ਤੇ ਇਕਾਗਰਤਾ ਦੀ ਬਹੁਤ ਜ਼ਰੂਰਤ ਹੁੰਦੀ ਹੈ। ਫਿਰ ਇਬਾਦਤ ਕਰ ਕੇ ਹੀ ਸ਼ਹਾਦਤ ਦਾ ਜਜ਼ਬਾ ਪੈਦਾ ਹੁੰਦਾ ਹੈ। ਕੇਵਲ ਸੰਤ ਹੀ ਹੈ, ਜੋ ਆਪਣੇ ਆਪ ਨੂੰ ਹਰ ਪਾਸਿਉਂ ਤੋੜ ਕੇ ਇਕ ਪਰਮ-ਾਤਮਾ ਨਾਲ ਜੁੜ ਕੇ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਸੰਸਾਰ ਵਿਚ ਅਨੇਕਾਂ ਸ਼ਹੀਦ ਹੋਏ ਹਨ ਜਿੰਨ੍ਹਾਂ ਨੇ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰ ਕੇ ਸੰਤ ਪਦਵੀ ਧਾਰਨ ਕੀਤੀ। ਸੰਤ ਹਮੇਸ਼ਾ ਉਸ ਪਰਮਾਤਮਾ ਦੀ ਇਬਾਦਤ ਦਾ ਰਾਹ ਚੁਣ ਕੇ ਸ਼ਹਾਦਤ ਪ੍ਰਾਪਤ ਕਰਨਾ ਪਰਵਾਨ ਕਰਦੇ ਹਨ, ਉਹਨਾਂ ਨੂੰ ਆਪਣੇ ਅਸੂਲਾਂ ਨੂੰ ਤਿਆਗਣਾ ਪਰਵਾਨ ਨਹੀਂ । ਕੌਮ ਤੇ ਦੇਸ਼ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਸੰਤਾਂ ਦੀ ਇਬਾਦਤ ਅਤੇ ਸ਼ਹੀਦਾਂ ਦੀ ਸ਼ਹਾਦਤ ਕਦੇ ਵੀ ਵਿਅਰਥ ਨਹੀਂ ਜਾਂਦੀ। ਕਿਸੇ ਦੀ ਸ਼ਹਾਦਤ ਕਿੰਨੀ ਮਹਾਨ ਹੈ ਇਸ ਦਾ ਅਨੁਮਾਨ ਉਸ ਤੋਂ ਬਾਅਦ ਉਸ ਦੀ ਵਿਚਾਰਧਾਰਾ ਤੇ ਅਨੁਯਾਈਆਂ ਦੇ ਹਮਾਇਤੀਆਂ ਦੀ ਗਿਣਤੀ ਤੋਂ ਲਾਇਆ ਜਾਂਦਾ ਹੈ। ਸਿੱਖ ਧਰਮ ਦੇ ਬਾਨੀਆਂ ਨੇ ਮਨੁੱਖ ਦੇ ਸਮੁੱਚੇ ਜੀਵਨ ਸੰਘਰਸ਼ ਨੂੰ ਤਿੰਨ ਉਦੇਸ਼ਾਂ ਦੁਆਲੇ ਕੇਂਦਰਿਤ ਕੀਤਾ ਹੈ-

ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਦਸਾਂ ਨਹੁੰਆਂ ਦੀ ਕਮਾਈ ਕਰਨੀ ਹੈ, ਇਸ ਕਿਰਤ-ਕਮਾਈ ਨੂੰ ਆਪਸੀ ਭਾਈਚਾਰੇ ਵਿਚ ਵੰਡ ਕੇ ਛੱਕਣਾ ਹੈ ਅਤੇ ਇਸ ਤਰ੍ਹਾਂ ਆਪਣੀ ਭੁੱਖ ਨੂੰ ਦੂਰ ਕਰਕੇ ਫਿਰ ਪੂਰੀ ਸੰਤੁਸ਼ਟੀ ਨਾਲ ਉਸ ਪਰਮਾਤਮਾ ਦਾ ਨਾਮ ਜਪਣਾ ਹੈ। ਸਿੱਖ ਧਰਮ ਦਾ ਸਮੁੱਚਾ ਸੰਘਰਸ਼ ਅਤੇ ਇਤਿਹਾਸ ਇਸੇ ਹੀ ਸਿਧਾਂਤ ਦੇ ਦੁਆਲੇ ਘੁੰਮਦਾ ਹੈ। ਇਹ ਵੀ ਦੇਖਣਯੋਗ ਹੈ ਕਿ ਸਿੱਖ ਸੰਘਰਸ਼ ਜਦੋਂ ਤੱਕ ਇਸ ਸਿਧਾਂਤ ਦੇ ਦੁਆਲੇ ਕੇਂਦਰਿਤ ਰਿਹਾ ਹੈ ਤਾਂ ਇਸ ਨੂੰ ਸਫ਼ਲਤਾਵਾਂ ਹੀ ਮਿਲੀਆਂ ਹਨ। ਸਿੱਖ ਸ਼ਹੀਦੀਆਂ ਅਤੇ ਸ਼ਹਾਦਤਾਂ ਇਸੇ ਹੀ ਸੰਘਰਸ਼ ਦੀ ਪੈਦਾਵਾਰ ਹਨ। ਇਸ ਤਰ੍ਹਾਂ ਦੇ ਸੰਘਰਸ਼ ਦੀ ਤਿਆਰੀ ਲਈ ਹੀ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਸਮਝਾਇਆ ਸੀ ਕਿ ਜੇਕਰ ਤੈਨੂੰ ਇਸ ਤਰ੍ਹਾਂ ਦੇ ਖੇਲ ਖੇਲ੍ਹਣ ਦਾ ਸ਼ੌਕ ਹੈ ਤਾਂ ਆਪਣੇ ਸਿਰ ਨੂੰ ਵਾਰ ਦੇਣ ਦੇ ਅਹਿਸਾਸ ਨਾਲ ਮੇਰੇ ਕੋਲ ਆ, ਕਿਉਂਕਿ ਜਦੋਂ ਤੂੰ ਇਕ ਵਾਰ ਇਸ ਮਾਰਗ 'ਤੇ ਤੁਰਨ ਦੀ ਸ਼ੁਰੂਆਤ ਕਰ ਦਿੱਤੀ ਤਾਂ ਫਿਰ ਮਰਿਆ ਤਾਂ ਜਾ ਸਕਦਾ ਹੈ ਪਰ ਪਿੱਛੇ ਨਹੀਂ ਮੁੜਿਆ ਜਾ ਸਕਦਾ।



**ਪ੍ਰਭਜੋਤ ਕੌਰ #**

ਸ਼ਹਾਦਤ ਕਦੇ ਵੀ ਵਿਅਰਥ ਨਹੀਂ ਜਾਂਦੀ। ਜੇਕਰ ਸ਼ਹਾਦਤਾਂ ਅਜਾਈਂ ਜਾਂਦੀਆਂ ਹੋਣ ਤਾਂ ਕੋਈ ਸ਼ਹੀਦ ਨਹੀਂ ਹੋਵੇਗਾ। ਹਰ ਕੌਮ 'ਤੇ ਸ਼ਹਾਦਤ ਦਾ ਪ੍ਰਭਾਵ ਪੈਂਦਾ ਹੈ। ਸ਼ਹੀਦ ਦੇ ਡੁੱਲ੍ਹੇ ਖ਼ੂਨ ਵਿਚੋਂ ਸੂਰਮੇਂ ਪੈਦਾ ਹੁੰਦੇ ਹਨ। ਗੁਰੂ ਅਰਜਨ ਸਾਹਿਬ ਜੀ ਨੇ ਆਪਣਾ ਖ਼ੂਨ ਦੇ ਕੇ ਹਜ਼ਾਰਾਂ ਅਤੇ ਲੱਖਾਂ ਦੀ ਗਿਣਤੀ ਵਿਚ ਐਸੇ ਸੂਰਮੇ ਖੜੇ ਕਰ ਦਿੱਤੇ ਸਨ ਜਿੰਨ੍ਹਾਂ ਨੇ ਗੁਰੂ ਹਰਿ-ਗੋਬਿੰਦ ਸਾਹਿਬ ਦੀ ਅਗਵਾਈ ਹੇਠ ਆਪਣੇ ਹੱਥਾਂ ਵਿਚ ਤਲਵਾਰਾਂ ਚੁੱਕ ਕੇ, ਉਸੇ ਹਕੂਮਤ ਨੂੰ ਜੰਗ ਦੀ ਵੰਗਾਰ ਪਾ ਦਿੱਤੀ ਸੀ, ਜਿਸ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕੀਤਾ ਸੀ। ਜਿਸ ਹਕੂਮਤ ਨੇ ਸੋਚਿਆ ਸੀ ਕਿ ਗੁਰੂ ਅਰਜਨ ਜੀ ਦਾ ਪ੍ਰਚਾਰ ਇਸਲਾਮ ਦੀ ਹਕੂਮਤ ਵਿਚ ਵੀ ਲੋਕਾਂ ਨੂੰ ਇਸਲਾਮ ਤੋਂ ਦੂਰ ਲਿਜਾ ਰਿਹਾ ਹੈ ਅਤੇ ਸਿੱਖ ਬਣਾ ਰਿਹਾ ਹੈ। ਉਹੀ ਹਕੂਮਤ ਦੇਖ ਰਹੀ ਸੀ ਕਿ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਇਸਲਾਮ ਨੂੰ ਪੰਜਾਬ ਦੀ ਧਰਤੀ ਤੇ ਠੱਲ੍ਹ ਪੈ ਗਈ ਸੀ ਅਤੇ ਪੰਜਾਬ ਦੇ ਲੋਕ ਧੜਾ-ਧੜ ਸਿੱਖ ਧਰਮ ਦੇ ਪੈਰੋਕਾਰ ਬਣ ਰਹੇ ਸੀ।

ਸ਼ਹੀਦ ਜਿਸ ਕਾਰਜ ਲਈ ਸ਼ਹਾਦਤ ਦੇ ਰਿਹਾ ਹੁੰਦਾ ਹੈ, ਉਹ ਉਸ ਪ੍ਰਤੀ ਪੂਰਨ ਰੂਪ ਵਿਚ ਸਮਰਪਿਤ ਹੁੰਦਾ ਹੈ। ਰਾਜਨੀਤਿਕ ਲਾਭਾਂ ਵਾਸਤੇ ਜ਼ਾਲਮਾਂ ਵੱਲੋਂ ਸਤਾਏ ਲੋਕਾਂ ਦਾ ਕਤਲ ਅਤੇ ਆਪਣੇ ਹਿੱਤ ਜਾਂ ਕੋਈ ਰਾਜਸੀ ਮਕਸਦ ਲਈ ਜੀਵਨ ਦੇਣਾ ਸ਼ਹਾਦਤ ਨਹੀਂ ਕਹਾਉਂਦਾ। ਸ਼ਹੀਦ ਤਾਂ ਉਹ ਹੈ, ਜਿਸ ਨੇ ਆਪਣੀਆਂ ਧਾਰਮਿਕ ਮਾਨਤਾਵਾਂ ਲਈ ਦੁੱਖ ਝੱਲਿਆ ਹੈ। ਸ਼ਹਾਦਤ ਉਹ ਉੱਚਾ ਰੁੱਤਬਾ ਹੈ, ਜੋ ਕਿਸੇ ਵਿਰਲੇ ਇਬਾਬਤ ਕਰਨ ਵਾਲੇ ਸੰਤ ਮਹਾਂਪੁਰਸ਼ ਨੂੰ ਹੀ ਪ੍ਰਾਪਤ ਹੁੰਦਾ ਹੈ। ਸ਼ਹਾਦਤ ਲਈ ਵੱਡੇ ਜਿਗਰੇ ਦੀ ਬਹੁਤ ਲੋੜ ਹੁੰਦੀ ਹੈ, ਜਿਸ ਦੀ ਇਕਾਗਰਤਾ ਉਸ ਪ੍ਰਭੂ ਵਿਚ ਹੋਵੇ ਅਤੇ ਸੰਸਾਰ ਦੇ ਦੁੱਖ-ਸੁੱਖ ਤੋਂ ਉੱਪਰ ਉੱਠ ਚੁੱਕਿਆ ਹੋਵੇ। ਹਰੇਕ ਦੇਸ਼ ਕੌਮ ਦੇ ਸ਼ਹੀਦਾਂ ਦੀ ਗਾਥਾ ਸੁਨਹਿਰੀ ਅੱਖਰਾਂ 'ਚ ਲਿਖੀ ਜਾਂਦੀ ਹੈ। ਸਾਨੂੰ ਆਪਣੇ ਸ਼ਹੀਦਾਂ ਤੇ ਮਹਾਨ ਅਤੇ ਨਾਇਕਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ, ਜਿੰਨ੍ਹਾਂ ਸਦਕਾ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ। ਕਿਸੇ ਸ਼ਾਇਰ ਨੇ ਬਹੁਤ ਹੀ ਸੁੰਦਰ ਲਿਖਿਆ ਹੈ ਕਿ-

ਸ਼ਹੀਦ ਕੀ ਜੋ ਮੌਤ ਹੈ ਵੋ ਕੌਮ ਕੀ ਹਯਾਤ (ਜ਼ਿੰਦਗੀ) ਹੈ।

**# (ਰਿਸਰਚ ਸਕਾਲਰ)**
**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
**ਮੋਬਾਇਲ ਨੰਬ: 97819-25418**

## ਕਾਵਿ ਵਿਅੰਗ

## ਹੋਕਾ ਵਿਰਸੇ ਦਾ !

ਦੌੜਾਂ ਲੱਗੀਆਂ ਸਭ ਦੀਆਂ ਸੁੱਖ ਪਿੱਛੇ
ਐਪਰ ਪੈਂਦੇ ਨੇ ਦੁੱਖ ਵਿਚ ਝੋਲ਼ੀਆਂ ਦੇ।

ਸਿੱਟੇ ਖੁਦ ਬੀਮਾਰ ਹੋ ਭੁਗਤ ਰਹੇ ਆਂ
ਜ਼ਹਿਰਾਂ ਆਪ ਹੀ ਖੇਤਾਂ 'ਚ ਘੋਲ਼ੀਆਂ ਦੇ।

ਦੇਸੀ ਨੁਸਖੇ ਵੀ ਨਾਲ਼ੇ ਹੀ ਖਤਮ ਹੋ ਗਏ
ਮਾਵਾਂ ਨਾਨੀਆਂ ਦਾਦੀਆਂ ਭੋਲ਼ੀਆਂ ਦੇ।

'ਰੈਡੀ ਮੇਡ' ਹੀ ਖਾਣਾ ਹੁਣ ਚਾਹੁੰਦੀਆਂ ਨੇ
ਜੋ ਆਉਂਦੀਆਂ ਬਹਿ ਕੇ ਵਿਚ ਡੋਲ਼ੀਆਂ ਦੇ।

ਖਾਣਾ ਪੀਣਾ ਤੇ ਪਹਿਨਣਾ ਬਦਲ ਕੇ ਜੀ
ਪੈ ਗਏ ਵੱਸ 'ਵਿਟਾਮਨਾਂ-ਗੋਲ਼ੀਆਂ' ਦੇ।

ਹੋਕਾ ਦੇਈ ਜਾਹ ਵਿਰਸੇ ਦੇ ਕਲਮਕਾਰਾ
ਕਿੱਸੇ ਪੜ੍ਹਦਿਆਂ 'ਵਹੀਆਂ' ਫਰੋਲੀਆਂ ਦੇ!



**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਵਿਸ਼ਵ ਰੋਗੀ ਸੁਰੱਖਿਆ ਦਿਵਸ 17 ਸਤੰਬਰ ਲਈ ਵਿਸ਼ੇਸ਼



ਕੁਲਦੀਪ ਚੰਦ
91-9417563054

ਵਿਸ਼ਵ ਰੋਗੀ ਸੁਰੱਖਿਆ ਦਿਵਸ ਮਰੀਜ਼ਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਮਰੀਜ਼ਾਂ, ਸਿਹਤ ਕਰਮਚਾਰੀਆਂ, ਨੀਤੀ ਨਿਰਮਾਤਾਵਾਂ ਅਤੇ ਸਿਹਤ ਸੰਭਾਲ ਨੇਤਾਵਾਂ ਵਿਚਕਾਰ ਜਨਤਕ ਜਾਗਰੂਕਤਾ ਵਧਾਉਣ ਅਤੇ ਸਹਿਯੋਗ ਨੂੰ ਵਧਾਉਣ ਦਾ ਇੱਕ ਮੌਕਾ ਹੈ। ਸਹੀ ਡਾਇਆਗਨੋਜ ਮਰੀਜ਼ ਦੀ ਸਿਹਤ ਸਮੱਸਿਆ ਦੀ ਪਛਾਣ ਕਰਦਾ ਹੈ ਅਤੇ ਉਹਨਾਂ ਨੂੰ ਬਣਦੀ ਦੇਖਭਾਲ ਅਤੇ ਇਲਾਜ ਤੱਕ ਪਹੁੰਚ ਕਰਨ ਦੀ ਕੁੰਜੀ ਹੈ। ਮਰੀਜ਼ਾਂ ਅਤੇ ਉਹਨਾਂ ਦੀਆਂ ਸਿਹਤ ਸੰਭਾਲ ਟੀਮਾਂ ਨੂੰ ਗੁੰਝਲਦਾਰ ਅਤੇ ਕਈ ਵਾਰ ਲੰਬੀ ਡਾਇਗਨੌਸਟਿਕ ਪ੍ਰਕਿਰਿਆ ਨੂੰ ਸਹੀ ਤਰੀਕੇ ਨਾਲ ਮੁਕੰਮਲ ਕਰਨ ਲਈ ਮਿਲਕੇ ਕੰਮ ਕਰਨਾ ਚਾਹੀਦਾ ਹੈ। ਇਸ ਵਿੱਚ ਅੰਤਮ ਡਾਇਆਗਨੋਜ ਅਤੇ ਇਲਾਜ ਤੱਕ ਪਹੁੰਚਣ ਤੋਂ ਪਹਿਲਾਂ ਮਰੀਜ਼ ਨਾਲ ਚਰਚਾ, ਜਾਂਚ ਅਤੇ ਨਤੀਜਿਆਂ ਦੀ ਸਮੀਖਿਆ ਸ਼ਾਮਲ ਹੁੰਦੀ ਹੈ। ਗਲਤੀਆਂ ਕਿਸੇ ਵੀ ਪੜਾਅ ਤੇ ਹੋ ਸਕਦੀਆਂ ਹਨ ਅਤੇ ਇਸਦੇ ਮਹੱਤਵਪੂਰਣ ਨਤੀਜੇ ਹੋ ਸਕਦੇ ਹਨ। ਦੇਰੀ, ਗ਼ਲਤ ਜਾਂ ਅਧੂਰੀ ਡਾਇਆਗਨੋਜ ਰਿਪੋਰਟ ਬਿਮਾਰੀ ਨੂੰ ਲੰਮਾ ਕਰ ਸਕਦੀ ਹੈ ਅਤੇ ਕਈ ਵਾਰ ਅਪੰਗਤਾ ਜਾਂ ਮੌਤ ਦਾ ਕਾਰਨ ਬਣ ਸਕਦੀ ਹੈ।ਇੱਕ ਡਾਇਗਨੌਸਟਿਕ ਦੀ ਗਲਤੀ ਇੱਕ ਮਰੀਜ਼ ਦੀ ਸਿਹਤ ਸਮੱਸਿਆ ਦੀ ਸਹੀ ਅਤੇ ਸਮੇਂ ਸਿਰ ਵਿਆਖਿਆ ਸਥਾਪਤ ਕਰਨ ਵਿੱਚ ਅਸਫਲਤਾ ਹੈ। ਸਿਸਟਮ-ਆਧਾਰਿਤ ਮੁੱਦਿਆਂ ਅਤੇ ਬੋਧਾਤਮਕ ਕਾਰਕਾਂ ਨੂੰ ਸੰਬੋਧਿਤ ਕਰਕੇ ਡਾਇਗਨੌਸਟਿਕ ਸੁਰੱਖਿਆ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਜਾ ਸਕਦਾ ਹੈ। ਪ੍ਰਣਾਲੀਗਤ ਕਾਰਕ ਸੰਗਠਨਾਤਮਕ ਕਮਜ਼ੋਰੀਆਂ ਹਨ ਜੋ ਸਿਹਤ ਕਰਮਚਾਰੀਆਂ ਅਤੇ ਮਰੀਜ਼ਾਂ ਵਿਚਕਾਰ ਸੰਚਾਰ ਅਸਫਲਤਾਵਾਂ, ਭਾਰੀ ਕੰਮ ਦਾ ਬੋਝ, ਅਤੇ ਬੇਅਸਰ ਟੀਮ ਵਰਕ ਸਮੇਤ ਡਾਇਗਨੌਸਟਿਕ ਗਲਤੀਆਂ ਦੀ ਸੰਭਾਵਨਾ ਰੱਖਦੇ ਹਨ। ਬੋਧਾਤਮਕ ਕਾਰਕਾਂ ਵਿੱਚ ਡਾਕਟਰੀ ਸਿਖਲਾਈ ਅਤੇ ਅਨੁਭਵ ਦੇ ਨਾਲ-ਨਾਲ ਪੱਖਪਾਤ, ਥਕਾਵਟ ਅਤੇ ਤਣਾਅ ਦਾ ਰੁਝਾਨ ਸ਼ਾਮਲ ਹੁੰਦਾ ਹੈ। ਵਿਸ਼ਵ ਸਿਹਤ ਸੰਗਠਨ ਡਾਇਗਨੌਸਟਿਕ ਸੁਰੱਖਿਆ ਨੂੰ ਤਰਜੀਹ ਦੇਣ ਅਤੇ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ, ਸੁਰੱਖਿਅਤ ਡਾਇਗਨੌਸਟਿਕ ਮਾਰਗ ਡਿਜ਼ਾਈਨ ਕਰਨ, ਸਹੀ ਫੈਸਲੇ ਲੈਣ ਵਿੱਚ ਸਿਹਤ ਕਰਮਚਾਰੀਆਂ ਦੀ ਸਹਾਇਤਾ ਕਰਨ ਅਤੇ ਪੂਰੀ ਡਾਇਗਨੌਸਟਿਕ ਪ੍ਰਕਿਰਿਆ ਦੌਰਾਨ ਮਰੀਜ਼ਾਂ ਨੂ ਨੂੰਸ਼ਾਮਲਰੇਨ ਲਈ ਇੱਕ ਬਹੁਪੱਖੀ ਪਹੁੰਚ ਅਪਣਾਉਣ ਲਈ ਸਾਰੇ ਹਿੱਸੇਦਾਰਾਂ ਨਾਲ ਕੰਮ ਕਰਨਾ ਜਾਰੀ ਰੱਖੇਗਾ। ਇਹ ਗਲੋਬਲ ਮੁਹਿੰਮ 2016 ਵਿੱਚ ਸ਼ੁਰੂ ਕੀਤੇ ਗਏ ਮਰੀਜ਼ਾਂ ਦੀ ਸੁਰੱਖਿਆ ਤੇ ਸਾਲਾਨਾ ਵਿਸ਼ਵ ਪੱਧਰੀ ਸੰਮੇਲਨਾਂ ਦੀ ਲੜੀ ਦੇ ਨਾਲ-ਨਾਲ ਪ੍ਰਮੁੱਖ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਹਿੱਸੇਦਾਰਾਂ ਦੀ ਉੱਚ-ਪੱਧਰੀ ਵਕਾਲਤ ਅਤੇ ਬਚਨਬੱਧਤਾ ਤੇ ਬਣੀ ਹੈ।ਵਿਸ਼ਵ ਸਿਹਤ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਕਾਰਵਾਈ ਦੀ ਨੀਂਹ ਪੱਥਰ ਦੇ ਬੁਨਿਆਦੀ ਸਿਧਾਂਤ ਵਿੱਚ ਮਜ਼ਬੂਤੀ ਨਾਲ ਆਧਾਰਿਤ ਹੈ। ਇਸਦੇ ਉਦੇਸ਼ ਜਨਤਕ ਜਾਗਰੂਕਤਾ ਅਤੇ ਸ਼ਮੂਲੀਅਤ ਵਧਾਉਣਾ, ਸਮਝਣਾ ਅਤੇ ਮਰੀਜ਼ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਮੈਂਬਰ ਦੇਸ਼ਾਂ ਦੁਆਰਾ ਵਿਸ਼ਵਵਿਆਪੀ ਏਕਤਾ ਅਤੇ ਕਾਰਵਾਈ ਲਈ ਕੰਮ ਕਰਨਾ ਹੈ। ਹਰ ਸਾਲ ਵਿਸ਼ਵ ਰੋਗੀ ਸੁਰੱਖਿਆ ਦਿਵਸ ਲਈ ਇੱਕ ਤਰਜੀਹੀ ਮਰੀਜ਼ ਸੁਰੱਖਿਆ ਖੇਤਰ ਨੂੰ ਉਜਾਗਰ ਕਰਨ ਲਈ ਇੱਕ ਨਵਾਂ ਥੀਮ ਚੁਣਿਆ ਜਾਂਦਾ ਹੈ। ਵਿਸ਼ਵ ਰੋਗੀ ਸੁਰੱਖਿਆ ਦਿਵਸ ਦਾ ਇਸ ਸਾਲ ਲਈ ਥੀਮ "ਮਰੀਜ਼ ਦੀ ਸੁਰੱਖਿਆ ਲਈ ਡਾਇਆਗਨੋਜ ਵਿੱਚ ਸੁਧਾਰ ਕਰਨਾ ਨਾਅਰੇ ਦੇ ਨਾਲਇਸ ਨੂੰ ਸਹੀ ਕਰੋ, ਇਸਨੂੰ ਸੁਰੱਖਿਅਤ ਕਰੋ" ਹੈ ਜੋਕਿ ਮਰੀਜ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਸਿਹਤ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਸਹੀ ਅਤੇ ਸਮੇਂ ਸਿਰ ਡਾਇਆਗਨੋਜ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। ਇਸ ਥੀਮ ਦਾ ਮੁੱਖ ਪਿਛੋਕੜ ਰੋਗੀ ਦੇ ਨੁਕਸਾਨ ਵਿੱਚ ਯੋਗਦਾਨ ਪਾਉਣ ਵਾਲੀਆਂ ਡਾਇਆਗਨੋਜ ਵਿੱਚ ਗਲਤੀਆਂ ਬਾਰੇ ਵਿਸ਼ਵਵਿਆਪੀ ਜਾਗਰੂਕਤਾ ਪੈਦਾ ਕਰਨਾ ਅਤੇ ਸਿਹਤ ਸੰਭਾਲ ਦੇ ਸਾਰੇ ਪੱਧਰਾਂ ਤੇ ਰੋਗੀ ਸੁਰੱਖਿਆ ਨੀਤੀ ਅਤੇ ਕਲੀਨਿਕਲ ਅਭਿਆਸ ਵਿੱਚ ਡਾਇਗਨੌਸਟਿਕ ਸੁਰੱਖਿਆ ਨੂੰ ਪ੍ਰਮੁੱਖਤਾ ਦੇਣਾ, ਨੀਤੀ ਨਿਰਮਾਤਾਵਾਂ, ਸਿਹਤ ਦੇਖ-ਰੇਖ ਦੇ ਨੇਤਾਵਾਂ, ਸਿਹਤ ਕਰਮਚਾਰੀਆਂ, ਮਰੀਜ਼ ਸੰਗਠਨਾਂ ਵਿਚਕਾਰ ਸਹਿਯੋਗ ਨੂੰ ਵਧਾਉਣਾ, ਮਰੀਜ਼ਾਂ ਅਤੇ ਪਰਿਵਾਰਾਂ ਨੂੰ ਬਿਹਤਰ ਬਣਾਉਣ ਲਈ ਸਿਹਤ ਕਰਮਚਾਰੀਆਂ ਅਤੇ ਸਿਹਤ ਦੇਖ-ਰੇਖ ਦੇ ਨੇਤਾਵਾਂ ਨਾਲ ਸਰਗਰਮੀ ਨਾਲ ਜੁੜਨ ਲਈ ਸ਼ਕਤੀ ਪ੍ਰਦਾਨ ਕਰਨਾ ਹੈ। ਇਹ ਵਿਸ਼ਵ ਰੋਗੀ ਸੁਰੱਖਿਆ ਐਕਸ਼ਨ ਪਲਾਨ 2021-2030 ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਲੋੜ ਨੂੰ ਉਜਾਗਰ ਕਰਦੇ ਹਨ। ਗਲੋਬਲ ਐਕਸ਼ਨ ਪਲਾਨ ਦੇਸ਼ਾਂ ਨੂੰ ਅਜਿਹੀਆਂ ਰਣਨੀਤੀਆਂ ਅਪਣਾਉਣ ਲਈ ਉਤਸ਼ਾਹਿਤ ਕਰਦਾ ਹੈ ਜੋ ਡਾਇਗਨੌਸਟਿਕ ਨੂੰ ਘਟਾਉਂਦੀਆਂ ਹਨ। ਇੱਕ ਡਾਇਗਨੌਸਟਿਕ ਗਲਤੀ ਮਰੀਜ਼ ਦੀ ਸਿਹਤ ਸਮੱਸਿਆ ਦੀ ਸਹੀ ਅਤੇ ਸਮੇਂ ਸਿਰ ਵਿਆਖਿਆ ਸਥਾਪਤ ਕਰਨ ਵਿੱਚ ਅਸਫਲਤਾ ਹੈ ਜਿਸ ਵਿੱਚ ਦੇਰੀ ਨਾਲ, ਗ਼ਲਤ, ਜਾਂ ਖੁੰਝੇ ਹੋਏ ਡਾਇਆਗਨੋਜ ਮਰੀਜ਼ ਨੂੰ ਉਸਦੀ ਵਿਆਖਿਆ ਨੂੰ ਸੰਚਾਰ ਕਰਨ ਵਿੱਚ ਅਸਫਲਤਾ ਆਦਿ ਸ਼ਾਮਲ ਹੋ ਸਕਦੇ ਹਨ। ਡਾਇਗਨੌਸਟਿਕ ਗਲਤੀਆਂ ਦੀ ਤੀਬਰਤਾ ਬਹੁਤ ਡੂੰਘੀ ਹੈ ਜੋ ਸਿਹਤ ਲਈ ਲਗਭਗ 16% ਰੋਕਥਾਮਯੋਗ ਨੁਕਸਾਨ ਲਈ ਜ਼ਿੰਮੇਬਾਰ ਹੈ। ਜ਼ਿਆਦਾਤਰ ਬਾਲਗਾਂ ਨੂੰ ਆਪਣੇ ਜੀਵਨ ਕਾਲ ਵਿੱਚ ਘੱਟੋ-ਘੱਟ ਇੱਕ ਡਾਇਗਨੌਸਟਿਕ ਗਲਤੀ ਦਾ ਸਾਹਮਣਾ ਕਰਨ ਦੀ ਸੰਭਾਵਨਾ ਦੇ ਨਾਲ ਕਾਫ਼ੀ ਕੰਮ ਕਰਨ ਦੀ ਲੋੜ ਹੁੰਦੀ ਹੈ। ਪ੍ਰਣਾਲੀਆਂ ਦੀ ਸੋਚ, ਮਨੁੱਖੀ ਕਾਰਕਾਂ ਅਤੇ ਕਿਰਿਆਸ਼ੀਲ ਵਿੱਚ ਜੜ੍ਹਾਂ ਵਾਲੇ ਬਹੁਪੱਖੀ ਦਖਲਅੰਦਾਜ਼ੀ ਦੁਆਰਾ ਡਾਇਗਨੌਸਟਿਕ ਗਲਤੀਆਂ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਾਂ, ਸਿਹਤ ਕਰਮਚਾਰੀਆਂ ਅਤੇ ਸਿਹਤ ਸੰਭਾਲ ਨੇਤਾਵਾਂ ਦੀ ਸ਼ਮੂਲੀਅਤ ਇਸ ਦਖਲਅੰਦਾਜ਼ੀ ਵਿੱਚ ਸ਼ਾਮਲ ਹਨ ਪਰਮਰੀਜ਼ ਦੇ ਪੂਰੇ ਇਤਿਹਾਸ ਦਾ ਪਤਾ ਲਗਾਉਣ, ਪੂਰੀ ਤਰ੍ਹਾਂ ਕਲੀਨਿਕਲ ਜਾਂਚ ਕਰਨ, ਸੁਧਾਰ ਕਰਨ ਤੱਕ ਸੀਮਿਤ ਨਹੀਂ ਹਨ। ਡਾਇਗਨੌਸਟਿਕ ਟੈਸਟਾਂ ਤੱਕ ਪਹੁੰਚ, ਡਾਇਗਨੌਸਟਿਕ ਗਲਤੀਆਂ ਨੂੰ ਮਾਪਣ ਅਤੇ ਸਿੱਖਣ ਲਈ ਤਰੀਕਿਆਂ ਨੂੰ ਲਾਗੂ ਕਰਨਾ ਅਤੇ




ਅਪਣਾਉਣਾਤਕਨਾਲੋਜੀ-ਅਧਾਰਿਤ ਹੱਲ ਹੈ। ਨੀਤੀ ਨਿਰਮਾਤਾਵਾਂ ਅਤੇ ਸਿਹਤ ਦੇਖਭਾਲ ਦੇ ਨੇਤਾਵਾਂ ਨੂੰ ਸਕਾਰਾਤਮਕ ਕੰਮ ਵਾਲੀ ਥਾਂ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਗੁਣਵੱਤਾ ਦੇ ਡਾਇਆਗਨੋਜ ਸਾਧਨ ਪ੍ਰਦਾਨ ਕਰਨੇ ਚਾਹੀਦੇ ਹਨ। ਸਿਹਤ ਕਰਮਚਾਰੀਆਂ ਨੂੰ ਆਪਣੇ ਹੁਨਰਾਂ ਨੂੰ ਲਗਾਤਾਰ ਵਿਕਸਿਤ ਕਰਨ ਅਤੇ ਨਿਰਣੇ ਵਿਚ ਪੱਖਪਾਤ ਨੂੰ ਦੂਰ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਮਰੀਜ਼ਾਂ ਨੂੰ ਉਹਨਾਂ ਦੀ ਡਾਇਗਨੌਸਟਿਕ ਪ੍ਰਕਿਰਿਆ ਦੌਰਾਨ ਸਰਗਰਮੀ ਨਾਲ ਰੁੱਝੇ ਰਹਿਣ ਲਈ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਡਾਇਗਨੌਸਟਿਕ ਪ੍ਰਕਿਰਿਆ ਵਿੱਚ ਮਰੀਜ਼ ਦੀ ਸ਼ੁਰੂਆਤੀ ਪੇਸ਼ਕਾਰੀ ਸਮੇਤ ਬਹੁਤ ਸਾਰੇ ਦੁਹਰਾਏ ਜਾਣ ਵਾਲੇ ਸਟੈਪ ਸ਼ਾਮਲ ਹੁੰਦੇ ਹਨ। ਡਾਇਗਨੌਸਟਿਕ ਟੈਸਟਿੰਗ, ਚਰਚਾ, ਅਤੇ ਨਤੀਜਿਆਂ ਦਾ ਸੰਚਾਰ, ਸਹਿਯੋਗ ਅਤੇ ਤਾਲਮੇਲ, ਫਾਇਨਲ ਡਾਇਆਗਨੋਜ ਅਤੇ ਇਲਾਜ ਯੋਜਨਾ, ਫਾਲੋ-ਅੱਪ ਅਤੇ ਮੁੜ-ਮੁਲਾਂਕਣ ਆਦਿ ਗਲਤੀਆਂ ਕਿਸੇ ਵੀ ਪੜਾਅ ਤੇ ਹੋ ਸਕਦੀਆਂ ਹਨ। ਸਹੀ ਅਤੇ ਸਮੇਂ ਸਿਰ ਡਾਇਆਗਨੋਜ ਲਈ ਮਰੀਜ਼ਾਂ, ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ, ਸਿਹਤ ਕਰਮਚਾਰੀਆਂ, ਸਿਹਤ ਗੁਣਵੱਤਾ-ਮੁਖੀ ਸਿਹਤ ਦੇਖਭਾਲ ਦਾ ਕੇਂਦਰ ਮਰੀਜ਼ ਦੀ ਸੁਰੱਖਿਆ ਹੈ। ਬਹੁਤ ਸਾਰੀਆਂ ਅਣਚਾਹੀਆਂ ਘਟਨਾਵਾਂ ਨੂੰ ਗੱਲਤੀਆਂ ਨਾਲ ਲੱਭਿਆ ਜਾ ਸਕਦਾ ਹੈ ਜੋ ਕਿ ਕਿਰਤ ਦੀ ਵੰਡ ਨੂੰ ਸ਼ਾਮਲ ਕਰਨ ਵਾਲੀਆਂ ਗੁੰਝਲਦਾਰ ਪ੍ਰਕਿਰਿਆਵਾਂ ਦੇ ਨਤੀਜੇ ਵਜੋਂ ਪੈਦਾ ਹੁੰਦੀਆਂ ਹਨ। ਇਸ ਲਈ ਮਰੀਜ਼ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਸਭ ਤੋਂ ਮਹੱਤਵਪੂਰਨ ਸਾਧਨ ਗਲਤੀਆਂ ਤੋਂ ਸਿੱਖਣਾ ਹੈ। ਰੋਗੀ ਸੁਰੱਖਿਆ ਲਈ ਜਰਮਨ ਗੱਠਜੋੜ 2015 ਤੋਂ ਵਿਸ਼ਵ ਰੋਗੀ ਸੁਰੱਖਿਆ ਦਿਵਸ ਲਈ ਇੱਕ ਪਲੇਟਫਾਰਮ ਵਜੋਂ ਆਪਣੇ ਅਨੁਭਵ ਅਤੇ ਨੈੱਟਵਰਕ ਦਾ ਯੋਗਦਾਨ ਦੇ ਰਿਹਾ ਹੈ। ਸਵਿਸ ਫਾਊਂਡੇਸ਼ਨ ਫਾਰ ਪੇਸ਼ੈਂਟ ਸੇਫਟੀ ਅਤੇ ਆਸਟਰੀਅਨ ਪਲੇਟਫਾਰਮ ਫਾਰ ਪੇਸ਼ੈਂਟ ਸੇਫਟੀ ਦੇ ਵਿਚਾਰ ਵਿੱਚ ਸ਼ਾਮਲ ਹੋਏ ਹਨ ਇਸ ਲਈ ਇਹ ਇੱਕ ਬਹੁ-ਦੇਸ਼ੀ ਦਿਵਸ ਸੀ। ਮਰੀਜ਼ ਸੁਰੱਖਿਆ ਦਿਵਸ ਦਾ ਉਦੇਸ਼ ਵੱਡੀ ਗਿਣਤੀ ਵਿੱਚ ਪ੍ਰੋਜੈਕਟਾਂ ਦੇ ਗਿਆਨ ਅਤੇ ਅਨੁਭਵ ਨੂੰ ਸਾਂਝਾ ਕਰਨਾ ਅਤੇ ਅੰਤਰਰਾਸ਼ਟਰੀ ਪੱਧਰ ਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਵਧਾਉਣ ਲਈ ਸੁਝਾਵਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਆਪਣੇ ਪ੍ਰੋਜੈਕਟਾਂ ਦੇ ਨਤੀਜਿਆਂ ਨੂੰ ਪ੍ਰਕਾਸ਼ਿਤ ਕਰਦਾ ਹੈ ਅਤੇ ਉਹਨਾਂ ਨੂੰ ਜਰਮਨ ਸਿਹਤ ਸੰਭਾਲ ਪ੍ਰਣਾਲੀ ਵਿੱਚ ਸਾਰੀਆਂ ਸੰਸਥਾਵਾਂ ਅਤੇ ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਲਈ ਮੁੱਫਤ ਉਪਲਬਧ ਕਰਵਾਉਂਦਾ ਹੈ। ਮਰੀਜ਼ਾਂ ਦੀ ਸੁਰੱਖਿਆ ਇੱਕ ਸਿਹਤ ਸੰਭਾਲ ਅਨੁਸ਼ਾਸਨ ਹੈ ਜੋ ਸਿਹਤ ਸੰਭਾਲ ਪ੍ਰਣਾਲੀਆਂ ਦੀ ਵਧ ਰਹੀ ਗੁੰਝਲਦਾਰਤਾ ਅਤੇ ਸਿਹਤ ਸੰਭਾਲ ਸਹੂਲਤਾਂ ਵਿੱਚ ਮਰੀਜ਼ਾਂ ਦੇ ਨੁਕਸਾਨ ਦੇ ਵਧਣ ਕਾਰਨ ਉਭਰਿਆ ਹੈ। ਪ੍ਰਤੀਕੂਲ ਘਟਨਾਵਾਂ ਕਾਰਨ ਮਰੀਜ਼ਾਂ ਦਾ ਨੁਕਸਾਨ ਵਿਸ਼ਵ ਭਰ ਵਿੱਚ ਰੋਗ ਅਤੇ ਮੌਤ ਦਰ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ। ਇਸ ਸਬੰਧੀ ਉਪਲਬਧ ਸਬੂਤ ਸੁਝਾਅ ਦਿੰਦੇ ਹਨ ਕਿ ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ਾਂ ਵਿੱਚ ਹਸਪਤਾਲ ਵਿੱਚ ਭਰਤੀ ਹੋਣ ਨਾਲ ਸਾਲਾਨਾ ਲੱਗਭੱਗ 134 ਮਿਲੀਅਨ ਪ੍ਰਤੀਕੂਲ ਘਟਨਾਵਾਂ ਵਾਪਰਦੀਆਂ ਹਨ ਜਿਸਦੇ ਨਤੀਜੇ ਵਜੋਂ ਲੱਗਭੱਗ 2.6 ਮਿਲੀਅਨ ਮੌਤਾਂ ਹੁੰਦੀਆਂ ਹਨ। ਉੱਚ-ਆਮਦਨ ਵਾਲੇ ਦੇਸ਼ਾਂ ਵਿੱਚ ਹਸਪਤਾਲ ਵਿੱਚ ਦੇਖਭਾਲ ਪ੍ਰਾਪਤ ਕਰਨ ਦੌਰਾਨ ਲਗਭਗ 10 ਵਿੱਚੋਂ 01 ਮਰੀਜ਼ ਨੂੰ ਨੁਕਸਾਨ ਹੁੰਦਾ ਹੈ।ਮਰੀਜ਼ਾਂ ਦੀ ਸੁਰੱਖਿਆ ਲਈ ਇੱਕ ਸੱਭਿਆਚਾਰ ਬਣਾਉਣ ਲਈ ਮਨੋਵਿਗਿਆਨਕ ਤੌਰ ਤੇ ਸੁਰੱਖਿਅਤ ਟੀਮਾਂ ਦੀ ਲੋੜ ਹੁੰਦੀ ਹੈ। ਮਨੋਵਿਗਿਆਨਕ ਸੁਰੱਖਿਆ ਇੱਕ ਅੰਤਰ-ਵਿਅਕਤੀਗਤ ਨਿਰਮਾਣ ਹੈ ਜੋ ਟੀਮ ਜਾਂ ਸਮੂਹ ਪੱਧਰ ਤੇ ਅਨੁਭਵ ਕੀਤਾ ਜਾਂਦਾ ਹੈ। ਇਹ ਇੱਕ ਅਜਿਹਾ ਮਾਹੌਲ ਹੈ ਜਿੱਥੇ ਲੋਕ ਸ਼ਰਮ ਜਾਂ ਬਦਲੇ ਦੇ ਡਰ ਤੋਂ ਬਿਨਾਂ ਚਿੰਤਾਵਾਂ ਅਤੇ ਗਲਤੀਆਂ ਨੂੰ ਸਾਂਝਾ ਕਰ ਸਕਦੇ ਹਨ। ਇਹ ਸੁਰੱਖਿਅਤ ਵਾਤਾਵਰਣ ਨਾ ਸਿਰਫ਼ ਬੋਲਣ ਦੇ ਯੋਗ ਬਣਾਉਂਦਾ ਹੈ ਜੋਕਿ ਮਰੀਜ਼ ਦੀ ਸੁਰੱਖਿਆ ਲਈ ਸਪਸ਼ਟ ਤੌਰ ਤੇ ਢੁਕਵਾਂ ਹੈ ਸਗੋਂ ਨਵੇਂ ਵਿਚਾਰ ਸਾਂਝੇ ਕਰਨ ਅਤੇ ਸਪੱਸ਼ਟ ਫੀਡ ਬੈਕ ਦੇਣ ਲਈ ਵੀ ਸਮਰੱਥ ਬਣਾਉਂਦਾ ਹੈ। ਮਨੋਵਿਗਿਆਨਕ ਸੁਰੱਖਿਆ ਮਰੀਜ਼ਾਂ ਦੀ ਸੁਰੱਖਿਆ ਸੱਭਿਆਚਾਰ ਅਤੇ ਸਿਹਤ ਸੰਭਾਲ ਸੈਟਿੰਗ ਵਿੱਚ ਗੁਣਵੱਤਾ ਵਿੱਚ ਸੁਧਾਰ ਨੂੰ ਸਮਰੱਥ ਬਣਾਉਣ ਲਈ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਜਰੂਰੀ ਹੈ। ਵਿਸ਼ਵ ਰੋਗੀ ਸੁਰੱਖਿਆ ਦਿਵਸ ਨੀਤੀ ਨਿਰਮਾਤਾਵਾਂ, ਸਿਹਤ ਸੰਭਾਲ ਨੇਤਾਵਾਂ, ਸਿਹਤ ਸੰਭਾਲ ਪੇਸ਼ੇਵਰਾਂ, ਰੋਗੀ ਸੰਸਥਾਵਾਂ, ਸਿਵਲ ਸੁਸਾਇਟੀ, ਅਤੇ ਹੋਰ ਵਿਭਿੰਨ ਹਿੱਸੇਦਾਰਾਂ ਦੀ ਸਰਗਰਮ ਸ਼ਮੂਲੀਅਤ ਲਈ ਵਕਾਲਤ ਕਰਦਾ ਹੈ। ਇਸਦਾ ਇੱਕ ਬੁਨਿਆਦੀ ਟੀਚਾ ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ, ਉਹਨਾਂ ਨੂੰ ਉਹਨਾਂ ਦੀ ਸਿਹਤ ਸੰਭਾਲ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਤਿਆਰ ਕਰਨਾ ਹੈ। ਰੋਗਾਂ ਬਾਰੇ ਚੰਗੀ ਤਰ੍ਹਾਂ ਜਾਣੂ ਅਤੇ ਰੁੱਝੇ ਹੋਏ ਮਰੀਜ਼ ਆਪਣੀ ਦੇਖਭਾਲ ਅਤੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਸਰਗਰਮੀ ਨਾਲ ਹਿੱਸਾ ਲੈ ਕੇ ਸਿਹਤ ਸੰਭਾਲ ਸੁਰੱਖਿਆ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ।ਇਹ ਵਿਸ਼ੇਸ਼ ਦਿਨ ਅਸੁਰੱਖਿਅਤ ਅਭਿਆਸਾਂ ਨੂੰ ਖਤਮ ਕਰਨ ਬਾਰੇ ਜਾਗਰੂਕਤਾ ਪੈਦਾ ਕਰਦਾ ਹੈ ਅਤੇ ਰਾਸ਼ਟਰਾਂ ਨੂੰ ਪ੍ਰੇਰਿਤ ਕਰਦਾ ਹੈ ਤਾਂ ਜੋ ਸੁਰੱਖਿਅਤ ਸਿਹਤ ਸੰਭਾਲ ਸਾਡੀ ਸਾਂਝੀ ਹਕੀਕਤ ਬਣ ਜਾਵੇ। ਭਾਰਤ ਵਿੱਚ ਮਰੀਜ਼ਾਂ ਦੀ ਸੁਰੱਖਿਆ ਅਤੇ ਦੇਖਭਾਲ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਰਾਸ਼ਟਰੀ ਸਿਹਤ ਮਿਸ਼ਨ ਦੇ ਦਾਇਰੇ ਵਿੱਚ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਜਿਵੇਂ ਕਿ ਰਾਸ਼ਟਰੀ ਕੁਆਲਿਟੀ ਐਸ਼ੋਰੈਂਸ ਸਟੈਂਡਰਡ, ਕਾਯਾਕਲਪ, ਲਕਸ਼ਿਆ ਆਦਿ ਸ਼ਾਮਿਲ ਹਨ। ਇਸ ਵਿੱਚ ਮਿਆਰਾਂ ਦਾ ਇੱਕ ਵਿਆਪਕ ਸਮੂਹ ਸ਼ਾਮਲ ਹੈ ਜੋ ਖਾਸ ਤੌਰ ਤੇ ਮਰੀਜ਼ ਸੁਰੱਖਿਆ ਮਾਪਦੰਡਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਦਵਾਈ ਦੀ ਸੁਰੱਖਿਆ, ਸਰਜੀਕਲ ਸੁਰੱਖਿਆ, ਲਾਗ ਦੀ ਰੋਕਥਾਮ ਅਤੇ ਨਿਯੰਤਰਣ, ਮਰੀਜ਼ ਦੀ ਪਛਾਣ ਵਿੱਚ ਸ਼ੁੱਧਤਾ, ਪਛਾਣ ਅਤੇ ਜੋਖਮਾਂ ਨੂੰ ਘਟਾਉਣਾ ਆਦਿ ਸ਼ਾਮਲ ਹਨ।ਪਿਛਲੇ ਸਮੇਂ ਦੌਰਾਨ ਭਾਰਤ ਸਰਕਾਰ ਦੁਆਰਾ ਸਿਹਤ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਇਸ ਲਈ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵਿੱਚ ਸਿਹਤ ਸੇਵਾਵਾਂ ਦਾ ਡਾਇਰੈਕਟੋਰੇਟ ਇੱਕ ਦਸਤਾਵੇਜ਼ ਤਿਆਰ ਕਰ ਰਿਹਾ ਹੈ। ਇਸ ਤੋਂ ਇਲਾਵਾ, ਡਾਕਟਰਾਂ, ਨਰਸਾਂ, ਪ੍ਰਯੋਗਸ਼ਾਲਾ ਤਕਨੀਸ਼ੀਅਨਾਂ ਅਤੇ ਫਾਰਮਾਸਿਸਟਾਂ ਸਮੇਤ ਸਿਹਤ ਸਟਾਫ ਦੇ ਵੱਖ-ਵੱਖ ਕਾਡਰਾਂ ਲਈ ਪਾਠਕ੍ਰਮ ਲਈ ਮਰੀਜ਼ਾਂ ਦੀ ਸੁਰੱਖਿਆ ਬਾਰੇ ਸਿਖਲਾਈ ਦੀ ਲੋੜ ਨੂੰ ਸਮਝਣ ਲਈ ਸੰਚਾਲਨ ਖੋਜ ਨੂੰ ਪੂਰਾ ਕਰ ਲਿਆ ਗਿਆ ਹੈ। ਭਾਰਤ ਸਰਕਾਰ ਨੇ ਗਲੋਬਲ ਮਰੀਜ਼ ਸੇਫਟੀ ਕੋਲੈਬੋਰੇਟਿਵ ਨਾਲ ਹੱਥ ਮਿਲਾਇਆ ਹੈ। ਇਸ ਅੰਤਰ-ਰਾਸ਼ਟਰੀ ਸਹਿਯੋਗੀ ਕਾਰਜ ਦੇ ਹਿੱਸੇ ਵਜੋਂ ਜਿਸ ਵਿੱਚ ਯੂਨਾਈਟਿਡ ਕਿੰਗਡਮ ਦੀ ਸਰਕਾਰ ਅਤੇ ਇੰਪੀਰੀਅਲ ਕਾਲਜ ਲੰਡਨ ਅਕਾਦਮਿਕ ਭਾਈਵਾਲ ਵਜੋਂ ਸ਼ਾਮਲ ਹਨ ਦੇ ਦੱਖਣ-ਪੂਰਬੀ ਏਸ਼ੀਆ ਖੇਤਰ ਵਿੱਚ ਭਾਰਤ ਇੱਕਮਾਤਰ ਦੇਸ਼ ਹੈ ਅਤੇ ਵਿਸ਼ਵ ਪੱਧਰ ਤੇ ਚਾਰ ਦੇਸ਼ਾਂ ਵਿੱਚੋਂ ਇੱਕ ਹੈ ਜਿਸ ਨੂੰ ਤਕਨੀਕੀ ਸਹਾਇਤਾ ਪ੍ਰਾਪਤ ਹੋਵੇਗੀ। ਭਾਰਤ ਵਿੱਚ ਮਰੀਜ਼ਾਂ ਦੀ ਸੁਰੱਖਿਆ ਵਿੱਚ ਤੇਜ਼ੀ ਨਾਲ ਵਿਕਾਸ ਹੋਇਆ ਹੈ ਪਰ ਇਸ ਲਈ ਹੋਰ ਜ਼ਰੂਰਤ ਨੂੰ ਵੀ ਮਾਨਤਾ ਦਿੱਤੀ ਗਈ ਹੈ। ਸਿਹਤ ਭਾਰਤ ਵਿੱਚ ਰਾਜ ਦਾ ਵਿਸ਼ਾ ਹੈ ਇਸ ਲਈ ਕੇਂਦਰ ਸਰਕਾਰ ਦੀਆਂ ਨੀਤੀਗਤ ਪਹਿਲਕਦਮੀਆਂ ਤੋਂ ਇਲਾਵਾ ਵੱਖ-ਵੱਖ ਰਾਜਾਂ ਨੂੰ ਮਰੀਜ਼ਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਵਾਧੂ ਅਤੇ ਠੋਸ ਉਪਾਅ ਕਰਨ ਦੀ ਲੋੜ ਹੈ। ਮਰੀਜ਼ਾਂ ਦੀ ਸੁਰੱਖਿਆ ਅਤੇ ਦੇਖਭਾਲ ਦੇ ਦਖਲਅੰਦਾਜ਼ੀ ਦੀ ਗੁਣਵੱਤਾ ਨੂੰ ਦੇਸ਼ ਵਿੱਚ ਇੱਕਸੁਰ ਹੋਣ ਦੀ ਲੋੜ ਹੈ ਅਤੇ ਸਰਕਾਰੀ ਵਿੱਤੀ ਅਲਾਟਮੈਂਟ ਅਤੇ ਖਰਚੇ ਵਿੱਚ ਵਾਧਾ ਕਰਨ ਦੇ ਨਾਲ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਡਿਜੀਟਲ ਹੈਲਥ ਟੈਕਨਾਲੋਜੀ ਦੀ ਵਰਤੋਂ ਸਬੂਤ ਪੈਦਾ ਕਰਨ ਅਤੇ ਦਖਲਅੰਦਾਜ਼ੀ ਨੂੰ ਤੇਜ਼ ਕਰਨ ਵਿੱਚ ਯੋਗਦਾਨ ਪਾ ਸਕਦੀ ਹੈ ਜਿਸ ਵਿੱਚ ਰਿਕਾਰਡਿੰਗ ਅਤੇ ਰਿਪੋਰਟਿੰਗ ਪ੍ਰਣਾਲੀ ਨੂੰ ਮਜ਼ਬੂਤ ??ਕਰਨਾਸ਼ਾਮਲਹੈ। ਆਯੁਸ਼ਮਾਨ ਭਾਰਤ ਪ੍ਰੋਗਰਾਮ ਦੇ ਦੋਵੇਂ ਹਿੱਸੇ ਸਿਹਤ ਅਤੇ ਤੰਦਰੁਸਤੀ ਕੇਂਦਰ ਅਤੇ ਪ੍ਰਧਾਨ ਮੰਤਰੀ ਜਨ ਆਰੋਗਿਆ ਯੋਜਨਾ ਵਿੱਚ ਇਲਾਜ ਦੇ ਮਿਆਰੀ ਦਿਸ਼ਾ-ਨਿਰਦੇਸ਼ਾਂ ਅਤੇ ਇਲਾਜ ਦੇ ਪ੍ਰਵਾਹ ਦੇ ਨਾਲ-ਨਾਲ ਸਿਹਤ ਸੰਭਾਲ ਸਹੂਲਤਾਂ ਦੀ ਮਾਨਤਾ ਦੇ ਨਾਲ-ਨਾਲ ਮਾਨਤਾ ਦੇਣ ਵਰਗੀਆਂ ਵਿਧੀਆਂ ਰਾਹੀਂ ਦੇਖਭਾਲ ਦੇ ਤਿੰਨੇ ਪੱਧਰਾਂ ਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਦੀ ਸਮਰੱਥਾ ਹੈ।ਇਹ ਭਾਰਤ ਲਈ ਹੋਰਾਂ ਦੇ ਨਾਲ-ਨਾਲ, ਨੀਤੀ ਅਤੇ ਸੁਵਿਧਾ ਦੋਵਾਂ ਪੱਧਰਾਂਤੇ ਸਿਹਤ ਸੰਭਾਲ ਸੇਵਾਵਾਂ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਦੇ ਯਤਨਾਂ ਨਾਲ ਕਈ ਚੱਲ ਰਹੀਆਂ ਪਹਿਲਕਦਮੀਆਂ ਅਤੇ ਸਬੰਧਾਂ ਨੂੰ ਜੋੜਨ ਦਾ ਮੌਕਾ ਹੈ। ਸੁਰੱਖਿਅਤ ਸਿਹਤ ਸੰਭਾਲ ਪਹੁੰਚ ਇਸ ਸਬੰਧੀ ਆ ਰਹੀਆਂ ਰੁਕਾਵਟਾਂ ਨੂੰ ਖਤਮ ਕਰਨ ਵਿੱਚ ਮੱਦਦ ਕਰੇਗੀ ਅਤੇ ਲੋਕਾਂ ਨੂੰ ਸਿਹਤ ਸੰਭਾਲ ਤੱਕ ਛੇਤੀ ਪਹੁੰਚ ਲਈ ਉਤਸ਼ਾਹਿਤ ਕਰੇਗੀ। ਸੁਧਰੀ ਹੋਈ ਰੋਗੀ ਸੁਰੱਖਿਆ ਸਿਹਤ ਦੇਖ-ਰੇਖ ਦੀ ਬਿਹਤਰ ਗੁਣਵੱਤਾ ਦਾ ਅਨਿੱਖੜਵਾਂ ਅੰਗ ਹੈ ਜੋ ਕਿ ਰਾਸ਼ਟਰੀ ਸਿਹਤ ਨੀਤੀ ਅਤੇ ਟਿਕਾਊ ਵਿਕਾਸ ਟੀਚਿਆਂ ਦੇ ਅਨੁਸਾਰ ਵਿਸ਼ਵਵਿਆਪੀ ਸਿਹਤ ਕਵਰੇਜ ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮੱਦਦ ਕਰੇਗੀ।ਵਿਸ਼ਵ ਰੋਗੀ ਸੁਰੱਖਿਆ ਦਿਵਸ ਇਸ ਸਬੰਧੀ ਆਯੋਜਿਤ ਹੋਣ ਵਾਲੀਆਂ ਗਤੀਵਿਧੀਆਂ ਜਿਵੇਂ ਕਿ ਰਾਸ਼ਟਰੀ ਮੁਹਿੰਮਾਂ, ਸੋਸ਼ਲ ਮੀਡੀਆ ਗਤੀਵਿਧੀਆਂ, ਵਕਾਲਤ ਅਤੇ ਤਕਨੀਕੀ ਸਮਾਗਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦਾ ਪ੍ਰਸਤਾਵ ਕਰਦਾ ਹੈ। ਇੱਕ ਮਜ਼ਬੂਤ ਪ੍ਰਾਇਮਰੀ ਅਤੇ ਐਂਬੂਲੇਟਰੀ ਕੇਅਰ ਸੈਕਟਰ ਇਸ ਲਈ ਵਿਕਾਸਸ਼ੀਲ ਅਤੇ ਵਿਕਸਤ ਦੇਸ਼ਾਂ ਦੋਵਾਂ ਵਿੱਚ ਬਹੁਤ ਮਹੱਤਵ ਰੱਖਦਾ ਹੈ।

## ਨਿਆਗਰਾ ਫਾਲ ਓਨਟਾਰੀਓ ਦੇ ਆਈ ਮੇਲੇ ਵਿੱਚ ਕਲਾਕਾਰਾਂ ਲਾਈਆਂ ਰੌਣਕਾਂ, ਹੀਰਾ ਧਾਰੀਵਾਲ ਨੇ 'ਲਵ ਯੂ ਕਨੇਡਾ' ਗੀਤ ਗਾਕੇ ਬੰਨ੍ਹਿਆ ਸਮਾਂ

**ਵੈਨਕੂਵਰ (ਕੁਲਦੀਪ ਚੁੰਬਰ)**-ਆਈ ਮੇਲਾ ਨਿਆਗਰਾ ਫਾਲ ਓਨਟਾਰੀਓ ਕੈਨੇਡਾ ਵਿੱਚ ਹਰ ਸਾਲ ਦੀ ਤਰ੍ਹਾਂ ਧੂਮ ਧਾਮ ਨਾਲ ਬੇਹੱਦ ਸੁਚੱਜੇ ਪ੍ਰਬੰਧਾਂ ਦੀ ਨਿਗਰਾਨੀ ਹੇਠ ਮਨਾਇਆ ਗਿਆ। ਜਿਸ ਵਿੱਚ ਬਹੁਤ ਸਾਰੇ ਸਿੰਗਰਜ ਨੇ ਆਪਣੀ ਆਪਣੀ ਦਮਦਾਰ ਹਾਜ਼ਰੀ ਦੇ ਕੇ ਮੇਲੇ ਵਿੱਚ ਹਾਜ਼ਰੀਨ ਨੂੰ ਸੰਗੀਤਕ ਮਾਹੌਲ ਦਿੱਤਾ । ਇਸ ਮੌਕੇ ਗਾਇਕ ਹੀਰਾ ਧਾਰੀਵਾਲ, ਮਹਿਤਾਬ ਵਿਰਕ, ਰੁਪਿੰਦਰ ਹਾਂਡਾ, ਹੈਰੀ ਸੰਧੂ, ਬੁੱਕਣ ਜੱਟ, ਜੱਸ ਨੂਰ ਸਮੇਤ ਕਈ ਹੋਰ ਗਾਇਕਾਂ ਨੇ ਸਟੇਜ ਤੇ ਆਪਣੇ ਗੀਤਾਂ ਰਾਹੀਂ ਪਰਫਾਰਮ ਕੀਤਾ। ਮੈਨੇਜਮੈਂਟ ਕਮੇਟੀ ਵਿੱਚ ਚੇਅਰਮੈਨ ਬਲਜਿੰਦਰ ਤੰਬੜ, ਕਸ਼ਮੀਰ ਧਾਰਨੀ, ਸੁਖਰਾਜ ਸੰਧੂ (ਸਟੇਜ ਸੈਕਟਰੀ) ਤੇ ਸਾਰੀ





ਮੈਨੇਜਮੈਂਟ ਨੇ ਵਧੀਆ ਪ੍ਰਬੰਧ ਕੀਤਾ। ਇਹ ਮੇਲਾ ਹਰ ਸਾਲ ਮਨਾਇਆ ਜਾਂਦਾ, ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਝੰਡਾ ਵਿਦੇਸ਼ ਵਿੱਚ ਬੁਲੰਦ ਕਰਦਾ ਹੈ। ਹੀਰਾ ਧਾਰੀਵਾਲ ਨੇ 'ਲਵ ਯੂ ਕਨੇਡਾ' ਗੀਤ ਗਾ ਕੇ ਬੜੀ ਵਾਹ ਵਾਹ ਖੱਟੀ ਤੇ ਬਾਕੀ ਹੋਰ ਸਾਰੇ ਸੱਜਣਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ, ਜਿਨਾਂ ਨੇ ਸਾਰੇ ਕਲਾਕਾਰਾਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਹਨਾਂ ਦਾ ਮਾਣ ਸਨਮਾਨ ਕੀਤਾ। ਅੰਤ ਵਿੱਚ ਮੈਨੇਜਮੈਂਟ ਕਮੇਟੀ ਬਲਜਿੰਦਰ ਤੰਬੜ, ਕਸ਼ਮੀਰ ਧਾਰਨੀ, ਸੁਖਰਾਜ ਸੰਧੂ ਸਮੇਤ ਸਾਰੇ ਪ੍ਰਬੰਧਕਾਂ ਨੇ ਮੇਲੇ ਵਿੱਚ ਹਾਜ਼ਰ ਹੋਏ ਸਾਰੇ ਮੇਲੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਲਾਕਾਰਾਂ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜਿਨਾਂ ਨੇ ਆਪਣਾ ਕੀਮਤੀ ਸਮਾਂ ਦੇ ਕੇ ਸੱਭਿਆਚਾਰਕ ਗਾਇਕੀ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ।


ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਪੂਜਾ ਕਿਵੇਂ ਆ, ਮਾਡਲਿੰਗ ਕਰਦੀ ਸੀ

ਲਓ ਜੀ ਇੱਕ ਹੋਰ ਜਪਾਨੀ ਗੁੱਡੀਆ ਦਿਲ ਲੈ ਜਾਣ ਨੂੰ ਤਿਆਰ ਹੈ ਤੇ ਨਾਮ ਓਸ ਦਾ ਪੂਜਾ ਕੌਸ਼ਲ ਹੈ। ਕਪੂਰਥਲਾ ਦੀ ਇਹ ਮਾਡਲ ਫਟਾ ਫਟ ਪੰਜਾਬੀ ਐਲਬਮ ਗੀਤ ਕਰ ਰਹੀ ਹੈ।ਨਾਲ ਹੀ ਹਿੰਦੀ ਸ਼ੋਰਟ ਫ਼ਿਲਮ "ਮੈਡ" ਨਾਲ ਓਹ ਚਰਚਿਤ ਹੋਈ ਹੈ। ਇੱਕ ਪਾਸੇ ਓਸ ਦਾ ਗੀਤ ਮਾਡਲ ਬਣ "ਨਕਾਬ" ਚਲ ਰਿਹਾ ਤੇ ਦੂਜੇ ਪਾਸੇ ਓਸ ਦੀ ਬੀ ਕੇ ਫ਼ਿਲਮਜ਼ ਵੱਲੋਂ ਬਣਾਈ "ਰਾਣੋ 2" ਫ਼ਿਲਮ ਆਈ ਹੋਈ ਹੈ। ਪੂਜਾ ਕੋਲ ਬਬਲੀ ਬਰਾੜ,ਸ਼ੇਰਾ ਦੇ ਗਾਣੇ ਹਨ, ਫ਼ਿਲਮਾਂ ਆ ਰਹੀਆਂ ਹਨ।ਗੱਲ ਕੀ ਪੂਜਾ ਚੜ੍ਹਦੀ ਕਲਾ ਵਿੱਚ ਹੈ, ਰੇਸ਼ਮੀ ਦੁਪੱਟੇ ਨਾਲ ਪੂਜਾ ਆਖਦੇ ਬਹੁਤ ਜਚਦੀ ਹੈ। ਬਿੱਟੂ ਮਾਨ ਵੀ ਪੂਜਾ ਦੀ ਤਰੀਫ ਬਲਵਿੰਦਰ ਕੁਮਾਰ ਨਾਲ ਮਿਲ ਕਰਦਾ ਹੈ।



ਕੁੜੀਆਂ ਨੂੰ ਦੂਰਦਰਸ਼ਨ ਤੇ ਡੀ ਡੀ ਪੰਜਾਬੀ ਤੇ ਮੌਕਾ ਦੇਣ ਵਾਲੇ ਬਲਦੇਵ ਰਾਹੀ ਦਾ ਮੰਤਵ ਕਪਿਲ ਸ਼ਰਮਾ ਸ਼ੋ ਵਿੱਚ ਆ ਹੁਨਰ ਦਿਖਾਉਣਾ ਹੈ।

### ਬਿੱਟੂ ਮਾਨ ਤੇ ਮਾਣ ਹੈ ਪੰਜਾਬੀ ਓ ਟੀ ਟੀ ਨੂੰ

ਬਿੱਟੂ ਮਾਨ ਨੇ ਹਰ ਚੋਟੀ ਦੀ ਸੰਗੀਤ ਕੰਪਨੀ ਨਾਲ ਕੰਮ ਕੀਤਾ ਹੈ।"ਡਰ" "ਰਾਣੋ" "ਜਨੂੰਨ" ਲਘੂ ਫਿਲਮਾਂ ਨਾਲ ਪੰਜਾਬੀ ਓ ਟੀ ਟੀ ਪਲੇਟਫਾਰਮ ਤੇ ਆਪਣਾ ਨਾਮ ਬਤੌਰ ਨਿਰਦੇਸ਼ਕ ਬਣਾ ਲਿਆ ਹੈ। ਸਹਿਜ ਅਵਸਥਾ ਨਾਲ ਚਲ ਕਿ ਅੱਜ ਕਾਮਯਾਬੀ ਤੇ ਬਿੱਟੂ ਮਾਨ ਨੇ ਹੁਣ "ਰਾਣੋ 2" ਰਲੀਜ਼ ਕੀਤੀ ਹੈ। ਬਿੱਟੂ ਮਾਨ ਕੁੱਝ ਹੋਰ ਲਘੂ ਫਿਲਮਾਂ ਦੇ ਬਾਅਦ ਵੱਡੀ ਫ਼ਿਲਮ ਕਰਨਗੇ। ਓਸ ਨੂੰ ਡੋਨ ਸਿਨੇਮਾ ਤੇ ਕੁਵੇਤੀਏ ਬਲਵਿੰਦਰ ਕੁਮਾਰ ਦਾ ਸਹਿਯੋਗ ਹੈ। ਸਿਫਤਾਂ ਬਿੱਟੂ ਦੀਆਂ ਜਦ ਪੂਜਾ ਕੌਸ਼ਲ ਤੇ ਮਹਿਕ ਸ਼ਰਮਾ ਕਰਨ ਤਦ ਫਰਕ ਤਾਂ ਪੈਂਦਾ ਹੈ।



### ਨੀਟੂ ਪੰਧੇਰ ਨੇ ਕੀਤੀ ਮਨਪ੍ਰੀਤ ਕੌਰ ਦੀ ਤਰੀਫ਼



ਨੀਟੂ ਪੰਧੇਰ ਪੰਜਾਬ ਦੇ ਸਟਾਰ ਕਲਾਕਾਰ ਹਨ ਤੇ "ਸਰਦਾਰ ਮੋਹੰਮਦ" ਸਮੇਤ ਓਹ ਅਨੇਕਾਂ ਪੰਜਾਬੀ ਫ਼ਿਲਮਾਂ ਕਰਨ ਵਾਲੇ ਇਹੀ ਨੀਟੂ ਪੰਧੇਰ ਜਿੱਥੇ ਬਹੁਤ ਸਾਰੀਆਂ ਫ਼ਿਲਮਾਂ ਕਰ ਰਹੇ ਹਨ ਓਥੇ ਓਹ ਅਦਾਕਾਰਾ ਮਨਪ੍ਰੀਤ ਕੌਰ ਦੇ ਅਭਿਨੈ ਦੇ ਕਾਇਲ ਹਨ। ਓਹਨਾਂ ਦੀ ਨਜ਼ਰ ਵਿੱਚ ਗਲੈਮਰ ਕਿਰਦਾਰ ਹੋਏ ਤਾਂ ਮਨਪ੍ਰੀਤ ਜਚਦੀ ਹੈ। ਲੁਧਿਆਣਾ ਦੀ ਮਨਪ੍ਰੀਤ ਨੇ ਬਹੁਤ ਸਾਰੇ ਵੀਡਿਓ ਕੀਤੇ ਹਨ ਤੇ ਅਵਤਾਰ ਵਰਮਾ ਵੀ ਅਕਸਰ ਆਪਣੇ ਵੀਡਿਓ ਤੇ ਫ਼ਿਲਮਜ਼ ਵਿੱਚ ਓਸ ਨੂੰ ਲੈਂਦੇ ਹਨ। ਮਨਪ੍ਰੀਤ ਕੌਰ ਨਰਮ ਦਿਲ ਤੇ ਸਹਯੋਗੀ ਐਕਟ੍ਰੈਸ ਹੈ ਤੇ ਤਮੰਨਾ ਹੈ ਕਿ ਨੀਟੂ ਪੰਧੇਰ ਨਾਲ ਆਨ ਸਕ੍ਰੀਨ ਓਸ ਦੀ ਜੋੜੀ ਬਣੇ।

### ਰੁਪਿੰਦਰ ਸਰਾ ਨਿਰੀ ਪੁਰੀ ਐਕਟ੍ਰੈਸ ਲੱਗਦੀ ਹੈ



ਅਫ਼ਸਰ ਬਣ ਨਿਆਂ ਦੇਣਾ ਇਹ ਵੀ ਇੱਕ ਚੰਗੇ ਇਨਸਾਨ ਦਾ ਗੁਣ ਹੈ ਹੈ ਓਹ ਐਸ ਪੀ ਪੰਜਾਬ ਪੁਲਿਸ ਪਰ ਨਿੱਜੀ ਜੀਵਨ ਵਿੱਚ ਕੁਦਰਤ ਨਾਲ ਪਿਆਰ, ਸੈਰ ਸਪਾਟਾ ਤੇ ਰੀਲਾਂ ਨਾਲ ਮੋਹ ਰੱਖਣ ਵਾਲੀ ਰੁਪਿੰਦਰ ਸਰਾ ਸੂਰਤ ਤੇ ਆਕਰਸ਼ਕ ਸਰੀਰਕ ਤੇ ਚਿਹਰੇ ਦੀ ਖਿੱਚ ਤੋ ਐਕਟ੍ਰੈਸ ਲੱਗਦੇ ਹਨ।ਰੂਪੀ ਸਰਾਂ ਇਨਸਾਫ਼ ਦੀ ਦੇਵੀ ਹਨ ਤੇ ਪੰਜਾਬ ਸਰਕਾਰ ਨੂੰ ਇਸ ਹੋਣਹਾਰ ਅਫ਼ਸਰ ਤੇ ਮਾਣ ਹੈ ਤੇ ਰੂਪੀ ਸਰਾ ਹਰਿਆਵਲ ਪ੍ਰੇਮਣ ਹੈ। ਸੋਹਣਾ ਪਹਿਰਾਵਾ, ਸੰਗੀਤ ਨਾਲ ਪਿਆਰ ਤੇ ਸ਼ਲੀਣ ਗੁਣਾਂ ਨਾਲ ਰੁਪਿੰਦਰ ਸਰਾ ਸੱਚਮੁੱਚ ਸਟਾਰ ਐਕਟ੍ਰੈਸ ਤੋ ਵੀ ਵੱਧ ਪ੍ਰਭਾਵਿਤ ਕਰਦੇ ਹਨ।

### ਬਲਦੇਵ ਰਾਹੀ ਦੇ ਬੋਲ ਵਲੈਤੀਆਂ ਨੂੰ ਮੋਹ ਲੈਂਦੇ



ਪੰਜਾਬੀ ਸ਼ੋਰਟ ਫ਼ਿਲਮਾਂ ਦੀ ਭੂਮਿਕਾ ਬਲਦੇਵ ਰਾਹੀ ਬਾਖੂਬ ਘੜਦਾ ਹੈ ਤੇ ਸਟੇਜ ਸੰਚਾਲਨ ਓਹ ਗ਼ਜ਼ਬ ਹੈ। ਓਸ ਤਿੱਖਾ ਸੰਘਰਸ਼ ਕੀਤਾ ਹੈ ਤੇ ਅੱਜ ਕਲ ਓਹ ਕਨੇਡਾ ਸ਼ੋ ਲਾ ਰਿਹਾ ਹੈ। ਬਲਦੇਵ ਰਾਹੀ ਸਤਵਿੰਦਰ ਬਿੱਟੀ ਤੋ ਸੁਰਿੰਦਰ ਲਾਡੀ ਤੱਕ ਦਾ ਚਹੇਤਾ ਸਟੇਜ ਐਂਕਰ ਹੈ। ਬਲਦੇਵ ਰਾਹੀ ਇਸ ਤੋਂ ਇਲਾਵਾ ਮਾਡਲ ਲੜਕੀਆਂ ਨੂੰ ਅੱਗੇ ਲਿਆਉਣ ਵਿੱਚ ਸਰਗਰਮ ਰਹੇ ਹਨ। ਬਹੁਤ ਸਾਰੀਆਂ ਪ੍ਰਤਿਭਾ ਵਾਲੀਆ

### ਅਰਦਾਸ ਸਰਬੱਤ ਦੇ ਭਲੇ ਦੀ

ਚੰਗਾ ਕੰਮ ਕਰੋਗੇ ਤਰੀਫ ਹੋਏਗੀ, ਪਾਪ ਢੱਕੇ ਜਾਣਗੇ,ਗਿੱਪੀ ਗਰੇਵਾਲ ਦੀ "ਅਰਦਾਸ ਸਰਬੱਤ ਦੇ ਭਲੇ ਦੀ" ਫ਼ਿਲਮ ਚਲ ਗਈ ਹੈ। ਕਈ ਕੁਮੈਂਟ ਕਰਦੇ ਕਿ ਅਸ਼ਲੀਲ ਚੁਟਕਲੇ ਟਾਈਪ ਬਣਾ ਫਿਰ ਹੱਜ ਨੂੰ ਜਾਣਾ ਤੇ ਹੁਣ ਗਿੱਪੀ ਗਰੇਵਾਲ ਸਿਆਣੇ ਹੋਏ ਨੇ ਤੇ ਓਹਨਾਂ ਕਿਹਾ ਕਿ ਓਹ ਹੁਣ ਚੰਗੀਆਂ ਫ਼ਿਲਮਾਂ ਹੀ ਕਰਨਗੇ। ਇਹਨਾਂ "ਅਕਾਲ" ਸ਼ੁਰੂ ਕਰਨੀ ਹੈ। ਗੁਰਪ੍ਰੀਤ ਘੁੱਗੀ ਫ਼ਿਲਮ ਵਿੱਚ ਛਾਏ ਹੋਏ ਹਨ। ਗੱਲ ਕਿ ਯਾਤਰਾ ਤੇ ਉਪਦੇਸ਼ ਵਾਲੀ ਇਹ ਫ਼ਿਲਮ ਚਲੀ ਹੈ, ਸਿਹਰਾ "ਬੀਬੀ ਰਜਨੀ" ਨੂੰ ਹੀ ਜਾਂਦਾ ਹੈ।



## ਅੱਧੇ ਦਹਾਕੇ ਨੇੜੇ ਪਹੁੰਚੀ ਦੋਗਾਣਾ ਗਾਇਕੀ ਅੱਜ ਵੀ ਬੁਲੰਦ- ਹਰਪਾਲ ਠੱਠੇਵਾਲਾ ਤੇ ਕੰਵਲਜੀਤ ਕੰਵਲ

ਪੈਂਤੀ ਸਾਲ ਅੱਧੀ ਸਦੀ ਦੇ ਨਜ਼ਦੀਕ ਹੀ ਜਾ ਪੈਂਦੇ ਨੇ ਤੇ ਐਨੇ ਚਿਰ ਤੋਂ ਨਿਰੰਤਰ ਦੋਗਾਣਾ ਗਾਇਕੀ ਹੁਣ ਤੱਕ ਤੇ ਮੇਲਿਆਂ ਵਿੱਚ ਲਗਾਤਾਰ ਤਿੰਨ ਘੰਟੇ ਸਟੇਜ ਕਰਨੀ ਆਪਣੇ ਆਪ ਵਿੱਚ ਵੱਡੀ ਪ੍ਰਾਪਤੀ ਹੈ। ਗਾਇਕ ਜੋੜੀ ਹਰਪਾਲ ਠੱਠੇ ਵਾਲਾ ਤੇ ਕੰਵਲਜੀਤ ਕੰਵਲ ਦੀ ਗੱਲ ਕਰ ਰਹੇ ਹਾਂ ਜਿਹਨਾਂ ਪਿੱਛੇ ਦਿੱਲੀ ਦੀਆਂ ਸੰਗੀਤ ਕੰਪਨੀਆਂ ਨੋਟ ਲਈ ਫਿਰਦੀਆਂ ਰਹੀਆਂ ਕਿ ਇੱਕ ਰਿਕਾਰਡ, ਕੈਸਟ ਸਾਨੂੰ ਰਿਕਾਰਡ ਕਰਵਾ ਦਿਓ। ਹਰਪਾਲ ਬਿਜਲੀ ਬੋਰਡ ਵਿੱਚ ਅਫ਼ਸਰੀ ਕਰਦੇ ਕੰਮ ਵੀ ਲਗਨ ਨਾਲ ਕਰਦੇ ਰਹੇ ਹਨ ਤੇ ਇਲਾਕੇ ਫ਼ਤਹਿਗੜ੍ਹ ਚੂੜੀਆਂ ਵਿਖੇ ਓਹਨਾਂ ਦੀ ਰਿਹਾਇਸ਼ ਹੈ। ਕੰਵਲਜੀਤ ਕੰਵਲ



ਜਿਲ੍ਹਾ ਅੰਮ੍ਰਿਤਸਰ ਦੇ ਪਿੰਡ ਧੂਲਕਾ ਤੋ ਹੈ। ਐਨੇ ਸਾਲ ਇੱਕਠੇ ਗਾਉਣਾ ਪਰ ਰੱਬ ਦੀ ਸੁੱਖ ਨਾਲ ਜੋੜੀ ਕਦੇ ਨਹੀਂ ਟੁੱਟੀ ਤੇ ਬਰਕਰਾਰ ਚਲਦੀ ਆ ਰਹੀ ਹੈ। "ਗਾਨੀ" "ਬਰੀਕ ਚੂੜੀਆਂ" ਤੇ "ਤੜਕ ਚੂੜਾ ਟੁੱਟਿਆ, ਦੋਵਾਂ ਦੇ ਓਹ ਦੋਗਾਣੇ ਨੇ ਜਿਹਨਾਂ ਨਾਲ ਇਹ ਜੋੜੀ ਹਰ ਥਾਂ ਮਕਬੂਲ ਹੋਏ ਦਾ ਪ੍ਰਮਾਣ ਪੱਤਰ ਲੈਂਦੀ ਰਹੀ ਹੈ।" "ਦਿਨ ਗਿਣਵੇਂ ਮਿਨ੍ਹਵੇ" ਤੇ "ਤੜਕ ਚੂੜਾ ਟੁੱਟਿਆ" ਦੋਗਾਣੇ ਖੂਬ ਚਲੇ ਹਨ।"ਤੈਨੂੰ ਸਾਡਾ ਫ਼ਿਕਰ ਨਹੀਂ" ਤੇ "ਬੋਤਲ ਵਰਗਾ" ਹਰਪਾਲ ਠੱਠੇ ਵਾਲਾ ਤੇ ਕੰਵਲਜੀਤ ਕੰਵਲ ਦੇ ਗਾਏ ਓਹ ਦੋਗਾਣੇ ਨੇ ਜਿਹੜਾ ਬੱਸਾਂ ਤੇ ਟਰੱਕਾਂ ਵਿੱਚ ਆਮ ਵਜਦੇ ਰਹੇ ਹਨ। ਲਾਲ ਚੰਦ ਯਮਲਾ ਜੱਟ ਦੇ ਪੁੱਤ ਜਸਦੇਵ ਯਮਲਾ ਦੇ ਸ਼ਗਿਰਦ ਹਰਪਾਲ ਦੱਸਦੇ ਹਨ ਕਿ ਸਾਡੇ ਰਿਕਾਰਡ ਸੰਗੀਤ ਕੰਪਨੀਆਂ ਨੂੰ ਬਹੁਤ ਲਾਭ ਦਿੰਦੇ ਰਹੇ ਹਨ। "ਪੰਜ ਪਾਣੀ" "ਸੁੱਟਾਂ ਤੋੜ ਕਲੀਰੇ" ਦੋਗਾਣੇ ਤਾਂ ਲੋਕਾਂ ਵਾਰ ਵਾਰ ਡੀ ਜੇ ਤੇ ਸੁਣੇ ਤੇ ਓਹਨਾਂ ਤੇ ਰੂਹ ਖੁਸ਼ ਕੀਤੀ ਹੈ। ਗਾਇਕਾ ਕੰਵਲਜੀਤ ਕੰਵਲ ਆਖਦੀ ਏ ਕਿ ਸਟੇਜ ਤੇ ਸਾਡਾ ਅੰਦਾਜ਼ ਲੋਕਾਂ ਨੂੰ ਇਸ ਕਦਰ ਪਸੰਦ ਆਇਆ ਕਿ ਅੱਜ ਵੀ ਓਹ ਠੀਕ ਓਸ ਤਰਾਂ ਹੀ ਲੋਕਾਂ ਦੀ ਕਸੌਟੀ ਤੇ ਖਰੇ ਉੱਤਰ ਰਹੇ ਹਨ। ਵਕਤ ਨਾਲ ਹਰਪਾਲ ਠੱਠੇ ਵਾਲਾ ਨੇ ਕੁੱਝ ਫ਼ਿਲਮਾਂ ਵਿੱਚ ਕੰਮ ਵੀ ਕੀਤਾ ਪਰ ਅਸਲ ਮਜ਼ਾ ਹੁਣ ਆਏਗਾ ਜਦ ਦੋਵਾਂ ਦਾ ਅਖਾੜਾ ਫਿਲਮ "ਮੈ ਤੇਰੀ ਤੂੰ ਮੇਰਾ" ਵਿੱਚ ਦਿਖਾਈ ਦੇਵੇਗਾ ਤੇ ਇਹ ਦੋਵਾਂ ਤੇ ਫ਼ਿਲਮਾਇਆ ਵੀ ਗਿਆ ਹੈ। ਹਰਪਾਲ ਦੱਸਦੇ ਨੇ ਕਿ ਓਹਨਾਂ ਦਾ ਗਾਇਆ ਬਿਰਹਾ ਰੰਗ ਦਾ ਗੀਤ "ਦਗ਼ਾਬਾਜ਼ੀ" ਬਹੁਤ ਮਕਬੂਲ ਹੋਇਆ ਸੀ । ਅੱਜ ਇੰਟਰਨੈੱਟ ਦੇ ਯੁੱਗ ਵਿੱਚ ਵੀ ਦੋਨੋਂ ਹਿੱਟ ਹਨ।ਵਿਆਹ ਸ਼ਾਦੀਆਂ ਤੇ ਅੱਜ ਵੀ ਇਸ ਜੋੜੀ ਦੀ ਮੰਗ ਹੈ। ਹਰਪਾਲ ਠੱਠੇ ਵਾਲਾ ਨੇ ਆਪਣੀ ਫਿੱਟਨੈੱਸ ਕਾਯਮ ਰੱਖੀ ਹੈ ਜਦ ਕਿ ਕੰਵਲਜੀਤ ਕੰਵਲ ਦੀ ਆਵਾਜ਼ ਵਿੱਚ ਉਹੀ ਕਸਿਸ਼ ਹੈ। ਹਰਪਾਲ ਠੱਠੇ ਵਾਲਾ ਮਾਝਾ ਲੋਕ ਗਾਇਕੀ ਯੂਨੀਅਨ ਦੇ ਸਰਬ ਸੰਮਤੀ ਨਾਲ ਪੰਦਰਾਂ ਸਾਲ ਤੋਂ ਪ੍ਰਧਾਨ ਚਲੇ ਆ ਰਹੇ ਹਨ। ਧੀਰੇ ਗਿੱਲ ਦੀ ਫਿਲਮ "ਹਾਏ ਬੀਬੀਏ ਕਿੱਥੇ ਫਸ ਗਏ"ਦੇ ਪ੍ਰਚਾਰ ਇੰਚਾਰਜ ਰਹੇ ਹਰਪਾਲ ਠੱਠੇ ਵਾਲਾ ਨੇ ਕਿਹਾ ਕਿ ਦੇਸ਼ ਵਿਦੇਸ਼ ਓਹਨਾਂ ਦੇ ਸ਼ੋ ਸਦਾ ਸਫਲ ਰਹੇ ਹਨ । ਜਿੱਥੇ ਟਸਰੀਜ਼ ਤੇ ਟਿਪਸ ਸੰਗੀਤ ਕੰਪਨੀਆਂ ਦੀ ਅੱਜ ਵੀ ਇਹ ਜੋੜੀ ਪਸੰਦ ਹੈ ਉਥੇ ਹਰਪਾਲ ਠੱਠੇ ਵਾਲਾ ਤੇ ਕੰਵਲ ਦੋਗਾਣਾ ਗਾਇਕੀ ਵਿੱਚ ਆਖ਼ਰੀ ਸਾਹਾਂ ਤੱਕ ਗਾਉਣ ਦੀ ਗੱਲ ਕਰ ਕਿ ਦੋਗਾਣਾ ਗਾਇਕੀ ਵਿੱਚ ਆਪਣਾ ਰੁਤਬਾ ਕਾਯਮ ਰੱਖਣ ਵਾਲੀ ਗੱਲ ਸਹੀ ਸਾਬਿਤ ਕਰਦੇ ਰਹਿਣਗੇ।

**– ਅੰਮ੍ਰਿਤ ਪਵਾਰ**

# ਅਦਾਕਾਰ ਮਲਕੀਤ ਰੌਣੀ, ਸੀਮਾ ਕੌਸ਼ਲ ਤੇ ਰਵਨੀਤ ਕੌਰ ਪਹੁੰਚੇ ਸਿੱਖ ਨੈਸ਼ਨਲ ਕਾਲਜ ਬੰਗਾ, ਅਰਦਾਸ ਫ਼ਿਲਮ ਦੀ ਕੀਤੀ ਪ੍ਰਮੋਸ਼ਨ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਸਿਨੇਮਾ ਘਰਾਂ 'ਚ ਦਸਤਕ ਦੇਣ ਜਾ ਰਹੀ ਬੇਹੱਦ ਸੰਜੀਦਾ ਫ਼ਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਦੀ ਟੀਮ ਫ਼ਿਲਮ ਦੇ ਮੁੱਖ ਅਦਾਕਾਰਾਂ ਸਮੇਤ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪਹੁੰਚੀ। ਇਸ ਟੀਮ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਉੱਘੇ ਅਦਾਕਾਰ ਮਲਕੀਤ ਸਿੰਘ ਰੌਣੀ, ਮੈਡਮ ਸੀਮਾ ਕੌਸ਼ਲ ਤੇ ਰਵਨੀਤ ਨੂੰ ਕਾਲਜ ਪਹੁੰਚਣ ਤੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਵਿਦਿਆਰਥੀਆਂ ਨਾਲ ਅਦਾਕਾਰਾਂ ਨੂੰ ਰੂ-ਬ-ਰੂ ਕਰਵਾਉਂਦਿਆਂ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਕਿਹਾ ਕਿ ਬਹੁਤ ਮਾਣ ਦੀ ਗੱਲ ਹੈ ਕਿ ਇਨ੍ਹਾਂ ਕਲਾਕਾਰਾਂ ਵੱਲੋਂ ਇੱਕੋ ਲੜੀ ਵਿੱਚ ਅਰਦਾਸ ਵਰਗੀਆਂ ਤਿੰਨ ਫ਼ਿਲਮਾਂ ਬਣਾ ਕੇ ਪੰਜਾਬ ਦੀ ਜਵਾਨੀ ਦੀ ਸੋਚ ਨੂੰ ਹਲੂਣਾ ਦਿੱਤਾ ਹੈ।ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਮਲਕੀਤ ਰੌਣੀ ਨੇ ਜਿੱਥੇ ਫ਼ਿਲਮ ਦੇ ਵਿੱਚ ਛੋਹੇ ਵੱਖ-ਵੱਖ ਵਿਸ਼ਿਆਂ ਤੇ ਪੰਛੀ ਝਾਤ ਪਾਈ ਉੱਥੇ ਸਿੱਖ ਨੈਸ਼ਨਲ ਕਾਲਜ ਨੇ ਸਿੱਖਿਆ ਜਗਤ ਵਿੱਚ ਸਥਾਪਿਤ ਕੀਤੀ ਨਿਵੇਕਲੀ ਪਛਾਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੈਂ ਬਹੁਤ ਵਾਰ ਇਸ ਕਾਲਜ ਅੱਗੋਂ ਲੰਘਿਆ ਪਰ ਅੱਜ ਅਰਦਾਸ ਫ਼ਿਲਮ ਨੇ ਹੀ ਮੇਰੇ ਇਸ ਕਾਲਜ ਆਉਣ ਦੇ ਭਾਗ ਜਗਾਏ ਹਨ। ਮੈਡਮ ਸੀਮਾ ਕੌਸ਼ਲ ਨੇ ਕਿਹਾ ਕਿ ਅੱਜ ਦੇ ਦੌਰ 'ਚ ਆਮ ਇਨਸਾਨਾਂ ਦੀ ਜ਼ਿੰਦਗੀ 'ਚੋਂ ਮਨਫ਼ੀ ਹੋ ਰਹੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਇਹ ਫ਼ਿਲਮ ਉਤਸ਼ਾਹਿਤ ਕਰੇਗੀ। ਇਸ ਮੌਕੇ ਪ੍ਰੋ. ਗੁਰਪ੍ਰੀਤ ਸਿੰਘ ਨੇ ਅਦਾਕਾਰਾਂ ਨੂੰ ਫ਼ਿਲਮ ਲਈ ਸ਼ੁੱਭ-ਇਛਾਵਾਂ ਭੇਟ ਕਰਦਿਆਂ ਕਿਹਾ ਕਿ ਅਰਦਾਸ ਫ਼ਿਲਮ ਦਰਸ਼ਕਾਂ ਨੂੰ ਜ਼ਿੰਦਗੀ ਦਾ ਇੱਕ ਨਵਾਂ ਸਬਕ ਸਿਖਾਉਂਦਿਆਂ ਇੱਕ ਵੱਖਰੇ ਦਿਸਹੱਦੇ ਕਾਇਮ ਕਰੇਗੀ। ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੇ ਸਮੁੱਚੀ ਟੀਮ ਨੂੰ ਇਸ ਫ਼ਿਲਮ ਲਈ ਭਰਵਾਂ ਹੁੰਗਾਰਾ ਦੇਣ ਦਾ ਵਾਅਦਾ ਕੀਤਾ ਤੇ ਬੇਹੱਦ ਸ਼ੌਕ ਨਾਲ ਫ਼ੋਟੋਆਂ ਖਿਚਵਾਈਆਂ।ਇਸ ਮੌਕੇ ਡਾ। ਇੰਦੂ ਰੱਤੀ, ਡਾ. ਕਮਲਦੀਪ ਕੌਰ, ਪਰਮਜੀਤ ਸਿੰਘ ਸਮੇਤ ਕਾਲਜ ਦਾ ਸਮੁੱਚਾ ਸਟਾਫ਼ ਤੇ ਭਰਵੀਂ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।



## .ਗ਼ਜ਼ਲ

ਮਨ 'ਚ ਨਾ ਹੋਈ ਲੋਅ, ਰਿਹਾ ਹਨੇਰਾ ਪਾਲਦਾ,
ਤੂੰ ਰਿਹਾ ਦੀਵੇ ਰਾਹਾਂ ਤੇ, ਸਦੀਆਂ ਤੋਂ ਬਾਲਦਾ।

ਰਿਹਾ ਮੱਥੇ ਟੇਕ-ਟੇਕ, ਰੱਬ ਨੂੰ ਮਨਾਉਂਦਾ ਤੂੰ,
ਲਾਲਚ ਪਿੱਛੇ ਰਿਹਾ ਤੂੰ, ਬਹਾਰਾਂ ਨੂੰ ਟਾਲਦਾ।

ਫੁੱਟ ਪਾਥਾਂ ਤੇ ਸੌਂ ਕੇ ਵੀ, ਤੈਨੂੰ ਸਮਝ ਨਾ ਆਈ,
ਕੈੜ ਨਾ ਛੱਡੀ ਮਨ ਚੋ, ਰਿਹਾ ਸਿਰ ਗਾਲਦਾ।

ਜਾਤ, ਧਰਮਾਂ ਦੀ ਵੰਡ, ਮਾਨਵਤਾ ਵੰਡ ਗਈ,
ਬਲਾਵਾਂ ਆਪ ਸਹੇੜ, ਹੁਣ ਕੀ ਹੈਂ ਭਾਲਦਾ।

ਮੁੱਕੀ ਨਾ ਲੁੱਟ-ਖਸੁੱਟ, ਭੁੱਖਮਰੀ ਤੇ ਫ਼ਾਸਲੇ,
ਹੁਕਮਰਾਨ ਦੇ ਆਟਾ, ਸਮਾਂ ਹੈ ਸੰਭਾਲਦਾ

ਚੰਗਿਆੜੇ ਅੱਗ ਦੇ, ਮਘਦੇ ਨੇ ਦਿਲ ਵਿੱਚ,
ਲੈ ਕੇ ਅੱਗ ਕਿਉਂ ਨਹੀਂ, ਮਨ ਬੱਤੀ ਬਾਲਦਾ।



**– ਰਬਿੰਦਰ ਸ਼ਰਮਾ**
919814667682

VOTE

# Vinod Kumar

Newark City Council

www.Vinodkumarfornewark.org



## Championing Equality and Diversity in our City Government

**VOTE BY MAIL by November 5!**

**Dear Newark Neighbor,**

*As a longtime resident of Newark, and proud parent to children who attended Newark public schools, I am ready to serve our City and champion the needs of residents just like you! Representation Matters in this Election! So, I invite you to join me to bring fresh leadership and community-rooted service to City Hall!*
*Vote VINOD KUMAR for NEWARK CITY COUNCIL!*

Thank you,

**Vinod Kumar**

**VinodKumarforNewark.org**

*Paid for by Vinod Kumar for Newark City Council 2024 I FPPC: 1473599*



**Father, Husband, Small Businessman, and Problem Solver.**
**Ready to Serve OUR CITY of Newark!**

Vinod Kumar has called Newark home over the past 30 years. It is where he raised his 3 children, who all attended Newark public schools.

For more than two decades Vinod has been actively involved in community service leading numerous initiatives that support our neighborhoods and foster inclusivity. As a business owner with experience across the East Bay, he is well versed in the challenges of city planning and economic development

Vinod will bring the "community-oriented leadership" and collaboration that our City Council needs, and our residents deserve.

**Vinod believes in a more livable and affordable Newark. He'll bring fresh leadership and focus to City Hall.**

**RESPONSIVE + EFFICIENT GOVERNMENT SERVICES**
Simplifying permits and supporting city staff to deliver the resources and high quality services that residents deserve. And, building greater trust and relationships between residents, the community, and our city leadership.

**HOUSING AFFORDABILITY**
Fighting for housing of all types, for all incomes through thoughtful planning. Ensuring that Newark can grow in a way that doesn't compromise the things that make it a great place to live.

**PUBLIC SAFETY**
Re-Investing in responsive public safety, restoring fire protection services, and keeping Newark a safe place for residents of all ages.

**CLIMATE + the ENVIRONMENT**
Renewed focus on preserving our wetlands, electrifying our grid, and lowering our carbon footprint as a City and as a community.

**EXCELLENT SCHOOLS, RETAIL, and NEIGHBORHOODS**
Establishing great partnership between city hall and our schools, supporting small businesses, attracting quality retail and restaurant experiences, and maintaining our strong sense of community!

VOTE Vinod Kumar Newark City Council

Learn more at: **VinodKumarForNewark.org**

**VOTE BY MAIL**
**by Election Day NOVEMBER 5, 2024!**

**NSB Insurance**

**NIRMAL SINGH BADHAN**

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928



**RE/MAX Gold**

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834



**Raja SWEETS & CATERING**

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



**Kash FABRICS**

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**ਸਾਡੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

